ਕੌਮਾਂਤਰੀ www.amritsartimes.com
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 24 | Issue 243| 2 to 8 Sept. 2026 | Ph.: (510) 240-5949 | Email: asrtimes@gmail.com

# ‘ਮੱਕਾ ਰੱਖਿਆ ਸਮਝੌਤੇ’ ਦਾ ਕੱਚ-ਸੱਚ

## ਸਾਊਦੀ ਅਰਬ, ਤੁਰਕੀ ਅਤੇ ਪਾਕਿਸਤਾਨ ਵਿਚਕਾਰ ਹੋਏ ਰੱਖਿਆ ਸਮਝੌਤੇ ਦੀ ਮਹੱਤਤਾ ਅਤੇ ਡੂੰਘੇ ਅਰਥ



ਅੰਮ੍ਰਿਤਸਰ ਟਾਈਮਜ਼ ਬਿਊਰੋ

ਇਸਲਾਮ ਦੇ ਪਵਿੱਤਰ ਸ਼ਹਿਰ ‘ਮੱਕਾ’ ਵਿੱਚ ਤਿੰਨ ਇਸਲਾਮੀ ਮੁਲਕਾਂ ਸਾਊਦੀ ਅਰਬ, ਤੁਰਕੀ ਅਤੇ ਪਾਕਿਸਤਾਨ ਵਿਚਕਾਰ ਹੋਏ ਰੱਖਿਆ ਸਮਝੌਤੇ ਨੇ ਪਹਿਲਾਂ ਤੋਂ ਅਸਥਿਰ ਮੱਧ ਪੂਰਬ ਵਿੱਚ ਹੋਰ ਹਲਚਲ ਪੈਦਾ ਕਰ ਦਿੱਤੀ ਹੈ। ਪੱਛਮੀ ਦੇਸ਼ਾਂ ਵੱਲੋਂ ਇਸ ਸਮਝੌਤੇ ਨੂੰ ‘ਇਸਲਾਮਿਕ ਨਾਟੋ’ ਕਿਹਾ ਜਾ ਰਿਹਾ ਹੈ। ਇਸ ਸਮਝੌਤੇ ਤਹਿਤ ਕਿਸੇ ਵੀ ਇੱਕ ਦੇਸ਼ ’ਤੇ ਹਮਲਾ ਤਿੰਨਾਂ ਦੇਸ਼ਾਂ ’ਤੇ ਹਮਲਾ ਮੰਨਿਆ ਜਾਵੇਗਾ। ਲਗਭਗ ‘ਨਾਟੋ’ ਦਾ ਸਿਧਾਂਤ ਵੀ ਅਜਿਹਾ ਹੀ ਹੈ ਸਾਊਦੀ ਅਰਬ, ਤੁਰਕੀ ਅਤੇ ਪਾਕਿਸਤਾਨ ਵੱਲੋਂ ਇਸ ਸਮਝੌਤੇ ਨੂੰ ‘ਮੱਕਾ ਰੱਖਿਆ ਸਮਝੌਤਾ’ ਦਾ ਨਾਂਅ ਦਿੱਤਾ ਗਿਆ ਹੈ। ਇਹ ਤਿੰਨੇ ਮੁਲਕ ਹੁਣ ਇਸ ਸਮਝੌਤੇ ’ਚ ਬੰਗਲਾਦੇਸ਼ ਅਤੇ ਹੋਰ ਇਸਲਾਮੀ ਮੁਲਕਾਂ ਨੂੰ ਵੀ ਸ਼ਾਮਲ ਕਰਨਾ ਚਾਹੁੰਦੇ ਹਨ ਪਰ ਬੰਗਲਾਦੇਸ਼ ਅਤੇ ਹੋਰ ਇਸਲਾਮੀ ਦੇਸ਼ਾਂ ਲਈ ਇਸ ਸਮਝੌਤੇ ’ਚ ਸ਼ਾਮਲ ਹੋਣਾ ਏਨਾ ਆਸਾਨ ਵੀ ਨਹੀਂ ਹੈ, ਕਿਉਂਕਿ ਜਿਹੜੇ ਤਿੰਨ ਇਸਲਾਮੀ ਮੁਲਕਾਂ ਵਿਚਾਲੇ ‘ਮੱਕਾ ਰੱਖਿਆ ਸਮਝੌਤਾ’ ਹੋਇਆ ਹੈ, ਉਹ ਤਿੰਨੇ ਮੁਲਕ ‘ਸੁੰਨੀ’ ਬਹੁਲਤਾ ਵਾਲੇ ਦੇਸ਼ ਹਨ। ਇਸੇ ਕਾਰਨ ਇਸ ਸਮਝੌਤੇ ਨੂੰ ‘ਇਸਲਾਮਿਕ ਨਾਟੋ’ ਕਹਿਣਾ ਸਹੀ ਨਹੀਂ ਹੈ ਕਿਉਂਕਿ ਇਹ ਤਿੰਨ ਸੁੰਨੀ ਦੇਸ਼ਾਂ ਦਾ ਗਠਜੋੜ ਹੈ ਜੋ ਸ਼ੀਆ ਇਰਾਨ ਅਤੇ ਯਹੂਦੀ ਇਜ਼ਰਾਇਲ ਦੀ ਵੱਧਦੀ ਹਮਲਾਵਾਰਤਾ ਤੋਂ ਚਿੰਤਤ ਹਨ।ਇਸ ਸਾਲ ਦੀ ਸ਼ੁਰੂਆਤ ਦੌਰਾਨ ਫ਼ਰਵਰੀ ਮਹੀਨੇ ਸ਼ੁਰੂ ਹੋਈ ਜੰਗ ਤੋਂ ਮੱਧ ਪੂਰਬ ਵਿੱਚ ਜੋ ਉਥਲ-ਪੁਥਲ ਹੋ ਰਹੀ ਹੈ ਉਸੇ ਨੇ ਇਸ ‘ਰੱਖਿਆ ਗਠਜੋੜ’ ਨੂੰ ਬਣਾਉਣ ਲਈ ਮਜਬੂਰ ਕੀਤਾ ਹੈ।ਅਮਰੀਕੀ ਹਮਲੇ ਦੇ ਜਵਾਬ ਵਿੱਚ ਇਰਾਨ ਅਤੇ ਉਸ ਦੇ ਹੂਤੀ ਸਹਿਯੋਗੀਆਂ ਨੇ ਖਾੜੀ ਦੇ ਉਨ੍ਹਾਂ ਦੇਸ਼ਾਂ ਨੂੰ ਨਿਸ਼ਾਨਾ ਬਣਾਇਆ ਜਿੱਥੇ ਅਮਰੀਕੀ ਅੱਡੇ ਹਨ।ਇਰਾਨ ਨੇ ਅਮਰੀਕਾ ਵਿਰੁੱਧ ਜੰਗ ਦੌਰਾਨ ਸਾਊਦੀ ਅਰਬ ਅਤੇ ਯੂ.ਏ.ਈ. ਨੂੰ ਵਿਸ਼ੇਸ਼ ਤੌਰ ’ਤੇ ਆਪਣੇ ਹਮਲਿਆਂ ਦਾ ਨਿਸ਼ਾਨਾ ਬਣਾਇਆ ਹੈ। ਇਸੇ ਦੌਰਾਨ ਇਜ਼ਰਾਇਲ ਵੀ ਹੋਰਨਾਂ ਇਸਲਾਮੀ ਮੁਲਕਾਂ ਲਈ ਵੱਡਾ ਖਤਰਾ ਬਣ ਕੇ ਉਭਰਿਆ ਹੈ, ਜਿਸ ਕਾਰਨ



ਵੱਖ-ਵੱਖ ਇਸਲਾਮੀ ਦੇਸ਼ ਹੁਣ ਨਾਟੋ ਅਤੇ ਯੂ.ਐਨ.ਓ. ਵਰਗਾ ਇਸਲਾਮੀ ਸੰਗਠਨ ਬਣਾਉਣ ਲਈ ਯਤਨ ਕਰਨ ਲੱਗੇ ਹਨ। ‘ਮੱਕਾ ਰੱਖਿਆ ਸਮਝੌਤੇ’ ਨੂੰ ਇਸਲਾਮੀ ਮੁਲਕਾਂ ਦੇ ਅਜਿਹੇ ਯਤਨਾਂ ਦਾ ਨਤੀਜਾ ਹੀ ਮੰਨਿਆ ਜਾ ਰਿਹਾ ਹੈ।

‘ਮੱਕਾ’ ਸਾਊਦੀ ਅਰਬ ਦੇ ਟਿਹਾਮਾਹ ਮੈਦਾਨੀ ਖੇਤਰ ਵਿੱਚ ਇੱਕ ਪ੍ਰਸਿੱਧ ਸ਼ਹਿਰ ਹੈ, ਜੋ ਕਿ ਮੱਕਾ ਰੀਜਨ ਦੀ ਰਾਜਧਾਨੀ ਅਤੇ ਪ੍ਰਸ਼ਾਸਕੀ ਹੈੱਡਕੁਆਰਟਰ ਵੀ ਹੈ ਮੱਕਾ ਸ਼ਹਿਰ ਤੋਂ ਪੂਰੇ ਵਿਸ਼ਵ ਵਿੱਚ ਇਸਲਾਮ ਦਾ ਪ੍ਰਚਾਰ ਹੁੰਦਾ ਹੈ। ਇਸ ਪਵਿੱਤਰ ਧਰਤੀ ’ਤੇ ਤਿੰਨ ਇਸਲਾਮੀ ਮੁਲਕਾਂ ਸਾਊਦੀ ਅਰਬ, ਤੁਰਕੀ ਅਤੇ ਪਾਕਿਸਤਾਨ ਵਿਚਕਾਰ ਰੱਖਿਆ ਸਮਝੌਤਾ ਹੋਣਾ ਡੂੰਘੇ ਅਰਥ ਰੱਖਦਾ ਹੈ ਅਤੇ ਇਸ ਸਮਝੌਤੇ ਦੀ ਆਪਣੀ ਵਿਸ਼ੇਸ਼ ਮਹੱਤਤਾ ਹੈ। ਇਸ ਸਮਝੌਤੇ ਨੇ ਇਹਨਾਂ ਤਿੰਨੇ ਦੇਸ਼ਾਂ ਦੇ ਦੁਸ਼ਮਣ ਮੁਲਕਾਂ ਲਈ ਵੱਡੀ ਚੁਣੌਤੀ ਪੇਸ਼ ਕੀਤੀ ਹੈ।

ਸਾਊਦੀ ਅਰਬ ’ਚ ਹੋਏ ‘ਮੱਕਾ ਰੱਖਿਆ ਸਮਝੌਤੇ’ ’ਤੇ ਸਾਊਦੀ ਅਰਬ ਦੇ ਵਜ਼ੀਰੇ ਆਜ਼ਮ ਅਤੇ ਵਲੀ ਅਹਿਦ (ਸ਼ਹਿਜ਼ਾਦੇ) ਮੁਹੰਮਦ ਬਿਨ ਸਲਮਾਨ, ਤੁਰਕੀ ਦੇ ਸਦਰ (ਰਾਸ਼ਟਰਪਤੀ) ਰੇਸਿਪ ਤਈਅਪ ਅਰਦੋਗਾਂ ਅਤੇ ਪਾਕਿਸਤਾਨ ਦੇ ਵਜ਼ੀਰੇ ਆਜ਼ਮ (ਪ੍ਰਧਾਨ ਮੰਤਰੀ) ਸ਼ਾਹਬਾਜ਼ ਸ਼ਰੀਫ਼ ਨੇ ਦਸਤਖ਼ਤ ਕੀਤੇ ਹਨ। ਤਿੰਨੇ ਮੁਲਕ ਇਸ ਸਮਝੌਤੇ ਤਹਿਤ ਰੱਖਿਆ ਸਹਿਯੋਗ ਦੇ ਨਾਲ- ਨਾਲ ਹੋਰ ਖੇਤਰਾਂ ’ਚ ਵੀ ਇੱਕ-ਦੂਜੇ ਦਾ ਸਾਥ ਦੇਣਗੇ। ਇਸ ਤੋਂ ਇਲਾਵਾ ਇਹ ਸਮਝੌਤਾ ਤਿੰਨ ਮੁਲਕਾਂ ਦਰਮਿਆਨ ਫ਼ੌਜੀ ਸਹਿਯੋਗ ਅਤੇ ਰੱਖਿਆ ਟੈਕਨਾਲੋਜੀ ਦੇ ਆਦਾਨ-ਪ੍ਰਦਾਨ ਦਾ ਸਾਧਨ ਵੀ ਬਣੇਗਾ। ਸਮਝੌਤੇ ਦੇ ਮੈਂਬਰ ਮੁਲਕ ਜੰਗੀ ਸਾਜ਼ੋ-ਸਾਮਾਨ ਦੀ ਤਿਆਰੀ ਲਈ ਸਾਂਝੇ ਪ੍ਰਾਜੈਕਟ ਸਥਾਪਿਤ ਕਰਨਗੇ ਅਤੇ ਆਪੋ-ਅਪਣੀ ਤਕਨੀਕੀ ਮੁਹਾਰਤ ਇੱਕ-ਦੂਜੇ ਨਾਲ ਸਾਂਝੀ ਕਰਨ ਵਿੱਚ ਕੋਈ ਝਿਜਕ ਨਹੀਂ ਦਿਖਾਉਣਗੇ। ਤਿੰਨੇ ਦੇਸ਼ਾਂ ਵਿਚਾਲੇ ਇਹ ਸਮਝੌਤਾ ਉਸ ਸਮੇਂ ਹੋਇਆ ਹੈ ਜਦੋਂ ਗ਼ਾਜ਼ਾ ਨੂੰ ਲੈ ਕੇ ਤੁਰਕੀ ਅਤੇ ਇਜ਼ਰਾਇਲ ਵਿਚਾਲੇ ਤਣਾਅ ਦਿਨੋਂ ਦਿਨ ਹੋਰ ਵਧ ਰਿਹਾ ਹੈ।

ਸਾਊਦੀ ਅਰਬ, ਤੁਰਕੀ ਅਤੇ ਪਾਕਿਸਤਾਨ ਇਸ ਸਮੇਂ ‘ਮੱਕਾ ਰੱਖਿਆ ਸਮਝੌਤੇ’ ਕਾਰਨ ਕਾਫ਼ੀ ਉਤਸ਼ਾਹਿਤ ਹਨ ਅਤੇ ਇਹ ਪ੍ਰਭਾਵ ਦੇਣ ਦਾ ਯਤਨ ਕਰ ਰਹੇ ਹਨ ਕਿ ਜਿਵੇਂ ਇਹਨਾਂ ਤਿੰਨੇ ਦੇਸ਼ਾਂ ਨੇ ਕੋਈ ਵੱਡਾ ਮਾਅਰਕਾ ਮਾਰ ਲਿਆ ਹੈ। ਇਸ ਸਮਝੌਤੇ ਦਾ ਤਿੰਨੇ ਦੇਸ਼ਾਂ ਨੂੰ ਕਿੰਨਾ ਕੁ ਲਾਭ ਹੋਵੇਗਾ ? ਅਤੇ ਵਿਸ਼ਵ ’ਤੇ ਇਸ ਸਮਝੌਤੇ ਦਾ ਕਿੰਨਾ ਕੁ ਅਸਰ ਹੋਵੇਗਾ ? ਇਹ ਤਾਂ ਆਉਣ ਵਾਲੇ ਸਮੇਂ ਵਿੱਚ ਪਤਾ ਲੱਗੇਗਾ।

## ਕੀ ਰੱਖਿਆ ਸਮਝੌਤੇ ਦਾ ਭਾਰਤ ’ਤੇ ਪਵੇਗਾ ਪ੍ਰਭਾਵ ?

ਪਾਕਿਸਤਾਨ ਨੇ ਜਦੋਂ ਤੋਂ ਸਾਊਦੀ ਅਰਬ ਅਤੇ ਤੁਰਕੀ ਨਾਲ ਰੱਖਿਆ ਸਮਝੌਤਾ ਕੀਤਾ ਹੈ, ਉਸ ਤੋਂ ਬਾਅਦ ਉਸ ਵੱਲੋਂ ਵੱਡੀ ਬਿਆਨਬਾਜ਼ੀ ਕੀਤੀ ਜਾ ਰਹੀ ਹੈ ਅਤੇ ਇਹ ਪ੍ਰਭਾਵ ਪਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਹੁਣ ਭਾਰਤ ਵੱਲੋਂ ਪਾਕਿਸਤਾਨ ਵਿਰੁੱਧ ‘ਅਪਰੇਸ਼ਨ ਸੰਧੂਰ’ ਵਰਗੀ ਕਾਰਵਾਈ ਕਰਨੀ ਸੰਭਵ ਨਹੀਂ ਹੋਵੇਗੀ। ਭਾਰਤ ਦੇ ਰਣਨੀਤਕ ਮਾਹਿਰ ਵੀ ਇਹ ਕਹਿ ਰਹੇ ਹਨ ਕਿ ਇਸ ਸਮਝੌਤੇ ਕਾਰਨ ਭਾਰਤ ਨੂੰ ਚਿੰਤਤ ਹੋਣਾ ਚਾਹੀਦਾ ਹੈ ਅਤੇ ਆਪਣੀ ਰੱਖਿਆ ਸ਼ਕਤੀ ਦੇ ਨਾਲ ਨਾਲ ਹਮਲਾਵਾਰਤਾ ਸ਼ਕਤੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਯਤਨ ਕਰਨੇ ਚਾਹੀਦੇ ਹਨ ਤਾਂ ਕਿ ਪਾਕਿਸਤਾਨ ਆਪਣੇ ਮਿੱਤਰ ਇਸਲਾਮੀ ਮੁਲਕਾਂ ਦੇ ਸਹਿਯੋਗ ਨਾਲ ਭਾਰਤ ’ਤੇ ਕੋਈ ਦਬਾਓ ਨਾ ਪਾ ਸਕੇ। ਇੱਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਜਿਹੜੇ ਭਾਰਤੀ ਰਣਨੀਤਿਕ ਮਾਹਿਰ ਹਰ ਪਾਕਿਸਤਾਨੀ ਹਰਕਤ ਜਾਂ ਪੇਸ਼ਕਦਮੀ ਨੂੰ ਹਊਏ ਵਾਂਗ ਪੇਸ਼ ਕਰਦੇ ਆਏ ਹਨ, ਉਨ੍ਹਾਂ ਨੂੰ ਇਹ ਸਮਝੌਤਾ ਪਾਕਿਸਤਾਨ ਦੀ ਇੱਕ ਹੋਰ ਸਫ਼ਾਰਤੀ ਜਿੱਤ ਜਾਪਣਾ ਸੁਭਾਵਿਕ ਹੀ ਹੈ।

ਦੂਜੇ ਪਾਸੇ ਕੁਝ ਹੋਰ ਰਣਨੀਤਿਕ ਮਾਹਿਰ ਇਹ ਕਹਿ ਰਹੇ ਹਨ ਕਿ ਪਾਕਿਸਤਾਨ, ਸਾਊਦੀ ਅਰਬ ਅਤੇ ਤੁਰਕੀ ਵੱਲੋਂ ਕੀਤੇ ਗਏ ਰੱਖਿਆ ਸਮਝੌਤੇ ਨੂੰ ਲੈ ਕੇ ਭਾਰਤ ਨੂੰ ਬਿਲਕੁਲ ਵੀ ਚਿੰਤਾ ਕਰਨ ਦੀ ਲੋੜ ਨਹੀਂ ਹੈ, ਕਿਉਂਕਿ ਸਾਲ ਪਹਿਲਾਂ ਤੱਕ ਸੁੰਨੀਆਂ ਦੀ ਸਰਦਾਰੀ ਲਈ ਰੱਸਾਕਸ਼ੀ ਸਾਊਦੀ ਅਰਬ ਤੇ ਤੁਰਕੀ ਦਰਮਿਆਨ ਸੀ। ਹੁਣ ਇਹ ਸ਼ਰੀਕਪੁਣਾ, ਸਾਂਝ ਭਿਆਲੀ ਵਿੱਚ ਬਦਲ ਗਿਆ ਹੈ ਪਰ ਕੀ ਇਸ ਤੋਂ ਇਹ ਭਾਵ ਲਿਆ ਜਾ ਸਕਦਾ ਹੈ ਕਿ ਸਾਊਦੀ ਤੇਲ ਕਾਰਖ਼ਾਨਿਆਂ ਉੱਤੇ ਅਗਲੇ ਇਰਾਨੀ ਹਮਲੇ ਵੇਲੇ ਤੁਰਕੀ ਤੇ ਪਾਕਿਸਤਾਨ ਇਰਾਨ ਖ਼ਿਲਾਫ਼ ਸਾਂਝੀ ਜਵਾਬੀ ਕਾਰਵਾਈ ਕਰਨਗੇ ? ਅਜਿਹਾ ਮੰਜ਼ਰ, ਫ਼ਿਲਹਾਲ, ਸੰਭਵ ਨਹੀਂ ਜਾਪਦਾ। ਇਸ ਸਮਝੌਤੇ ਵਿੱਚ ਨਾ ਹੀ ਇਹ ਸਪਸ਼ਟ ਕੀਤਾ ਗਿਆ ਹੈ ਕਿ ਤਿੰਨਾਂ ਵਿਚੋਂ ਕਿਸੇ ਇਕ ਉੱਤੇ ‘ਖ਼ਤਰਨਾਕ’ ਹਮਲਾ ਹੋਣ ਦੀ ਸੂਰਤ ਵਿਚ ਕੀ ਪਾਕਿਸਤਾਨ ਆਪਣੇ ਪਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਵਾਸਤੇ ਪਾਬੰਦ ਹੋਵੇਗਾ ਜਾਂ ਨਹੀਂ ?

ਰਣਨੀਤਿਕ ਮਾਹਿਰ ਕਹਿੰਦੇ ਹਨ ਕਿ ਭਾਰਤ ਨੂੰ ਮੱਕਾ ਸਮਝੌਤੇ ਨਾਲ ਜੁੜੀਆਂ ਸੰਭਾਵਨਾਵਾਂ ਪ੍ਰਤੀ ਚੌਕਸ ਜ਼ਰੂਰ ਰਹਿਣਾ ਚਾਹੀਦਾ ਹੈ ਪਰ ਬੇਲੋੜੇ ਪ੍ਰਤੀਕਰਮਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਾਊਦੀ ਅਰਬ, ਤੁਰਕੀ ਅਤੇ ਪਾਕਿਸਤਾਨ ਵਿਚਾਲੇ ਹੋਇਆ ‘ਮੱਕਾ ਸੰਯੁਕਤ ਰੱਖਿਆ ਸਮਝੌਤਾ’ ਭਾਵੇਂ ਭਾਰਤ ਲਈ ਚਿੰਤਾ ਦਾ ਵਿਸ਼ਾ ਹੈ, ਪਰ ਜ਼ਮੀਨੀ ਪੱਧਰ ’ਤੇ ਇਹ ਸਮਝੌਤਾ ਦਾਅਵਿਆਂ ਨਾਲੋਂ ਕਾਫ਼ੀ ਕਮਜ਼ੋਰ ਹੈ। ਇਸ ਸਮਝੌਤੇ ’ਚ ਕਈ ਅਣ-ਸੁਲਝੇ ਸਵਾਲ ਵੀ ਸ਼ਾਮਲ ਹਨ, ਜਿਨ੍ਹਾਂ ਦਾ ਜਵਾਬ ਤਿੰਨੇ ਦੇਸ਼ਾਂ ਦੇ ਮੁਖੀਆਂ ਕੋਲ ਹੀ ਨਹੀਂ ਹੈ। ਭਾਰਤ ਲਈ ਅਜਿਹੇ ਸਮਝੌਤੇ ਕੋਈ ਮਾਅਨਾ ਨਹੀਂ ਰੱਖਦੇ, ਕਿਉਂਕਿ ਭਾਰਤ ਖੁਦ ਵੱਡੀ ਆਰਥਿਕ ਅਤੇ ਸੈਨਿਕ ਸ਼ਕਤੀ ਹੈ।

## ਸਾਰੇ ਤਣਾਅ ਅਤੇ ਵਿਵਾਦਾਂ ਦਾ ਹੱਲ ਗੱਲਬਾਤ ਅਤੇ ਕੂਟਨੀਤੀ ਰਾਹੀਂ ਕੀਤਾ ਜਾਵੇ : ਮੋਦੀ

ਬਿਸ਼ਕੇਕ/ਏ.ਟੀ.ਨਿਊਜ਼ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੰਘਾਈ ਸਹਿਯੋਗ ਸੰਗਠਨ (ਐੱਸ. ਸੀ. ਓ.) ਨੂੰ ਅਪੀਲ ਕੀਤੀ ਹੈ ਕਿ ਉਹ ਦਹਿਸ਼ਤਗਰਦੀ ਨੂੰ ਸਰਕਾਰ ਦੀ ਨੀਤੀ ਵਜੋਂ ਵਰਤਣ ਵਾਲੇ ਦੇਸ਼ਾਂ ਦਾ ਸਾਹਮਣਾ ਕਰੇ ਅਤੇ ਅਤਿਵਾਦੀ ਫੰਡਿੰਗ ਤੇ ਭਰਤੀ ਵਿਰੁੱਧ ਸਾਂਝੀ ਲੜਾਈ ਵਿੱਚ ਦੋਹਰੇ ਮਾਪਦੰਡਾਂ ਨੂੰ ਰੱਦ ਕਰੇ। ਉਨ੍ਹਾਂ ਦੇ ਇਨ੍ਹਾਂ ਬਿਆਨਾਂ ਨੂੰ ਵਿਆਪਕ ਤੌਰ ’ਤੇ ਪਾਕਿਸਤਾਨ ’ਤੇ ਸਿੱਧੇ ਨਿਸ਼ਾਨੇ ਵਜੋਂ ਦੇਖਿਆ ਜਾ ਰਿਹਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਹੋਰ ਕਈ ਆਲਮੀ ਆਗੂਆਂ ਦੀ ਮੌਜੂਦਗੀ ਵਿੱਚ, ਮੋਦੀ ਨੇ ਸਾਲਾਨਾ ਐੱਸ. ਸੀ. ਓ. ਸਿਖਰ ਸੰਮੇਲਨ ਵਿੱਚ ਕਿਹਾ ਕਿ ਇਸ ਸੰਗਠਨ ਨੂੰ ਅਤਿਵਾਦੀ ਫੰਡਿੰਗ, ਭਰਤੀ, ਕੱਟੜਪੰਥੀ ਸੋਚ ਅਤੇ ਸੁਰੱਖਿਅਤ ਟਿਕਾਣਿਆਂ ਦੇ ਪੂਰੇ ਈਕੋਸਿਸਟਮ



ਨੂੰ ਖ਼ਤਮ ਕਰਨ ਲਈ ਇੱਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਪੱਛਮੀ ਏਸ਼ੀਆ ਦੇ ਸੰਕਟ ’ਤੇ ਚਿੰਤਾ ਜ਼ਾਹਿਰ ਕਰਦਿਆਂ ਮੋਦੀ ਨੇ ਕਿਹਾ ਕਿ ਭਾਰਤ ਨੇ ਲਗਾਤਾਰ ਇਹ ਮੰਗ ਕੀਤੀ ਹੈ ਕਿ ਸਾਰੇ ਤਣਾਅ ਅਤੇ ਵਿਵਾਦਾਂ ਦਾ ਹੱਲ ਜੰਗ ਦੇ ਮੈਦਾਨ ਵਿੱਚ ਨਹੀਂ, ਸਗੋਂ ਗੱਲਬਾਤ ਅਤੇ ਕੂਟਨੀਤੀ ਰਾਹੀਂ ਕੀਤਾ ਜਾਣਾ ਚਾਹੀਦਾ ਹੈ। ਚੀਨ ਦੇ ਬੈਲਟ ਐਂਡ ਰੋਡ ਇਨੀਸ਼ਿਏਟਿਵ (ਬੀ ਆਰ ਆਈ) ਦੇ ਸਪੱਸ਼ਟ ਹਵਾਲੇ ਨਾਲ ਪ੍ਰਧਾਨ ਮੰਤਰੀ ਨੇ ਕਿਹਾ ਕਿ ਕੁਨੈਕਟੀਵਿਟੀ ਪ੍ਰਾਜੈਕਟਾਂ ਨੂੰ ਸਾਰੇ ਦੇਸ਼ਾਂ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ, ਕਿਉਂਕਿ ਇਹ ਐੱਸ. ਸੀ. ਓ. ਚਾਰਟਰ ਦੀ ਮੂਲ ਭਾਵਨਾ ਹੈ।

ਮੋਦੀ ਨੇ ਕਿਹਾ, “ਅਤਿਵਾਦ ਪੂਰੀ ਮਨੁੱਖਤਾ ਲਈ ਗੰਭੀਰ ਚੁਣੌਤੀ ਬਣਿਆ ਹੋਇਆ ਹੈ। ਸਾਨੂੰ ਅਤਿਵਾਦੀ ਫੰਡਿੰਗ, ਭਰਤੀ, ਕੱਟੜਪੰਥੀ ਸੋਚ ਅਤੇ ਸੁਰੱਖਿਅਤ ਟਿਕਾਣਿਆਂ ਦੇ ਪੂਰੇ ਈਕੋਸਿਸਟਮ ਨੂੰ ਖ਼ਤਮ ਕਰਨਾ ਹੋਵੇਗਾ। ਸਾਨੂੰ ਇੱਕ ਸੁਰ ਵਿੱਚ ਬੋਲਣਾ ਚਾਹੀਦਾ ਹੈ ਅਤੇ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਇਸ ਗੰਭੀਰ ਮੁੱਦੇ ’ਤੇ ਦੋਹਰੇ ਮਾਪਦੰਡਾਂ ਲਈ ਕੋਈ ਥਾਂ ਨਹੀਂ ਹੋ ਸਕਦੀ।”


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.



# ਨੇਪਾਲ 'ਚ ਹੜ੍ਹਾਂ ਦਾ ਕਹਿਰ
# ਕਹਿਰਵਾਨ ਕਿਉਂ ਹੋਈ ਕੁਦਰਤ?

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਨੇਪਾਲ ਦੇ ਤਿੱਬਤ ਦੀ ਸਰਹੱਦ ਨਾਲ ਲੱਗਦੇ ਰਸੁਵਾ ਜ਼ਿਲ੍ਹੇ ਵਿੱਚ ਅਚਾਨਕ ਆਏ ਹੜ੍ਹਾਂ ਨੇ ਇੱਕ ਵਾਰ ਫਿਰ ਹਿਮਾਲਿਆਈ ਪਹਾੜਾਂ ਵਿੱਚ ਗਲੇਸ਼ੀਅਰ ਝੀਲ ਆਊਟਬਰਸਟ (ਵਿਸਫੋਟਿਕ ਧਮਾਕੇ ਵਾਲੇ) ਹੜ੍ਹ ਦੇ ਵਧ ਰਹੇ ਖ਼ਤਰੇ ਨੂੰ ਉਜਾਗਰ ਕੀਤਾ ਹੈ। ਵਧਦਾ ਤਾਪਮਾਨ, ਤੇਜ਼ੀ ਨਾਲ ਪਿਘਲਦੇ ਗਲੇਸ਼ੀਅਰ ਅਤੇ ਵਧਦੀਆਂ ਗਲੇਸ਼ੀਅਰ ਝੀਲਾਂ ਨੇਪਾਲ ਅਤੇ ਭਾਰਤ ਦੇ ਹਿਮਾਲਿਆਈ ਰਾਜਾਂ ਲਈ ਇੱਕ ਗੰਭੀਰ ਚਿੰਤਾ ਬਣ ਰਹੀਆਂ ਹਨ। ਹਿਮਾਲਿਆਈ ਪਹਾੜਾਂ ਵਿੱਚ ਭੂਚਾਲ ਨਾ ਸਿਰਫ਼ ਜ਼ਮੀਨ ਨੂੰ ਹਿਲਾ ਸਕਦੇ ਹਨ ਸਗੋਂ ਪਹਾੜਾਂ ਦੀਆਂ ਚੋਟੀਆਂ ਤੋਂ ਬਰਫ਼ ਅਤੇ ਚੱਟਾਨਾਂ ਨੂੰ ਵੀ ਹਟਾ ਸਕਦੇ ਹਨ। ਇਹ ਮਲਬਾ ਨਦੀਆਂ ਵਿੱਚ ਡਿੱਗ ਸਕਦਾ ਹੈ, ਉਨ੍ਹਾਂ ਦਾ ਰਸਤਾ ਰੋਕ ਸਕਦਾ ਹੈ, ਜਿਸ ਨਾਲ ਅਚਾਨਕ ਹੜ੍ਹ ਆ ਸਕਦੇ ਹਨ।

ਜ਼ਿਕਰਯੋਗ ਹੈ ਕਿ ਲੰਘੇ ਦਿਨੀਂ ਨੇਪਾਲ ਦੀ ਭੋਟੇਕੋਸ਼ੀ ਨਦੀ ਵਿੱਚ ਅਚਾਨਕ ਆਏ ਹੜ੍ਹ ਕਾਰਨ ਨੇਪਾਲ ਦੇ ਤਿੰਨ ਜ਼ਿਲ੍ਹਿਆਂ ਵਿੱਚ ਭਾਰੀ ਤਬਾਹੀ ਹੋਈ ਹੈ। ਇਸ ਆਫ਼ਤ ਵਿੱਚ ਇੱਕ ਹਜ਼ਾਰ ਦੇ ਕਰੀਬ ਦੀ ਮੌਤ ਹੋ ਗਈ, ਜਦਕਿ ਸੁਰੱਖਿਆ ਬਲਾਂ ਦੇ ਜਵਾਨਾਂ ਅਤੇ ਵਿਦੇਸ਼ੀ ਸੈਲਾਨੀਆਂ ਸਮੇਤ ਹਜ਼ਾਰਾਂ ਵਿਅਕਤੀ ਅਜੇ ਵੀ ਲਾਪਤਾ ਹਨ।ਹਰ ਦਿਨ ਲਾਸ਼ਾਂ ਮਿਲ ਰਹੀਆਂ ਹਨ, ਜਿਸ ਕਾਰਨ ਮ੍ਰਿਤਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਨੇਪਾਲ-ਤਿੱਬਤ ਸਰਹੱਦ 'ਤੇ ਸਥਿਤ ਲਹੇਂਦੇ ਨਦੀ ਵਿੱਚ ਪਾਣੀ ਦੇ ਪੱਧਰ ਵਧਣ ਕਾਰਨ ਹੜ੍ਹ ਦਾ ਪਾਣੀ ਅਤੇ ਮਲਬਾ ਤਿਮੁਰੇ ਵਿਖੇ ਕੋਸ਼ੀ ਨਦੀ ਵਿੱਚੋਂ ਲੰਘਿਆ ਅਤੇ ਤ੍ਰਿਸ਼ੂਲੀ ਨਦੀ ਵਿੱਚ ਫੈਲ ਗਿਆ। ਹੜ੍ਹ ਦਾ ਪਾਣੀ ਬਾਅਦ ਵਿੱਚ ਨੁਵਾਕੋਟ, ਚਿਤਵਾਨ, ਗੋਰਖਾ, ਤਾਨਾਹੁਨ ਅਤੇ ਨਵਲਪਰਾਸੀ ਜ਼ਿਲ੍ਹਿਆਂ ਤੱਕ ਫੈਲ ਗਿਆ। ਰਾਜਧਾਨੀ ਕਾਠਮੰਡੂ ਤੋਂ 70 ਤੋਂ 200 ਕਿਲੋਮੀਟਰ ਦੂਰ ਦੇ ਖੇਤਰ ਹੜ੍ਹ ਤੋਂ ਪ੍ਰਭਾਵਿਤ ਹੋਏ।ਇਸ ਆਫ਼ਤ ਵਿੱਚ ਜਾਨ-ਮਾਲ ਦਾ ਭਾਰੀ ਨੁਕਸਾਨ ਹੋਇਆ ਹੈ। ਇਹ ਹਾਲ ਦੇ ਸਾਲਾਂ ਵਿੱਚ ਨੇਪਾਲ ਵਿੱਚ ਆਈਆਂ ਸਭ ਤੋਂ ਭਿਆਨਕ ਆਫ਼ਤਾਂ ਵਿੱਚੋਂ ਇੱਕ ਹੈ।

ਹੜ੍ਹ ਉਸ ਵੇਲੇ ਆਏ ਜਦੋਂ ਬਰਫ਼ ਖਿਸਕਣ ਕਾਰਨ ਭੋਟੇਕੋਸ਼ੀ ਨਦੀ ਦੀ ਸਹਾਇਕ ਨਦੀ ਲਹੇਂਦੇ ਦਾ ਵਹਾਅ ਰੁਕ ਗਿਆ। ਇਸ ਤੋਂ ਬਾਅਦ ਹੜ੍ਹ ਸਭ ਤੋਂ ਪਹਿਲਾਂ ਚੀਨ ਦੀ ਸਰਹੱਦ ਕੋਲ ਰਸੂਵਾਗੜੀ ਦੇ ਨੇੜੇ ਤਿਮੁਰੇ ਪਹੁੰਚਿਆ। ਸੈਂਕੜੇ ਲੋਕਾਂ ਦੀ ਅਬਾਦੀ ਵਾਲੇ ਇਸ ਇਲਾਕੇ ਦਾ ਵੱਡਾ ਹਿੱਸਾ ਵਹਿ ਗਿਆ ਅਤੇ ਇਸ ਤੋਂ ਬਾਅਦ ਹੜ੍ਹ ਦਾ ਪਾਣੀ ਤੇਜ਼ੀ ਨਾਲ ਥੱਲੇ ਵੱਲ ਵਧਿਆ।ਇਲਾਕੇ ਵਿੱਚ ਬਾਰਿਸ਼ ਦੀ ਕੋਈ ਜਾਣਕਾਰੀ ਨਹੀਂ ਸੀ, ਇਸ ਲਈ ਲੋਕਾਂ ਨੂੰ ਇਸ ਆਫ਼ਤ ਦੀ ਕੋਈ ਚਿਤਾਵਨੀ ਨਹੀਂ ਮਿਲੀ। ਹੜ੍ਹ ਆਉਣ ਵੇਲੇ ਲੋਕ ਰੋਜ਼ਾਨਾ ਦੇ ਕੰਮਾਂ ਵਿੱਚ ਰੁੱਝੇ ਸੀ।

ਵੱਖ- ਵੱਖ ਦਰਿਆਵਾਂ 'ਤੇ ਬਣਾਏ ਗਏ ਡੈਮਾਂ ਨੂੰ ਕਦੇ ਹੜ੍ਹ ਕੰਟਰੋਲ ਉਪਾਅ ਮੰਨਿਆ ਜਾਂਦਾ ਸੀ, ਪਰ ਹੁਣ ਡੈਮਾਂ ਨੂੰ ਹੜ੍ਹਾਂ ਦੇ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਹਾਲਾਂਕਿ, ਹੜ੍ਹਾਂ ਦੇ ਹੋਰ ਵੀ ਕਾਰਨ ਹਨ। ਰੇਤ ਦੀ ਖੁਦਾਈ, ਜੰਗਲਾਂ ਦੀ ਕਟਾਈ, ਨਦੀਆਂ ਦੇ ਆਲੇ-ਦੁਆਲੇ ਜ਼ਮੀਨ ਹੜੱਪਣਾ ਅਤੇ ਨਾਜਾਇਜ਼ ਕਬਜ਼ੇ, ਨਦੀਆਂ ਨੂੰ ਮੋੜਨਾ ਜਾਂ ਮੁੜ-ਰੂਟ ਕਰਨਾ, ਰਵਾਇਤੀ ਜਲ ਸਰੋਤਾਂ ਦੀ ਅਣਦੇਖੀ ਅਤੇ ਜਲਵਾਯੂ ਪਰਿਵਰਤਨ ਨੂੰ ਵੀ ਹੜ੍ਹ ਆਉਣ ਦੇ ਮੁੱਖ ਕਾਰਨ ਮੰਨਿਆ ਜਾਂਦਾ ਹੈ। ਕੁਝ ਦਹਾਕੇ ਪਹਿਲਾਂ ਨਦੀਆਂ ਖਾਲੀ ਜ਼ਮੀਨਾਂ, ਨਾਲਿਆਂ, ਤਲਾਅ ਅਤੇ ਝੀਲਾਂ ਨਾਲ ਘਿਰੀਆਂ ਹੁੰਦੀਆਂ ਸਨ।



ਨਦੀਆਂ ਦੇ ਆਲੇ ਦੁਆਲੇ ਰੁੱਖ, ਪੌਦੇ ਅਤੇ ਛੋਟੀਆਂ ਝਾੜੀਆਂ ਵਧਦੀਆਂ-ਫੁੱਲਦੀਆਂ ਸਨ। ਪਿੰਡਾਂ ਦੇ ਘਰ ਵੀ ਮਿੱਟੀ ਦੇ ਬਣੇ ਹੁੰਦੇ ਸਨ, ਜਿਨ੍ਹਾਂ ਦੇ ਅੱਗੇ ਅਤੇ ਪਿੱਛੇ ਸਬਜ਼ੀਆਂ ਦੇ ਬਗੀਚੇ ਹੁੰਦੇ ਸਨ। ਪਿੰਡਾਂ ਦੇ ਆਲੇ-ਦੁਆਲੇ ਖਾਲੀ ਜ਼ਮੀਨ ਵੀ ਹੁੰਦੀ ਸੀ। ਜੇਕਰ ਹੜ੍ਹ ਆਉਂਦੇ ਵੀ ਸਨ, ਤਾਂ ਵੀ ਉਨ੍ਹਾਂ ਦਾ ਪਾਣੀ ਇਸ ਜ਼ਮੀਨ ਵਿੱਚ ਦਾਖਲ ਹੁੰਦਾ ਸੀ, ਜਿਸ ਨਾਲ ਨਦੀਆਂ ਦਾ ਵਹਾਅ ਹੌਲੀ ਹੋ ਜਾਂਦਾ ਸੀ। ਮੀਂਹ ਦਾ ਪਾਣੀ ਜ਼ਮੀਨ ਵਿੱਚ ਰਿਸਦਾ ਸੀ, ਜਿਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਉੱਚਾ ਹੁੰਦਾ ਸੀ। ਨਤੀਜੇ ਵਜੋਂ, ਉਸ ਸਮੇਂ ਆਉਂਦੇ ਹੜ੍ਹ ਇੰਨਾ ਨੁਕਸਾਨ ਨਹੀਂ ਕਰਦੇ ਸਨ ਪਰ ਹੁਣ ਤਾਂ ਹਲਕੀ ਜਿਹੀ ਬਰਸਾਤ ਪੈਣ ਤੋਂ ਬਾਅਦ ਵੀ ਹੜ੍ਹ ਆ ਜਾਂਦੇ ਹਨ। ਮਨੁੱਖ ਨੂੰ ਸੜਕਾਂ ਚਾਹੀਦੀਆਂ ਹਨ, ਪੁਲ ਚਾਹੀਦੇ ਹਨ, ਸੁਰੰਗਾਂ ਚਾਹੀਦੀਆਂ ਹਨ, ਘਰ ਤੇ ਸ਼ਹਿਰ ਚਾਹੀਦੇ ਹਨ। ਵਿਕਾਸ ਤੋਂ ਪਿੱਛੇ ਹਟਣਾ ਕੋਈ ਹੱਲ ਨਹੀਂ ਪਰ ਵਿਕਾਸ ਅਤੇ ਵਿਨਾਸ਼ ਵਿਚਕਾਰ ਇੱਕ ਬਹੁਤ ਪਤਲੀ ਲਕੀਰ ਹੁੰਦੀ ਹੈ। ਜਦੋਂ ਕਿਸੇ ਪਹਾੜ ਦੀ ਭੂਗੋਲਿਕ ਬਣਤਰ, ਮਿੱਟੀ ਅਤੇ ਕੁਦਰਤੀ ਪਾਣੀ ਦੇ ਵਹਾਅ ਨੂੰ ਸਮਝੇ ਬਿਨਾਂ ਉਸ ਨੂੰ ਕੱਟ ਕੇ ਸੜਕਾਂ ਅਤੇ ਸੁਰੰਗਾਂ ਬਣਾਈਆਂ ਜਾਂਦੀਆਂ ਹਨ ਤਾਂ ਇਹ ਸਿਰਫ਼ ਪੱਥਰ ਹਟਾਉਣ ਦਾ ਕੰਮ ਨਹੀਂ ਹੁੰਦਾ। ਇਸ ਨਾਲ ਪਹਾੜੀ ਢਲਾਣਾਂ ਦੀ ਸਥਿਰਤਾ, ਪਾਣੀ ਦੇ ਕੁਦਰਤੀ ਰਸਤੇ ਅਤੇ ਵਾਤਾਵਰਨ 'ਤੇ ਵੀ ਅਸਰ ਪੈ ਸਕਦਾ ਹੈ। ਸਵਾਲ ਸੜਕਾਂ ਬਣਾਉਣ ਦਾ ਨਹੀਂ, ਸਵਾਲ ਇਹ ਹੈ ਕਿ ਉਹ ਕਿਵੇਂ ਬਣਾਈਆਂ ਜਾ ਰਹੀਆਂ ਹਨ। ਹਿਮਾਲਿਆ ਵਰਗੇ ਸੰਵੇਦਨਸ਼ੀਲ ਪਹਾੜੀ ਖੇਤਰਾਂ ਵਿੱਚ ਮਨੁੱਖੀ ਦਖ਼ਲਅੰਦਾਜ਼ੀ ਬਹੁਤ ਸੋਚ-ਸਮਝ ਕੇ ਹੋਣੀ ਚਾਹੀਦੀ ਹੈ।

ਜਰਮਨ ਰਿਸਰਚ ਸੈਂਟਰ ਫਾਰ ਜੀਓਸਾਇੰਸਿਜ਼ ਨੇ ਕਿਹਾ ਹੈ ਕਿ ਨੇਪਾਲ 'ਚ ਹੜ੍ਹ ਤੋਂ ਲਗਭਗ ਸੱਤ ਮਿੰਟ ਪਹਿਲਾਂ 4.4 ਤੀਬਰਤਾ ਦਾ ਭੂਚਾਲ ਆਇਆ ਸੀ। ਪਲੈਨੇਟ ਲੈਬਜ਼ ਤੋਂ ਸੈਟੇਲਾਈਟ ਇਮੇਜਰੀ ਦੇ ਮੁੱਢਲੇ ਵਿਸ਼ਲੇਸ਼ਣ ਦਾ ਹਵਾਲਾ ਦਿੰਦੇ ਹੋਏ, ਰਾਸ਼ਟਰੀ ਆਫ਼ਤ ਜੋਖਮ ਘਟਾਉਣ ਅਤੇ ਪ੍ਰਬੰਧਨ ਅਥਾਰਟੀ ਨੇ ਰਿਪੋਰਟ ਦਿੱਤੀ ਕਿ ਮਲਬੇ ਨਾਲ ਭਰਿਆ ਹੜ੍ਹ ਲੇਂਡੇ ਨਦੀ ਵਿੱਚ ਬਰਫ਼ ਅਤੇ ਚੱਟਾਨਾਂ ਦੇ ਬਦਲਣ ਕਾਰਨ ਹੋਇਆ ਸੀ।

ਪਲੈਨੇਟ ਲੈਬਜ਼ ਤੋਂ 'ਪਹਿਲਾਂ' ਅਤੇ 'ਬਾਅਦ' ਦੀਆਂ ਤਸਵੀਰਾਂ ਨੇ ਨਦੀ ਦੇ ਆਮ ਰਸਤੇ ਦੇ ਦੋਵਾਂ ਪਾਸਿਆਂ 'ਤੇ ਵਿਆਪਕ ਤਬਾਹੀ ਦਾ ਖੁਲਾਸਾ ਕੀਤਾ। ਅਧਿਕਾਰੀਆਂ ਨੇ ਭੋਟੇ ਕੋਸ਼ੀ ਨਦੀ ਵਿੱਚ ਅਚਾਨਕ ਵਾਧੇ ਦੀ ਰਿਪੋਰਟ ਦਿੱਤੀ, ਜਿਸ ਵਿੱਚ ਨੇਪਾਲ ਦੇ ਰਸੁਵਾ ਅਤੇ ਧਾਡਿੰਗ ਜ਼ਿਲ੍ਹੇ ਤਿੱਬਤ ਦੀ ਸਰਹੱਦ ਨਾਲ ਲੱਗਦੇ ਸਭ ਤੋਂ ਵੱਧ ਪ੍ਰਭਾਵਿਤ ਹੋਏ।

ਕੋਸ਼ੀ ਨਦੀ ਵਿੱਚ ਪਿਛਲੇ ਸਾਲ ਵੀ ਦੋ ਵਾਰ ਭਿਆਨਕ ਹੜ੍ਹ ਆਏ ਸਨ। ਨੇਪਾਲ ਅਤੇ ਤਿੱਬਤ ਦੀ ਸਰਹੱਦ ਨਾਲ ਲੱਗਦੇ ਇਹੀ ਇਲਾਕਾ ਪਿਛਲੇ ਸਾਲ ਅਗਸਤ ਵਿੱਚ ਅਚਾਨਕ ਹੜ੍ਹਾਂ ਨਾਲ ਪ੍ਰਭਾਵਿਤ ਹੋਇਆ ਸੀ। ਉਸ ਸਮੇਂ, ਤਿੱਬਤ ਵਿੱਚ ਇੱਕ ਗਲੇਸ਼ੀਅਰ ਝੀਲ ਭਰ ਗਈ ਸੀ, ਜਿਸ ਨਾਲ 9 ਵਿਅਕਤੀ ਮਾਰੇ ਗਏ ਸਨ ਅਤੇ ਨੇਪਾਲ ਅਤੇ ਚੀਨ ਨੂੰ ਜੋੜਨ ਵਾਲੇ ਇੱਕ ਪੁਲ ਸਮੇਤ ਕਈ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਿਆ ਸੀ।

ਆਫ਼ਤ ਜੋਖਮ ਘਟਾਉਣ ਦੇ ਮਾਹਿਰਾਂ ਦੇ ਅਨੁਸਾਰ, ਨੇਪਾਲ ਵਾਲੇ ਪਾਸੇ ਇੱਕ ਗਲੇਸ਼ੀਅਰ ਤੋਂ ਬਰਫ਼ ਅਤੇ ਚੱਟਾਨਾਂ ਦੇ ਡਿੱਗਣ ਕਾਰਨ ਨਦੀ ਦਾ ਵਹਾਅ ਬੰਦ ਹੋ ਗਿਆ। ਫਿਰ ਇਕੱਠਾ ਹੋਇਆ ਪਾਣੀ ਅਚਾਨਕ ਓਵਰਫਲੋ ਹੋ ਗਿਆ, ਜਿਸ ਨਾਲ ਇੱਕ ਵੱਡਾ ਹੜ੍ਹ ਆਇਆ।ਮਾਹਿਰਾਂ ਦਾ ਕਹਿਣਾ ਹੈ ਕਿ ਪਿਛਲੇ 14 ਮਹੀਨਿਆਂ ਵਿੱਚ ਲਹੇਂਦੇ ਨਦੀ ਵਿੱਚ ਦੂਜਾ ਵੱਡਾ ਹੜ੍ਹ ਹੈ, ਜੋ ਤੇਜ਼ੀ ਨਾਲ ਗਰਮ ਹੋ ਰਹੇ ਹਿਮਾਲਿਆਈ ਖੇਤਰ ਵਿੱਚ ਸਮੇਂ ਸਿਰ ਚਿਤਾਵਨੀ ਪ੍ਰਣਾਲੀਆਂ ਦੀ ਜ਼ਰੂਰਤ ਨੂੰ ਉਜਾਗਰ ਕਰਦਾ ਹੈ।

ਹਿਮਾਲਿਆ ਖੇਤਰ, ਜੋ ਕਿ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਫੈਲਿਆ ਹੋਇਆ ਹੈ, ਜਲਵਾਯੂ ਪਰਿਵਰਤਨ ਕਾਰਨ ਦੁਨੀਆ ਦੇ ਹੋਰ ਹਿੱਸਿਆਂ ਨਾਲੋਂ ਤੇਜ਼ੀ ਨਾਲ ਗਰਮ ਹੋ ਰਿਹਾ ਹੈ। ਖੋਜ ਦਰਸਾਉਂਦੀ ਹੈ ਕਿ ਬਹੁਤ ਜ਼ਿਆਦਾ ਬਾਰਿਸ਼, ਗਰਮੀ ਦੀਆਂ ਲਹਿਰਾਂ, ਹੜ੍ਹ ਅਤੇ ਪਿਘਲਦੇ ਗਲੇਸ਼ੀਅਰ ਵਰਗੀਆਂ ਅਤਿਅੰਤ ਮੌਸਮੀ ਘਟਨਾਵਾਂ ਵਧਦੇ ਤਾਪਮਾਨ ਦੇ ਨਾਲ ਵਧੇਰੇ ਅਕਸਰ ਅਤੇ ਗੰਭੀਰ ਹੁੰਦੀਆਂ ਜਾ ਰਹੀਆਂ ਹਨ।ਇਸ ਸਾਲ ਦੇ ਸ਼ੁਰੂ ਵਿੱਚ ਖੋਜ ਵਿੱਚ ਇਹ ਵੀ ਪਾਇਆ ਗਿਆ ਸੀ ਕਿ ਹਿੰਦੂ ਕੁਸ਼ ਹਿਮਾਲਿਆ ਖੇਤਰ ਵਿੱਚ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ ਅਤੇ ਸਾਲ 2000 ਤੋਂ ਬਾਅਦ ਬਰਫ਼ ਦੇ ਨੁਕਸਾਨ ਦੀ ਦਰ ਦੁੱਗਣੀ ਹੋ ਗਈ ਹੈ। ਮਾਹਿਰਾਂ ਦੇ ਅਨੁਸਾਰ, ਵਧਦਾ ਗਲੋਬਲ ਤਾਪਮਾਨ ਅਤੇ ਜਲਵਾਯੂ ਪਰਿਵਰਤਨ ਇਸ ਬਦਲਾਅ ਦੇ ਮੁੱਖ ਕਾਰਨ ਹਨ।

ਨੇਪਾਲ ਵਿੱਚ ਹਾਲ ਹੀ ਵਿੱਚ ਆਏ ਹੜ੍ਹ ਨੇ ਇਹ ਦਰਸਾਇਆ ਹੈ ਕਿ ਤਿੱਬਤ-ਨੇਪਾਲ ਸਰਹੱਦ 'ਤੇ 4.4 ਤੀਬਰਤਾ ਵਾਲੇ ਭੂਚਾਲ ਨੇ ਇੱਕ ਆਫ਼ਤ ਪੈਦਾ ਕੀਤੀ ਜਿਸ ਕਾਰਨ ਅਚਾਨਕ ਹੜ੍ਹ ਆਏ, ਜਿਸ ਨਾਲ ਨੇਪਾਲ ਦੇ ਕਈ ਪਿੰਡ ਵਹਿ ਗਏ।ਇਹ ਘਟਨਾ ਇੱਕ ਵਾਰ ਫਿਰ ਦੁਨੀਆ ਦਾ ਧਿਆਨ ਭੂਚਾਲ ਦੇ ਪੱਖੋਂ ਸੰਵੇਦਨਸ਼ੀਲ ਹਿਮਾਲਿਆਈ ਖੇਤਰ ਵਿੱਚ ਦੁਨੀਆ ਦੇ ਸਭ ਤੋਂ ਵੱਡੇ ਡੈਮ ਦੀ ਉਸਾਰੀ ਵੱਲ ਖਿੱਚੇਗੀ।ਭਾਰਤ-ਤਿੱਬਤ ਸਰਹੱਦ ਦੇ ਨੇੜੇ ਬਣਾਇਆ ਜਾ ਰਿਹਾ ਇਹ ਪ੍ਰੋਜੈਕਟ, ਇੱਕ 'ਪਾਣੀ ਬੰਬ' ਵਾਂਗ ਕੰਮ ਕਰਦਾ ਹੈ ਜੋ ਭਾਰਤ ਦੇ ਉੱਤਰ-ਪੂਰਬੀ ਖੇਤਰ ਨੂੰ ਡੁੱਬਣ ਅਤੇ ਬੰਗਲਾਦੇਸ਼ ਵਿੱਚ ਹੇਠਾਂ ਵੱਲ ਭਾਰੀ ਤਬਾਹੀ ਮਚਾ ਸਕਦਾ ਹੈ।

## ਇਸਰੋ ਦੀਆਂ ਤਸਵੀਰਾਂ ਨੇ ਖੋਲ੍ਹਿਆ ਭੇਦ

ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੀ ਇੱਕ ਅਹਿਮ ਸ਼ਾਖਾ ਭਾਰਤ ਦੇ ਨੈਸ਼ਨਲ ਰਿਮੋਟ ਸੈਂਸਿੰਗ ਸੈਂਟਰ ਨੇ ਇਸ ਆਫ਼ਤ ਦਾ ਸ਼ੁਰੂਆਤੀ ਸੈਟੇਲਾਈਟ-ਅਧਾਰਿਤ ਮੁਲਾਂਕਣ ਕੀਤਾ ਹੈ।

ਭਾਰਤੀ ਅਤੇ ਅੰਤਰਰਾਸ਼ਟਰੀ ਸੈਟੇਲਾਈਟ ਤਸਵੀਰਾਂ ਦੀ ਵਰਤੋਂ ਕਰਕੇ ਐੱਨ.ਆਰ.ਐੱਸ.ਸੀ. ਦੇ ਮੁਲਾਂਕਣ ਮੁਤਾਬਕ, ਇਹ ਆਫ਼ਤ ਤਿੱਬਤ ਦੇ ਉੱਚੇ ਪਹਾੜਾਂ 'ਚ ਸ਼ੁਰੂ ਹੋਈ ਲੱਗਦੀ ਹੈ। ਸ਼ੁਰੂਆਤੀ ਅਨੁਮਾਨ ਦੱਸਦੇ ਹਨ ਕਿ 4.9 ਤੀਬਰਤਾ ਦੇ ਭੂਚਾਲ ਦੇ ਕਾਰਨ ਸਰਕ ਗਲੇਸ਼ੀਅਰ ਦਾ ਇੱਕ ਹਿੱਸਾ ਢਹਿ ਗਿਆ ਹੋਵੇਗਾ। ਇਸ ਦੇ ਢਹਿਣ ਕਾਰਨ ਬਰਫ਼ ਅਤੇ ਚੱਟਾਨਾਂ ਦਾ ਇੱਕ ਵੱਡਾ ਹਿਮਖੰਡ ਹੋਇਆ ਜੋ ਤੇਜ਼ੀ ਨਾਲ ਪਹਾੜ ਦੀ ਖੜ੍ਹੀ ਘਾਟੀ ਤੋਂ ਹੇਠਾਂ ਡਿੱਗ ਪਿਆ।

ਮੰਨਿਆ ਜਾਂਦਾ ਹੈ ਕਿ ਬਰਫ਼ ਖਿਸਕਣ ਕਾਰਨ ਨਦੀ ਦਾ ਵਹਾਅ ਕੁਝ ਸਮੇਂ ਲਈ ਬੰਦ ਹੋ ਗਿਆ ਸੀ। ਜਦੋਂ ਇਹ ਰੁਕਾਵਟ ਟੁੱਟ ਗਈ, ਤਾਂ ਪਾਣੀ, ਚਿੱਕੜ, ਚੱਟਾਨਾਂ ਅਤੇ ਮਲਬੇ ਦਾ ਇੱਕ ਵੱਡਾ ਹੜ੍ਹ ਹੇਠਾਂ ਵੱਲ ਵਹਿ ਗਿਆ। ਨਤੀਜੇ ਵਜੋਂ ਅਚਾਨਕ ਹੜ੍ਹ ਤ੍ਰਿਸ਼ੂਲੀ ਨਦੀ ਪ੍ਰਣਾਲੀ 'ਚ ਤੇਜ਼ੀ ਨਾਲ ਫੈਲ ਗਿਆ, ਜਿਸ ਨਾਲ ਤੇਜ਼ ਹੜ੍ਹ ਅਤੇ ਵਿਆਪਕ ਤਬਾਹੀ ਹੋਈ।

## ਹੜ੍ਹ: ਕੁਦਰਤੀ ਵਰਤਾਰਾ ਜਾਂ ਮਨੁੱਖੀ ਗਲਤੀਆਂ ?

ਹੜ੍ਹਾਂ ਵਰਗੀਆਂ ਆਫ਼ਤਾਂ ਸਰਹੱਦਾਂ 'ਚ ਉਲਝੀ ਰਾਜਨੀਤੀ ਅਤੇ ਕੂਟਨੀਤੀ ਨੂੰ ਇੱਕ ਪਲ ਠਹਿਰ ਕੇ ਸੋਚਣ ਦਾ ਸਮਾਂ ਦਿੰਦੀਆਂ ਹਨ। ਕੁਦਰਤ ਨਾ ਤਾਂ ਮਨੁੱਖ ਦੁਆਰਾ ਬਣਾਈਆਂ ਗਈਆਂ ਸਰਹੱਦਾਂ ਨੂੰ ਜਾਣਦੀ ਹੈ ਅਤੇ ਨਾ ਹੀ ਉਨ੍ਹਾਂ ਦਾ ਸਤਿਕਾਰ ਕਰਦੀ ਹੈ। ਜਦੋਂ ਇਸਦਾ ਕਹਿਰ ਟੁੱਟਦਾ ਹੈ, ਤਾਂ ਇਹ ਦੌਲਤ, ਧਰਮ, ਭਾਸ਼ਾ, ਲਿੰਗ, ਜਾਂ ਰਾਸ਼ਟਰੀ ਸਰਹੱਦਾਂ ਦੀ ਅਣਦੇਖੀ ਕਰਦੀ ਹੈ। ਕੁਦਰਤੀ ਆਫ਼ਤਾਂ ਨਾਲ ਹਰ ਕੋਈ ਬਰਾਬਰ ਪ੍ਰਭਾਵਿਤ ਹੁੰਦਾ ਹੈ। ਇਸ ਲਈ, ਜਿਨ੍ਹਾਂ ਦੇਸ਼ਾਂ ਵਿੱਚ ਦੁਨੀਆ ਉੱਤੇ ਆਪਣਾ ਦਬਦਬਾ ਦਿਖਾਉਣ ਲਈ ਘੁਸਪੈਠ ਕਰਨ ਦੀ ਆਦਤ ਹੈ, ਉਨ੍ਹਾਂ ਨੂੰ ਆਪਣੀਆਂ ਰਣਨੀਤੀਆਂ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਨੇਪਾਲ ਦੇ ਹੜ੍ਹਾਂ ਨੇ ਇਹ ਸਵਾਲ ਵੀ ਉਠਾਇਆ ਹੈ ਕਿ ਕੀ ਇਹ ਸੱਚਮੁੱਚ ਇੱਕ ਕੁਦਰਤੀ ਵਰਤਾਰਾ ਹੈ ਜਾਂ ਕੀ ਮਨੁੱਖੀ ਗਲਤੀਆਂ ਵੀ ਇਸਦੇ ਲਈ ਜ਼ਿੰਮੇਵਾਰ ਹਨ। ਇਸ ਹੜ੍ਹ ਨੇ ਜਲਵਾਯੂ ਪਰਿਵਰਤਨ ਅਤੇ ਗਲੋਬਲ ਵਾਰਮਿੰਗ ਦੇ ਭਖਦੇ ਮੁੱਦਿਆਂ ਨੂੰ ਹੋਰ ਵਧਾ ਦਿੱਤਾ ਹੈ। ਜਲਵਾਯੂ ਪਰਿਵਰਤਨ ਕਾਰਨ ਗਲੇਸ਼ੀਅਰ ਤੇਜ਼ ਰਫ਼ਤਾਰ ਨਾਲ ਪਿਘਲ ਰਹੇ ਹਨ। ਇਸ ਕਾਰਨ, ਪਹਾੜ ਬਹੁਤ ਕਮਜ਼ੋਰ ਹੋ ਰਹੇ ਹਨ, ਕਿਉਂਕਿ ਉੱਥੇ ਮੌਜੂਦ ਬਫ਼ਰ (ਬਰਫ਼ੀਲੀ ਪਰਤ), ਜੋ ਇੱਕ ਤਰ੍ਹਾਂ ਨਾਲ ਸੀਮਿੰਟ ਦਾ ਕੰਮ ਕਰਦਾ ਸੀ, ਯਾਨੀ ਪਹਾੜਾਂ ਨੂੰ ਆਪਣੀ ਜਗ੍ਹਾ 'ਤੇ ਰੱਖਦਾ ਸੀ, ਪਰ ਬਰਫ਼ ਤੇਜ਼ੀ ਨਾਲ ਪਿਘਲ ਰਹੀ ਹੈ, ਇਸ ਲਈ ਪਹਾੜਾਂ ਤੋਂ ਚੱਟਾਨਾਂ ਡਿੱਗ ਰਹੀਆਂ ਹਨ, ਜਿਸ ਕਾਰਨ ਜ਼ਮੀਨ ਖਿਸਕ ਰਹੀ ਹੈ ਅਤੇ ਨਦੀਆਂ ਵਿੱਚ ਹੜ੍ਹ ਆ ਰਹੇ ਹਨ।

## ਟਰੰਪ ਪ੍ਰਸ਼ਾਸਨ ਦਾ ਪਰਵਾਸ ’ਤੇ ਵੱਡਾ ਵਾਰ

# ਇਮੀਗ੍ਰੈਂਟ ਵੀਜ਼ਿਆਂ ’ਤੇ ਆਰਜ਼ੀ ਰੋਕ, 2 ਲੱਖ ਲੋਕਾਂ ਦੇ ਵੀਜ਼ੇ ਹੋਣਗੇ ਰੱਦ

### ਇੰਟਰਵਿਊਆਂ ਅੱਗੇ ਪਾਈਆਂ ਅਮਰੀਕਾ ਦੇ ਇਤਿਹਾਸ ’ਚ ਸਭ ਤੋਂ ਵੱਡੀ ਵੀਜ਼ਾ ਕੈਂਸਲੇਸ਼ਨ ਦੀ ਤਿਆਰੀ

### ਸਰਕਾਰੀ ਖ਼ਜ਼ਾਨੇ ’ਤੇ ਬੋਝ ਬਣਨ ਵਾਲਿਆਂ ਨੂੰ ਰੋਕਣ ਦੀ ਤਿਆਰੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਾਲੇ ਪ੍ਰਸ਼ਾਸਨ ਨੇ ਪਰਵਾਸ ਨੀਤੀਆਂ ਨੂੰ ਲੈ ਕੇ ਇੱਕ ਹੋਰ ਵੱਡਾ ਅਤੇ ਸਖ਼ਤ ਕਦਮ ਚੁੱਕਿਆ ਹੈ। ਹੁਣ ਤੱਕ ਗ਼ੈਰ-ਕਾਨੂੰਨੀ ਢੰਗ ਨਾਲ ਸਰਹੱਦਾਂ ਪਾਰ ਕਰਕੇ ਅਮਰੀਕਾ ਵਿੱਚ ਦਾਖ਼ਲ ਹੋਣ ਵਾਲੇ ਲੋਕਾਂ ’ਤੇ ਕੇਂਦਰਿਤ ਕਾਰਵਾਈ ਦਾ ਦਾਇਰਾ ਹੁਣ ਕਾਨੂੰਨੀ ਤਰੀਕੇ ਨਾਲ ਆਉਣ ਵਾਲੇ ਪਰਵਾਸੀਆਂ ਤੱਕ ਵਧਾ ਦਿੱਤਾ ਗਿਆ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਦੁਨੀਆ ਭਰ ਵਿੱਚ ਨਵੇਂ ਇਮੀਗ੍ਰੈਂਟ ਵੀਜ਼ਿਆਂ ਦੀ ਜਾਰੀ ਪ੍ਰਕਿਰਿਆ ਨੂੰ ਅਸਥਾਈ ਤੌਰ ’ਤੇ ਰੋਕ ਦਿੱਤਾ ਹੈ। ਇਸ ਫ਼ੈਸਲੇ ਨਾਲ ਵਿਸ਼ਵ ਭਰ ਦੇ ਹਜ਼ਾਰਾਂ ਪਰਿਵਾਰਾਂ ਵਿੱਚ ਬੇਚੈਨੀ ਅਤੇ ਅਨਿਸ਼ਚਿਤਤਾ ਦਾ ਮਾਹੌਲ ਬਣ ਗਿਆ ਹੈ, ਜੋ ਆਪਣੇ ਕਾਨੂੰਨੀ ਦਸਤਾਵੇਜ਼ਾਂ ਅਤੇ ਇੰਟਰਵਿਊਆਂ ਦੀ ਉਡੀਕ ਕਰ ਰਹੇ ਸਨ।

**ਵਿਦੇਸ਼ ਵਿਭਾਗ ਦੇ ਇਸ ਕਦਮ ਦਾ ਮੁੱਖ ਮਕਸਦ ਕੀ ਹੈ?**

ਵਿਦੇਸ਼ ਵਿਭਾਗ ਦੇ ਇਸ ਕਦਮ ਦਾ ਮੁੱਖ ਮਕਸਦ ਦੁਨੀਆ ਭਰ ਦੇ ਅਮਰੀਕੀ ਦੂਤਾਵਾਸਾਂ ਵਿੱਚ ਤਾਇਨਾਤ ਕੌਂਸਲਰ ਅਧਿਕਾਰੀਆਂ ਨੂੰ ਨਵੀਂ ਸਖ਼ਤ ਨੀਤੀ ਬਾਰੇ ਵਿਸਥਾਰ ਨਾਲ ਜਾਣੂ ਕਰਵਾਉਣਾ ਹੈ। ਇਸ ਨੀਤੀ ਤਹਿਤ ਅਜਿਹੇ ਵਿਦੇਸ਼ੀ ਨਾਗਰਿਕਾਂ ਦੇ ਅਮਰੀਕਾ ਵਿੱਚ ਦਾਖ਼ਲੇ ’ਤੇ ਪੱਕੀ ਰੋਕ ਲਗਾਉਣ ਦੀ ਯੋਜਨਾ ਹੈ, ਜਿਨ੍ਹਾਂ ਬਾਰੇ ਇਹ ਮੰਨਿਆ ਜਾਵੇਗਾ ਕਿ ਉਹ ਭਵਿੱਖ ਵਿੱਚ ਦੇਸ਼ ਦੇ ਸਰਕਾਰੀ ਖ਼ਜ਼ਾਨੇ, ਸਮਾਜਿਕ ਭਲਾਈ ਯੋਜਨਾਵਾਂ ਜਾਂ ਜਨਤਕ ਸਹਾਇਤਾ ’ਤੇ ਨਿਰਭਰ ਹੋ ਸਕਦੇ ਹਨ। ਪ੍ਰਸ਼ਾਸਨ ਦਾ ਮੰਨਣਾ ਹੈ ਕਿ ਕਾਨੂੰਨੀ ਤੌਰ ’ਤੇ ਵੀ ਸਿਰਫ਼ ਉਹੀ ਲੋਕ ਅਮਰੀਕਾ ਆਉਣ ਦੇ ਹੱਕਦਾਰ ਹਨ ਜੋ ਵਿੱਤੀ ਤੌਰ ’ਤੇ ਪੂਰੀ ਤਰ੍ਹਾਂ ਆਤਮ-ਨਿਰਭਰ ਹੋਣ ਅਤੇ ਦੇਸ਼ ਦੇ ਸਰੋਤਾਂ ’ਤੇ ਕਿਸੇ ਕਿਸਮ ਦਾ ਵਿੱਤੀ ਭਾਰ ਨਾ ਪਾਉਣ।

**ਇਤਿਹਾਸ ਦੀ ਸਭ ਤੋਂ ਵੱਡੀ ਵੀਜ਼ਾ ਰੱਦ ਕਰਨ ਦੀ ਕਾਰਵਾਈ**

ਇਮੀਗ੍ਰੈਂਟ ਵੀਜ਼ਿਆਂ ’ਤੇ ਰੋਕ ਲਗਾਉਣ ਦੇ ਨਾਲ-ਨਾਲ ਟਰੰਪ ਪ੍ਰਸ਼ਾਸਨ ਇੱਕ ਹੋਰ ਇਤਿਹਾਸਕ ਕਦਮ ਚੁੱਕਣ ਜਾ ਰਿਹਾ ਹੈ। ਪ੍ਰਸ਼ਾਸਨ ਲਗਭਗ 2 ਲੱਖ ਅਜਿਹੇ ਵਿਦੇਸ਼ੀ ਨਾਗਰਿਕਾਂ ਦੇ ਵਪਾਰਕ (ਬਿਜ਼ਨਸ) ਅਤੇ ਸੈਰ-ਸਪਾਟਾ (ਟੂਰਿਸਟ) ਵੀਜ਼ੇ ਰੱਦ ਕਰਨ ਦੀ ਤਿਆਰੀ ਕਰ ਰਿਹਾ ਹੈ, ਜਿਨ੍ਹਾਂ ਨੇ ਅਮਰੀਕਾ ਪਹੁੰਚ ਕੇ ਸ਼ਰਨ (ਅਸਾਈਲਮ) ਲਈ ਅਰਜ਼ੀਆਂ ਦਿੱਤੀਆਂ ਹਨ। ਜੇਕਰ ਇਹ ਕਾਰਵਾਈ ਅਮਲ ਵਿੱਚ ਆਉਂਦੀਹੈ, ਤਾਂ ਇਹ ਅਮਰੀਕੀ ਇਤਿਹਾਸ ਵਿੱਚ ਇੱਕੋ ਸਮੇਂ ਕੀਤੀ ਗਈ ਸਭ ਤੋਂ ਵੱਡੀ ਮਾਸ ਵੀਜ਼ਾ ਕੈਂਸਲੇਸ਼ਨ ਹੋਵੇਗੀ। ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਸਰਕਾਰ ਦੇ ਇਸ ਫ਼ੈਸਲੇ ਨੂੰ ਸੰਘੀ ਅਦਾਲਤਾਂ ਵਿੱਚ ਜ਼ੋਰਦਾਰ ਚੁਣੌਤੀ ਮਿਲਣੀ ਤੈਅ ਹੈ, ਕਿਉਂਕਿ ਕੌਮਾਂਤਰੀ ਅਤੇ ਘਰੇਲੂ ਕਾਨੂੰਨਾਂ ਤਹਿਤ ਸ਼ਰਨ ਮੰਗਣਾ ਇੱਕ ਕਾਨੂੰਨੀ ਪ੍ਰਕਿਰਿਆ ਹੈ।



ਵਿਦੇਸ਼ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ ’ਤੇ ਦੱਸਿਆ ਕਿ ਇਹ ਅਸਥਾਈ ਰੋਕ ਪੂਰੀ ਤਰ੍ਹਾਂ ‘ਪਬਲਿਕ ਚਾਰਜ’ ਦੀਆਂ ਨਵੀਆਂ ਸ਼ਰਤਾਂ ਅਤੇ ਨਿਯਮਾਂ ਨੂੰ ਲੈ ਕੇ ਪੈਦਾ ਹੋਏ ਭੰਬਲਭੂਸੇ ਕਾਰਨ ਲਗਾਈ ਗਈ ਹੈ। ਦੁਨੀਆ ਭਰ ਵਿੱਚ ਮੌਜੂਦ ਅਮਰੀਕੀ ਅਧਿਕਾਰੀਆਂ ਨੂੰ ਨਵੇਂ ਦਿਸ਼ਾ-ਨਿਰਦੇਸ਼ਾਂ ਦੀ ਵਿਆਖਿਆ ਸਮਝਾਉਣ ਲਈ ਸਮੇਂ ਦੀ ਲੋੜ ਸੀ। ਇਹ ਰੋਕ ਅਗਸਤ ਦੇ ਸ਼ੁਰੂ ਵਿੱਚ ਲਾਗੂ ਕੀਤੀ ਗਈ ਸੀ ਅਤੇ ਇਸ ਦੇ ਸਤੰਬਰ ਦੇ ਮੱਧ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ। ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਅਗਸਤ ਮਹੀਨੇ ਲਈ ਤੈਅ ਕੀਤੀਆਂ ਗਈਆਂ ਇੰਟਰਵਿਊਆਂ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ ਗਿਆ, ਸਗੋਂ ਉਨ੍ਹਾਂ ਨੂੰ ਸਤੰਬਰ, ਅਕਤੂਬਰ ਅਤੇ ਨਵੰਬਰ ਦੇ ਮਹੀਨਿਆਂ ਲਈ ਅੱਗੇ ਵਧਾਇਆ ਜਾ ਰਿਹਾ ਹੈ।

ਪਰਿਵਾਰਕ ਮਿਲਣੀ ਵਾਲੇ ਕੇਸਾਂ ’ਤੇ ਪਵੇਗਾ ਸਭ ਤੋਂ ਮਾੜਾ ਅਸਰ

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਰੋਕ ਦੀ ਸਭ ਤੋਂ ਵੱਡੀ ਮਾਰ ਅਮਰੀਕਾ ਤੋਂ ਬਾਹਰ ਬੈਠੇ ਉਨ੍ਹਾਂ ਲੋਕਾਂ ’ਤੇ ਪਵੇਗੀ ਜੋ ਪਰਿਵਾਰਕ ਆਧਾਰ ’ਤੇ ਵੀਜ਼ੇ ਦੀ ਉਡੀਕ ਕਰ ਰਹੇ ਹਨ। ਇਸ ਵਿੱਚ ਅਮਰੀਕੀ ਨਾਗਰਿਕਾਂ ਅਤੇ ਗ੍ਰੀਨ ਕਾਰਡ ਧਾਰਕਾਂ ਦੇ ਬਜ਼ੁਰਗ ਮਾਤਾ-ਪਿਤਾ, ਪਤੀ-ਪਤਨੀ, ਨਾਬਾਲਗ ਬੱਚੇ ਅਤੇ ਭੈਣ-ਭਰਾ ਸ਼ਾਮਲ ਹਨ। ‘ਮਾਈਗ੍ਰੇਸ਼ਨ ਪਾਲਿਸੀ ਇੰਸਟੀਚਿਊਟ’ ਨਾਲ ਜੁੜੀ ਖੋਜਕਰਤਾ ਜੂਲੀਆ ਗੇਲਾਟ ਅਨੁਸਾਰ, ਅਮਰੀਕੀ ਦੂਤਾਵਾਸਾਂ ਵਿੱਚ ਪਹਿਲਾਂ ਹੀ ਇੰਟਰਵਿਊ ਦੀਆਂ ਤਰੀਕਾਂ ਲੈਣ ਲਈ ਕਈ-ਕਈ ਮਹੀਨੇ ਜਾਂ ਸਾਲਾਂ ਦੀ ਉਡੀਕ ਕਰਨੀ ਪੈਂਦੀ ਹੈ। ਹੁਣ ਇੱਕ ਵਾਰ ਇੰਟਰਵਿਊ ਮੁਲਤਵੀ ਹੋਣ ਤੋਂ ਬਾਅਦ ਦੁਬਾਰਾ ਤਰੀਕ ਮਿਲਣਾ ਬਹੁਤ ਔਖਾ ਹੋ ਜਾਵੇਗਾ, ਜਿਸ ਨਾਲ ਪਰਿਵਾਰਾਂ ਦੇ ਵਿਛੋੜੇ ਦਾ ਸਮਾਂ ਹੋਰ ਲੰਮਾ ਹੋ ਜਾਵੇਗਾ।

**ਇਮੀਗ੍ਰੇਸ਼ਨ ਨੂੰ ਸੀਮਤ ਕਰਨ ਦਾ ਵੱਡਾ ਸਿਆਸੀ ਏਜੰਡਾ**

ਮਾਹਿਰਾਂ ਦਾ ਵਿਸ਼ਲੇਸ਼ਣ ਹੈ ਕਿ ਇਹ ਸਾਰੇ ਕਦਮ ਟਰੰਪ ਪ੍ਰਸ਼ਾਸਨ ਦੀ ਉਸ ਮੂਲ ਵਿਚਾਰਧਾਰਾ ਦਾ ਹਿੱਸਾ ਹਨ ਜਿਸ ਤਹਿਤ ਪਰਵਾਸ ਨੂੰ ਸਮੁੱਚੇ ਤੌਰ ’ਤੇ ਅਮਰੀਕਾ ਦੇ ਹਿੱਤਾਂ ਦੇ ਵਿਰੁੱਧ ਮੰਨਿਆ ਜਾਂਦਾ ਹੈ। ਪ੍ਰਸ਼ਾਸਨ ਦਾ ਮਕਸਦ ਸਿਰਫ਼ ਗ਼ੈਰ-ਕਾਨੂੰਨੀ ਘੁਸਪੈਠ ਨੂੰ ਰੋਕਣਾ ਹੀ ਨਹੀਂ, ਸਗੋਂ ਕਾਨੂੰਨੀ ਇਮੀਗ੍ਰੇਸ਼ਨ ਸਿਸਟਮ ਨੂੰ ਵੀ ਹਰ ਪੱਖੋਂ ਸਖ਼ਤ ਅਤੇ ਸੀਮਤ ਬਣਾਉਣਾ ਹੈ ਤਾਂ ਜੋ ਘੱਟ ਤੋਂ ਘੱਟ ਲੋਕਾਂ ਨੂੰ ਅਮਰੀਕਾ ਵਿੱਚ ਪੱਕੀ ਰਿਹਾਇਸ਼ ਮਿਲ ਸਕੇ। ਆਉਣ ਵਾਲੇ ਦਿਨਾਂ ਵਿੱਚ ਇਸ ਨੀਤੀ ਦੇ ਵਿਰੋਧ ਵਿੱਚ ਮਨੁੱਖੀ ਅਧਿਕਾਰ ਸੰਗਠਨਾਂ ਅਤੇ ਇਮੀਗ੍ਰੇਸ਼ਨ ਵਕੀਲਾਂ ਵੱਲੋਂ ਕਾਨੂੰਨੀ ਲੜਾਈ ਤੇਜ਼ ਕੀਤੇ ਜਾਣ ਦੇ ਪੂਰੇ ਆਸਾਰ ਹਨ।

ਅਦਾਲਤ ਵੱਲੋਂ 75 ਦੇਸ਼ਾਂ ਦੇ ਵੀਜ਼ਾ ਬੈਨ ’ਤੇ ਰੋਕ

ਇਸੇ ਦੌਰਾਨ ਇਮੀਗ੍ਰੇਸ਼ਨ ਸਖ਼ਤੀਆਂ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਨੂੰ ਸੰਘੀ ਅਦਾਲਤ ਤੋਂ ਇੱਕ ਵੱਡਾ ਝਟਕਾ ਵੀ ਲੱਗਾ ਹੈ। ਇੱਕ ਅਮਰੀਕੀ ਜੱਜ ਨੇ 75 ਦੇਸ਼ਾਂ ਦੇ ਬਿਨੈਕਾਰਾਂ ਦੇ ਇਮੀਗ੍ਰੈਂਟ ਵੀਜ਼ਾ ਜਾਰੀ ਕਰਨ ’ਤੇ ਲਗਾਈ ਗਈ ਪਾਬੰਦੀ ਨੂੰ ਰੱਦ ਕਰ ਦਿੱਤਾ। ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਵੱਲੋਂ ਇਸ ਨੀਤੀ ਨੂੰ ਲਾਗੂ ਕਰਨਾ ਉਨ੍ਹਾਂ ਦੇ ਕਾਨੂੰਨੀ ਅਧਿਕਾਰ ਖੇਤਰ ਤੋਂ ਬਾਹਰ ਸੀ।

**ਭਾਰਤੀ ਵਿਦਿਆਰਥੀਆਂ ਤੇ ਪੇਸ਼ੇਵਰਾਂ ’ਤੇ ਅਸਰ**

ਇੰਟਰਵਿਊਆਂ ਮੁਲਤਵੀ ਹੋਣ ਦੇ ਇਸ ਫ਼ੈਸਲੇ ਦਾ ਸਿੱਧਾ ਅਸਰ ਅਮਰੀਕਾ ਜਾਣ ਦੀ ਤਿਆਰੀ ਕਰ ਰਹੇ ਭਾਰਤੀ ਬਿਨੈਕਾਰਾਂ ’ਤੇ ਪੈਣ ਦਾ ਖ਼ਦਸ਼ਾ ਹੈ। ਪਰਿਵਾਰਕ ਆਧਾਰ ਜਾਂ ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡ ਅਤੇ ਸਥਾਈ ਰਿਹਾਇਸ਼ ਦੀ ਉਡੀਕ ਕਰ ਰਹੇ ਲੋਕਾਂ ਦੀ ਪ੍ਰਕਿਰਿਆ ਲੰਮੀ ਹੋ ਸਕਦੀ ਹੈ। ਅਮਰੀਕੀ ਸਰਕਾਰ ਵੱਲੋਂ ਇਹ ਟ੍ਰੇਨਿੰਗ ਪੂਰੀ ਹੋਣ ਦੀ ਕੋਈ ਪੱਕੀ ਸਮਾਂ-ਸੀਮਾ ਨਾ ਦੱਸੇ ਜਾਣ ਕਾਰਨ, ਨਵੀਆਂ ਤਰੀਕਾਂ ਦੀ ਉਡੀਕ ਕਰ ਰਹੇ ਬਿਨੈਕਾਰਾਂ ਦਾ ਇੰਤਜ਼ਾਰ ਹੋਰ ਲੰਮਾ ਹੋ ਸਕਦਾ ਹੈ।

# ਨੇਵਾਡਾ ਵਿੱਚ ਲੱਗੀ ਭਿਆਨਕ ਅੱਗ ’ਚ ਹਜਾਰਾਂ ਏਕੜ ਜੰਗਲ ਸੜਿਆ

### 90 ਹਜ਼ਾਰ ਲੋਕਾਂ ਨੂੰ ਇਲਾਕਾ ਖਾਲੀ ਕਰਨ ਲਈ ਕਿਹਾ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਪਿਛਲੇ ਦਿਨੀਂ ਨੇਵਾਡਾ ਦੀ ਪਹਾੜੀ ਤੋਂ ਅੱਗ ਦੀਆਂ ਲਪਟਾਂ ਤੇਜ਼ੀ ਨਾਲ ਵਧਦੀਆਂ ਦੇਖੀਆਂ ਗਈਆਂ ਜੋ ਛੇਤੀ ਹੀ ਇੱਕ ਵਿਨਾਸ਼ਕਾਰੀ ਅੱਗ ਵਿੱਚ ਬਦਲ ਗਈਆਂ ਜਿਸ ਨੇ ਹਜ਼ਾਰਾਂ ਏਕੜ ਜੰਗਲ ਨੂੰ ਸਾੜ ਦਿੱਤਾ ਹੈ ਅਤੇ ਦੱਖਣ-ਪੱਛਮ ਦੇ ਸਾਰੇ ਕਸਬਿਆਂ ਨੂੰ ਖਾਲੀ ਕਰਨ ਲਈ ਮਜਬੂਰ ਕੀਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉੱਤਰੀ-ਪੱਛਮੀ ਰੇਨੋ ਵਿੱਚ ਬੇਕਾਬੂ ਅੱਗ ਮਨੁੱਖੀ ਗਲਤੀ ਦਾ ਸਿੱਟਾ ਹੈ ਤੇ 90,000 ਨਿਵਾਸੀਆਂ ਨੂੰ ਇਲਾਕਾ ਖਾਲੀ ਕਰਨ ਲਈ ਕਿਹਾ ਗਿਆ ਹੈ। ਹਜਾਰਾਂ ਨਿਵਾਸੀ ਪਹਿਲਾਂ ਹੀ ਆਪਣੇ ਘਰ ਬਾਹਰ ਛੱਡਣ ਲਈ ਮਜਬੂਰ ਹੋ ਗਏ ਹਨ। ਅੱਗ ਬੁਝਾਊ ਅਧਿਕਾਰੀਆਂ ਅਨੁਸਾਰ, ਐਤਵਾਰ ਤੱਕ ਅੱਗ ਲਗਭਗ 13,000 ਏਕੜ ਤੱਕ ਫ਼ੈਲ ਗਈ। ਟਰੱਕੀ ਮੀਡੋਜ ਫ਼ਾਇਰ ਪ੍ਰੋਟੈਕਸ਼ਨ ਡਿਸਟ੍ਰਿਕਟ ਦੇ 3 ਯੂਨੀਫ਼ਾਈਡ ਘਟਨਾ ਕਮਾਂਡਰਾਂ ਵਿਚੋਂ ਇਕ ਸ਼ੇਨ ਐਕਰਸਨ ਨੇ ਕਿਹਾ ਕਿ ਅੱਗ ਲੱਗਣ ਨਾਲ ਕਿੰਨੀਆਂ ਇਮਾਰਤਾਂ ਨੁਕਸਾਨੀਆਂ ਗਈਆਂ ਹਨ, ਇਹ ਨਿਰਧਾਰਤ ਕਰਨ ਲਈ ਮੁਲਾਂਕਣ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਬਿਜਲੀ ਦੀ ਸਪਲਾਈ ਠੱਪ ਹੈ। ਅਜੇ ਤੱਕ ਅੱਗ ’ਤੇ ਮੁਕੰਮਲ ਕਾਬੂ ਨਹੀਂ ਪਾਇਆ ਜਾ ਸਕਿਆ ਤੇ ਅੱਗ ਨਵੇਂ ਇਲਾਕਿਆਂ ਵਿੱਚ ਫ਼ੈਲਦੀ ਹੋਈ ਨਜਰ ਆ ਰਹੀ ਹੈ। ਉੱਤਰ-ਪੱਛਮੀ ਰੇਨੋ ਵਿੱਚ ਇੱਕ ਪਹਾੜੀ ਦੇ ਹੇਠਾਂ ਅੱਗ ਫ਼ੈਲ ਰਹੀ ਹੈ।

(ਬਾਕੀ ਸਫ਼ਾ 27 ’ਤੇ)

# ਮੱਧਕਾਲੀ ਚੋਣ ਨਹੀਂ ਲੜਾਂਗਾ: ਰਾਜ ਕ੍ਰਿਸ਼ਨਾਮੂਰਤੀ

### ਪਾਰਟੀ ਉਮੀਦਵਾਰਾਂ ਲਈ ਇੱਕ ਲੱਖ ਡਾਲਰ ਫ਼ੰਡ ਦੇਣ ਦਾ ਐਲਾਨ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਦਾ ਰਾਜਨੀਤਿਕ ਸੰਗਠਨ ਡੈਮੋਕ੍ਰੇਟਿਕ ਉਮੀਦਵਾਰਾਂ ਅਤੇ ਪਾਰਟੀ ਦੇ ਕੰਮਾਂ ਲਈ 100,000 ਡਾਲਰ ਦਾ ਯੋਗਦਾਨ ਪਾ ਰਿਹਾ ਹੈ ਤੇ ਉਹ ਲਗਭਗ ਇੱਕ ਦਹਾਕੇ ਵਿੱਚ ਪਹਿਲੀ ਵਾਰ ਨਵੰਬਰ ’ਚ ਮੱਧਕਾਲੀ ਚੋਣ ਨਹੀਂ ਲੜੇਗਾ। ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਪੈਸੇ ਨੂੰ ਇਲੀਨੋਇਸ ਅਤੇ ਅਮਰੀਕਾ ਵਿੱਚ ਹੋਰ ਥਾਵਾਂ ’ਤੇ ਉਮੀਦਵਾਰਾਂ ਅਤੇ ਪਾਰਟੀ ਦੇ ਰਾਜਨੀਤਿਕ ਸਮੂਹਾਂ ਨੂੰ ਭੇਜੇਗਾ। ਇਹ ਸੰਗਠਨ ਰਜਿਸਟਰਡ ਨਾਮ ‘ਗੀਵਾਈਵਿੰਗ ਅਮੈਰਕੀਨ ਜੌਬਜ ਅਗੇਨ ਪੀ ਏ ਸੀ’ ਦੇ ਤਹਿਤ ਕੰਮ ਕਰਦਾ ਹੈ, ਜਿਸ ਨੂੰ ਰਾਜਾ ਪੀ ਏ ਸੀ ਵੀ ਕਿਹਾ ਜਾਂਦਾ ਹੈ। ਕ੍ਰਿਸ਼ਨਾਮੂਰਤੀ ਨੇ ਫ਼ੰਡ ਇਕੱਠਾ ਕਰਨ ਵਾਲੇ ਇਕ ਸੰਦੇਸ਼ ਵਿੱਚ ਕਿਹਾ ਹੈ ਕਿ ਉਹ ਲਗਭਗ ਇੱਕ ਦਹਾਕੇ ਵਿੱਚ ਪਹਿਲੀ ਵਾਰ ਨਵੰਬਰ ਵਿੱਚ ਬੈਲਟ ’ਤੇ ਨਹੀਂ ਹੋਵੇਗਾ। ਸੁਨੇਹੇ ਵਿੱਚ ਇਹ ਨਹੀਂ ਦੱਸਿਆ ਕਿ ਉਹ ਨਵੰਬਰ ਚੋਣ ਕਿਉਂ ਨਹੀਂ ਲੜਨਗੇ। ਉਸ ਨੇ ਕਿਹਾ ਹੈ ਕਿ ਫ਼ੰਡ ਨੂੰ ਡੈਮੋਕ੍ਰੇਟਿਕ ਉਮੀਦਵਾਰਾਂ ਦੀ ਨਵੀਂ ਪੀੜੀ ਦਾ ਸਮਰਥਨ ਕਰਨ ਅਤੇ ਪਾਰਟੀ ਲਈ ਕਾਂਗਰਸ ਅਤੇ ਹੋਰ ਚੋਣਾਂ ਵਿੱਚ ਵਰਤਿਆ ਜਾਵੇਗਾ। ਉਨ੍ਹਾਂ ਸਦੇਸ਼ ਵਿਚ ਡੈਮੋਕ੍ਰੇਟਸ ਦੀ ਅਗਲੀ ਪੀੜੀ ਨੂੰ ਚੁਣਨ ਦੀ ਅਪੀਲ ਕੀਤੀ ਹੈ ਤਾਂ ਜੋ ਨਵੀਂ ਪੀੜੀ ਕੰਮਕਾਜੀ ਪਰਿਵਾਰਾਂ ਲਈ ਕੰਮ ਕਰ ਸਕੇ। ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਉਹ ਬਿਨਾਂ ਚੋਣ ਲੜੇ ਵੀ ਰਾਜਨੀਤਿਕ ਤੌਰ ’ਤੇ ਸਰਗਰਮ ਰਹਿਣਗੇ। ਇਲੀਨੋਇਸ ਡੈਮੋਕ੍ਰੇਟ ਆਗੂ ਜਨਵਰੀ 2017 ਤੋਂ ਅਮਰੀਕੀ ਪ੍ਰਤੀਨਿਧੀ ਸਭਾ ਵਿੱਚ ਆਪਣੇ ਕਾਂਗਰਸ ਜ਼ਿਲ੍ਹੇ ਦੀ ਨੁਮਾਇੰਦਗੀ ਕਰ ਰਹੇ ਹਨ ਅਤੇ ਉਨਾਂ ਨੇ ਖ਼ੁਫ਼ੀਆ ਜਾਣਕਾਰੀ, ਰਾਸ਼ਟਰੀ ਸੁਰੱਖਿਆ, ਆਰਥਿਕ ਨੀਤੀ ਅਤੇ ਚੀਨ ਨਾਲ ਰਣਨੀਤਕ ਮੁਕਾਬਲੇ ਨਾਲ ਸਬੰਧਿਤ ਕਾਰਜਾਂ ਨੂੰ ਸਫ਼ਲਤਾਪੂਰਵਕ ਸੰਭਾਲਿਆ ਹੈ। ਨਵੰਬਰ ਦੀਆਂ ਮੱਧਕਾਲੀ ਚੋਣਾਂ ਸਦਨ ਅਤੇ ਸੈਨੇਟ ’ਤੇ ਨਿਯੰਤਰਣ ਨੂੰ ਨਿਰਧਾਰਤ ਕਰਨਗੀਆਂ।



# ਡਾਕ ਵੋਟਿੰਗ ਬਾਰੇ ਟਰੰਪ ਦੇ ਆਦੇਸ਼ ’ਤੇ ਅਦਾਲਤ ਨੇ ਲਾਈ ਰੋਕ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਬੋਸਟਨ (ਮਾਸਾਚੂਸੈਟਸ) ਜ਼ਿਲ੍ਹਾ ਅਦਾਲਤ ਦੀ ਜੱਜ ਇੰਦਰਾ ਤਲਵਾਨੀ ਨੇ ਟਰੰਪ ਪ੍ਰਸ਼ਾਸਨ ਦੇ ਡਾਕ ਵੋਟਿੰਗ ’ਤੇ ਜਾਰੀ ਕਾਰਜਕਾਰੀ ਆਦੇਸ਼ ’ਤੇ ਰੋਕ ਲਾ ਦਿੱਤੀ ਹੈ। ਜੱਜ ਨੇ ਪ੍ਰਸ਼ਾਸਨ ਨੂੰ ਦੋ ਹਫ਼ਤਿਆਂ ਲਈ ਆਪਣੇ ਕਾਰਜਕਾਰੀ ਆਦੇਸ਼ ਨੂੰ ਲਾਗੂ ਕਰਨ ਤੋਂ ਰੋਕਣ ਲਈ ਇੱਕ ਅਸਥਾਈ ਆਦੇਸ਼ ਜਾਰੀ ਕੀਤਾ ਹੈ। ਚੋਣ ਅਧਿਕਾਰੀਆਂ ’ਤੇ ਮੱਧਕਾਲੀ ਚੋਣਾਂ ਲਈ ਡਾਕ ਬੈਲਟ ਭੇਜਣ ’ਤੇ ਲਾਈ ਗਈ ਅਸਥਾਈ ਰੋਕ ਅਹਿਮ ਹੈ। ਇਹ ਆਦੇਸ਼ ਉਸ ਸਮੇਂ ਆਇਆ ਹੈ ਜਦੋਂ ਸਥਾਨਕ ਚੋਣ ਅਧਿਕਾਰੀ ਪੋਸਟਲ ਬੈਲਟ ਭੇਜਣ ਦੀ ਤਿਆਰੀ ਕਰ ਰਹੇ ਸਨ। ਚੋਣ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਸੀ ਕਿ ਉਨਾਂ ਕੋਲ ਚੋਣ ਪ੍ਰਕ੍ਰਿਆ ’ਚ ਫ਼ੇਰਬਦਲ ਕਰਨ ਲਈ ਸਮਾਂ ਨਹੀਂ ਬਚਿਆ ਹੈ।

(ਬਾਕੀ ਸਫ਼ਾ 26 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh   Sub: Editor: Balwinderpal Singh, Dr. Sarbjeet Kaur Jang   Online Interview Host: Balraj Pannu

Designer: A.K.V.   Content Composer: S. Jagmohan Singh   US Distributor: Amritsar Times Inc.   Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਨਿਊਯਾਰਕ 'ਚ ਭਾਗਵਤ ਦੇ ਸਮਾਗਮ ਦਾ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ

## ਵਿਸ਼ਵ ਪ੍ਰਸਿੱਧ ਮੈਡੀਸਨ ਸਕੁਏਅਰ ਗਾਰਡਨ ਵਿਖੇ ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਵੱਡੇ ਪੱਧਰ 'ਤੇ ਰੋਸ ਮੁਜ਼ਾਹਰਾ








ਨਿਊਯਾਰਕ/ਏ.ਟੀ.ਨਿਊਜ਼: ਨਿਊਯਾਰਕ ਦੇ ਮੈਨਹੈਟਨ ਸਥਿਤ ਵਿਸ਼ਵ ਪ੍ਰਸਿੱਧ ਮੈਡੀਸਨ ਸਕੁਏਅਰ ਗਾਰਡਨ ਵਿਖੇ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਦੇ ਸਮਾਗਮ ਮੌਕੇ ਸਿੱਖ ਜਥੇਬੰਦੀਆਂ ਅਤੇ ਵੱਖ-ਵੱਖ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਵੱਡੇ ਪੱਧਰ 'ਤੇ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਦੌਰਾਨ ਖ਼ਾਲਿਸਤਾਨ ਦੇ ਝੰਡੇ ਲਹਿਰਾਏ ਗਏ ਅਤੇ ਪੰਜਾਬ ਦੀ ਆਜ਼ਾਦੀ ਤੇ ਸਵੈ-ਨਿਰਣੇ ਦੇ ਹੱਕ ਵਿੱਚ ਆਕਾਸ਼-ਗੂੰਜਾਊ ਨਾਅਰੇ ਲਾਏ ਗਏ। ਅਮਰੀਕੀ ਸਿਆਸੀ ਆਗੂ ਅਤੇ ਨਿਊਯਾਰਕ ਦੇ ਸਾਬਕਾ ਕੰਪਟਰੋਲਰ ਬ੍ਰੈਡ ਲੈਂਡਰ ਵੀ ਮੈਡੀਸਨ ਸਕੁਏਅਰ ਗਾਰਡਨ ਦੇ ਬਾਹਰ ਆਰ.ਐੱਸ.ਐੱਸ.-ਵਿਰੋਧੀ ਪ੍ਰਦਰਸ਼ਨ ਵਿੱਚ ਪਹੁੰਚੇ। ਉਨ੍ਹਾਂ ਮੋਹਨ ਭਾਗਵਤ ਅਤੇ ਆਰ.ਐੱਸ.ਐੱਸ. ਦੀ ਵਿਚਾਰਧਾਰਾ ਵਿਰੁੱਧ ਆਪਣਾ ਵਿਰੋਧ ਦਰਜ ਕਰਵਾਇਆ। ਇਸ ਤੋਂ ਪਹਿਲਾਂ ਵੀ ਲੈਂਡਰ ਨੇ ਨਿਊਯਾਰਕ ਸਿਟੀ ਹਾਲ ਵਿਖੇ ਵੱਖ-ਵੱਖ ਧਰਮਾਂ ਦੇ ਆਗੂਆਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨਾਲ ਮਿਲ ਕੇ ਭਾਗਵਤ ਦੇ ਸਮਾਗਮ ਦਾ ਵਿਰੋਧ ਕੀਤਾ ਸੀ।

ਮੋਹਨ ਭਾਗਵਤ ਵੱਲੋਂ ਸੰਬੋਧਨ ਕੀਤੇ ਗਏ ਸਮਾਗਮ ਨੂੰ 'ਯੂਨੀਵਰਸਲ ਆਨਨੈੱਸ ਸੈਲੀਬ੍ਰੇਸ਼ਨ' ਦਾ ਨਾਂਅ ਦਿੱਤਾ ਗਿਆ ਸੀ। ਇਸ ਦਾ ਪ੍ਰਬੰਧ 'ਅਮਰੀਕਨ ਹਿੰਦੂਜ਼ ਫਾਰ ਐਨਗੇਜਮੈਂਟ ਐਂਡ ਡਾਇਲਾਗ' ਵੱਲੋਂ ਕੀਤਾ ਗਿਆ। ਪ੍ਰਬੰਧਕਾਂ ਅਨੁਸਾਰ ਸਮਾਗਮ ਵਿੱਚ 5,000 ਤੋਂ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ ਅਤੇ 200 ਤੋਂ ਵੱਧ ਹਿੰਦੂ-ਅਮਰੀਕੀ ਤੇ ਸਹਿਯੋਗੀ ਜਥੇਬੰਦੀਆਂ ਇਸ ਨਾਲ ਜੁੜੀਆਂ ਹੋਈਆਂ ਸਨ। ਪ੍ਰਬੰਧਕਾਂ ਨੇ ਦੱਸਿਆ ਕਿ ਅਮਰੀਕਾ ਦੇ 39 ਸੂਬਿਆਂ ਦੇ 85 ਸ਼ਹਿਰਾਂ ਤੋਂ ਲੋਕਾਂ ਨੇ ਸਮਾਗਮ ਲਈ ਰਜਿਸਟ੍ਰੇਸ਼ਨ ਕਰਵਾਈ ਸੀ। ਵੱਡੀ ਮੰਗ ਕਾਰਨ ਰਜਿਸਟ੍ਰੇਸ਼ਨ ਸਮਾਗਮ ਤੋਂ ਪਹਿਲਾਂ ਹੀ ਬੰਦ ਕਰਨੀ ਪਈ। ਸਮਾਗਮ ਵਿੱਚ ਅੰਤਰ-ਧਾਰਮਿਕ, ਸੱਭਿਆਚਾਰਕ ਅਤੇ ਅਧਿਆਤਮਿਕ ਪ੍ਰੋਗਰਾਮ ਵੀ ਪੇਸ਼ ਕੀਤੇ ਗਏ। ਪ੍ਰਬੰਧਕਾਂ ਨੇ ਇਸ ਨੂੰ ਭਾਰਤੀ ਦਰਸ਼ਨ 'ਵਸੁਧੈਵ ਕੁਟੁੰਬਕਮ' ਅਰਥਾਤ ਸਾਰਾ ਸੰਸਾਰ ਇਕ ਪਰਿਵਾਰ ਹੈ ਦੇ ਸੰਦੇਸ਼ ਨੂੰ ਸਮਰਪਿਤ ਇਕੱਠ ਕਰਾਰ ਦਿੱਤਾ। ਇਸ ਦੇ ਉਲਟ ਮੈਡੀਸਨ ਸਕੁਏਅਰ ਗਾਰਡਨ ਦੇ ਬਾਹਰ ਸਿੱਖਾਂ, ਵੱਖ-ਵੱਖ



ਧਰਮਾਂ ਦੇ ਨੁਮਾਇੰਦਿਆਂ, ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਆਰ.ਐੱਸ.ਐੱਸ.-ਵਿਰੋਧੀ ਸੰਗਠਨਾਂ ਨੇ ਰੋਸ ਪ੍ਰਗਟਾਇਆ। ਪਰਦਰਸ਼ਨ ਕਰ ਰਹੇ ਸਿੱਖਸ ਫਾਰ ਜਸਟਿਸ ਦੇ ਕਾਰਕੁਨਾਂ ਆਰ ਐਸ ਐਸ ਦੇ ਵਰਕਰਾਂ ਤੋ ਤਿਰੰਗਾ ਖੋਹ ਲਿਆ ਗਿਆ ਤੇ ਉਸ ਨੂੰ ਬਾਦ ਵਿੱਚ ਲੀਰੋ ਲੀਰ ਕਰ ਦਿੱਤਾ ਗਿਆ। ਇਸ ਮੌਕੇ ਪ੍ਰਦਰਸ਼ਨਕਾਰੀਆਂ ਤੇ ਆਰ ਐਸ ਐਸ ਦੇ ਵਰਕਰਾਂ ਵਿਚਾਲੇ ਪੁਲਿਸ ਦਾ ਸਖ਼ਤ ਪ੍ਰਬੰਧ ਕੀਤਾ ਗਿਆ ਸੀ।

**ਅਮਰੀਕਾ ਦੇ ਕਈ ਸੂਬਿਆਂ ਤੋਂ ਪਹੁੰਚੀਆਂ ਸਿੱਖ ਸੰਗਤਾਂ**

ਰੋਸ ਮੁਜ਼ਾਹਰੇ ਦੀ ਕਾਲ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ ਦਿੱਤੀ ਗਈ ਸੀ। ਇਸ ਵਿੱਚ ਸਿੱਖਸ ਫਾਰ ਜਸਟਿਸ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ, ਖਾਲਿਸਤਾਨ ਅਫੇਅਰਜ਼ ਸੈਂਟਰ, ਕਾਊਂਸਿਲ ਆਫ ਖਾਲਿਸਤਾਨ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਕਾਕਸ ਕਮੇਟੀ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ, ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਗੁਰਦੁਆਰਾ ਸਿੱਖ ਸੈਂਟਰ ਆਫ ਨਿਊਯਾਰਕ ਅਤੇ ਵਰਲਡ ਸਿੱਖ ਪਾਰਲੀਮੈਂਟ ਸਮੇਤ ਵੱਖ-ਵੱਖ ਪੰਥਕ ਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ। ਨਿਊਯਾਰਕ ਤੋਂ ਇਲਾਵਾ ਨਿਊਜਰਸੀ, ਕਨੈਕਟੀਕਟ, ਪੈਨਸਿਲਵੇਨੀਆ, ਮੈਰੀਲੈਂਡ, ਵਰਜੀਨੀਆ, ਇੰਡਿਆਨਾ ਅਤੇ ਬੋਸਟਨ ਸਮੇਤ ਵੱਖ-ਵੱਖ ਇਲਾਕਿਆਂ ਤੋਂ ਸਿੱਖ ਆਗੂ, ਨੌਜਵਾਨ, ਕਾਰਕੁਨ ਅਤੇ ਸੰਗਤਾਂ ਮੁਜ਼ਾਹਰੇ ਵਿੱਚ ਪਹੁੰਚੀਆਂ। ਪ੍ਰਬੰਧਕਾਂ ਨੇ ਇਸ ਇਕੱਠ ਨੂੰ ਅਮਰੀਕਾ ਵੱਸਦੇ ਸਿੱਖ ਭਾਈਚਾਰੇ ਦੀ ਸੰਗਠਿਤ ਆਵਾਜ਼ ਕਰਾਰ ਦਿੱਤਾ।

**ਸਿੱਖਸ ਫਾਰ ਜਸਟਿਸ ਦੇ ਕਾਰਕੁਨਾਂ ਨੇ ਪ੍ਰਗਟਾਇਆ ਰੋਸ**

ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਅਮਰੀਕਾ ਧਾਰਮਿਕ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਵਾਲੀ ਧਰਤੀ ਹੈ ਅਤੇ ਇੱਥੇ ਘੱਟਗਿਣਤੀਆਂ ਵਿਰੁੱਧ ਨਫ਼ਰਤ ਫੈਲਾਉਣ ਵਾਲੀ ਕਿਸੇ ਵੀ ਵਿਚਾਰਧਾਰਾ ਦਾ ਸ਼ਾਂਤਮਈ ਅਤੇ ਜਮਹੂਰੀ ਢੰਗ ਨਾਲ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਸਿੱਖਸ ਫਾਰ ਜਸਟਿਸ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ, "ਸ੍ਰੀ ਦਰਬਾਰ ਸਾਹਿਬ 'ਤੇ ਜੂਨ 1984 ਦੇ ਭਾਰਤੀ ਫ਼ੌਜੀ ਹਮਲੇ, ਜਿਸ ਦਾ ਆਰ.ਐੱਸ.ਐੱਸ. ਅਤੇ ਭਾਜਪਾ ਨੇ ਸਮਰਥਨ ਕੀਤਾ ਸੀ, ਤੋਂ ਲੈ ਕੇ 1992 ਵਿੱਚ ਬਾਬਰੀ ਮਸਜਿਦ ਢਾਹੇ ਜਾਣ ਅਤੇ ਮਨੀਪੁਰ ਵਿੱਚ ਚਰਚਾਂ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਤੱਕ ਮੋਦੀ ਅਤੇ ਮੋਹਨ ਭਾਗਵਤ ਦੀ ਆਰ.ਐੱਸ.ਐੱਸ.-ਭਾਜਪਾ ਜੋੜੀ ਇਕਹਿਰੇ 'ਹਿੰਦੂ ਰਾਸ਼ਟਰ' ਦੀ ਸਥਾਪਨਾ ਵੱਲ ਵਧ ਰਹੀ ਹੈ।"

(ਬਾਕੀ ਸਫ਼ਾ 26 'ਤੇ)

# ਆਸਟ੍ਰੇਲੀਆ ਦੇ ਸਿੱਖ ਸਮਾਗਮ ਵਿੱਚ ਪੱਗ ਬੰਨ੍ਹਣਾ ਤੇ ਪ੍ਰਵਾਸ ਦੀ ਹਮਾਇਤ ਪਈ ਭਾਰੀ

## ਵਨ ਨੇਸ਼ਨ ਦੇ ਐਮ.ਪੀ. ਡੇਵਿਡ ਫਾਰਲੇ ਖ਼ਿਲਾਫ਼ ਆਪਣਿਆਂ ਨੇ ਹੀ ਖੋਲ੍ਹਿਆ ਮੋਰਚਾ, ਸੱਜੇ-ਪੱਖੀ ਧੜਿਆਂ ਵੱਲੋਂ ਬਾਈਕਾਟ ਦਾ ਐਲਾਨ

ਆਸਟ੍ਰੇਲੀਆ ਦੀ 'ਵਨ ਨੇਸ਼ਨ' ਪਾਰਟੀ ਲੰਬੇ ਸਮੇਂ ਤੋਂ ਬਾਹਰੋਂ ਆਉਣ ਵਾਲੇ ਪ੍ਰਵਾਸੀਆਂ ਦਾ ਵਿਰੋਧ ਕਰਦੀ ਆ ਰਹੀ ਹੈ, ਪਰ ਅੱਜ ਇਹ ਪਾਰਟੀ ਆਪਣੀ ਹੀ ਸੋਚ ਅਤੇ ਆਪਸੀ ਫੁੱਟ ਕਾਰਨ ਵੱਡੀ ਮੁਸੀਬਤ ਵਿੱਚ ਫਸੀ ਹੋਈ ਹੈ। ਪਾਰਟੀ ਦੇ ਨਵੇਂ ਚੁਣੇ ਗਏ ਸੰਸਦ ਮੈਂਬਰ ਡੇਵਿਡ ਫਾਰਲੇ ਵੱਲੋਂ ਪ੍ਰਵਾਸ ਦਰਾਂ ਬਾਰੇ ਦਿੱਤੇ ਗਏ ਬਿਆਨ ਅਤੇ ਇੱਕ ਸਿੱਖ ਧਾਰਮਿਕ ਸਮਾਗਮ ਦੌਰਾਨ ਬਸੰਤੀ ਰੰਗ ਦੀ ਦਸਤਾਰ ਸਜਾਉਣ ਦੀ ਤਸਵੀਰ ਸਾਹਮਣੇ ਆਉਣ ਮਗਰੋਂ ਪਾਰਟੀ ਦੇ ਕੱਟੜ ਸਮਰਥਕ ਵਰਗ ਵਿੱਚ ਭਾਰੀ ਰੋਸ ਫੈਲ ਗਿਆ ਹੈ। ਜਿਸ ਪਾਰਟੀ ਨੇ ਆਪਣੀ ਪੂਰੀ ਸਿਆਸੀ ਬੁਨਿਆਦ ਹੀ ਬਹੁ-ਸਭਿਆਚਾਰਵਾਦ ਦੇ ਵਿਰੋਧ, ਗੋਰੇ ਰਾਸ਼ਟਰਵਾਦ ਅਤੇ ਪ੍ਰਵਾਸੀਆਂ ਨੂੰ ਸੀਮਤ ਕਰਨ ਦੇ ਨਾਅਰਿਆਂ 'ਤੇ ਖੜ੍ਹੀ ਕੀਤੀ ਸੀ, ਅੱਜ ਉਸੇ ਦੀ ਕੱਟੜਵਾਦੀ ਲੀਡਰਸ਼ਿਪ 'ਤੇ ਉਸਦੇ ਸਮਰਥਕਾਂ ਵੱਲੋਂ 'ਵੱਡਾ ਧੋਖਾ' ਦੇਣ ਦਾ ਦੋਸ਼ ਲਗਾਇਆ ਗਿਆ ਹੈ। ਵਿਵਾਦ ਦੀ ਸ਼ੁਰੂਆਤ ਉਦੋਂ ਹੋਈ ਜਦੋਂ ਨਿਊ ਸਾਊਥ ਵੇਲਜ਼ ਦੇ ਫੈਰਰ ਹਲਕੇ ਤੋਂ ਜਿੱਤ ਕੇ ਹੇਠਲੇ ਸਦਨ ਵਿੱਚ ਪਹੁੰਚੇ ਡੇਵਿਡ ਫਾਰਲੇ ਨੇ ਕੌਮੀ ਟੈਲੀਵਿਜ਼ਨ 'ਤੇ ਇਹ ਕਹਿ ਦਿੱਤਾ ਕਿ ਆਸਟ੍ਰੇਲੀਆ ਨੂੰ ਸਾਲਾਨਾ ਲਗਭਗ 2,30,000 ਸ਼ੁੱਧ ਵਿਦੇਸ਼ੀ ਪ੍ਰਵਾਸੀਆਂ ਦੀ ਲੋੜ ਹੈ। ਇਹ ਅੰਕੜਾ ਮੌਜੂਦਾ ਲੇਬਰ ਸਰਕਾਰ ਦੇ ਟੀਚਿਆਂ ਦੇ ਬੇਹੱਦ ਕਰੀਬ ਹੈ,



ਜਦਕਿ ਵਨ ਨੇਸ਼ਨ ਦੀ ਅਧਿਕਾਰਤ ਵੈੱਬਸਾਈਟ ਅਤੇ ਚੋਣ ਮੈਨੀਫੈਸਟੋ ਵਿੱਚ ਇਹ ਅੰਕੜਾ ਘਟਾ ਕੇ 1,30,000 ਤੱਕ ਸੀਮਤ ਕਰਨ ਦਾ ਵਾਅਦਾ ਦਰਜ ਸੀ। ਫਾਰਲੇ ਦਾ ਇਹ ਬਿਆਨ ਸਾਹਮਣੇ ਆਉਂਦਿਆਂ ਹੀ ਕੱਟੜ ਸੱਜੇ-ਪੱਖੀ ਹਲਕਿਆਂ ਵਿੱਚ ਤਰਥੱਲੀ ਮਚ ਗਈ। ਨਾਲ ਹੀ, ਗ੍ਰਿਫਿਥ ਸ਼ਹਿਰ ਵਿੱਚ ਆਯੋਜਿਤ ਇੱਕ ਸਿੱਖ ਸਮਾਗਮ ਵਿੱਚ ਫਾਰਲੇ ਦੀ ਦਸਤਾਰ ਸਜਾਈ ਤਸਵੀਰ ਨੇ ਕੱਟੜਪੰਥੀ ਗੋਰਿਆਂ ਨੂੰ ਹੋਰ ਭੜਕਾ ਦਿੱਤਾ। ਕੱਟੜਪੰਥੀ ਧੜਿਆਂ ਵੱਲੋਂ ਉਨ੍ਹਾਂ ਨੂੰ ਤੁਰੰਤ 'ਦਸਤਾਰਧਾਰੀ ਖੱਬੇ-ਪੱਖੀ ਉਦਾਰਵਾਦੀ' ਕਰਾਰ ਦੇ ਕੇ ਵਨ ਨੇਸ਼ਨ ਦਾ ਪੂਰਨ ਬਾਈਕਾਟ ਕਰਨ ਦੇ ਸੱਦੇ ਦਿੱਤੇ ਜਾਣ ਲੱਗੇ ਹਨ। ਸੈਮ ਬਾਮਫੋਰਡ ਇੱਕ ਸੱਜੇ-ਪੱਖੀ ਇਨਫਲੂਐਂਸਰ ਹੈ, ਨੇ ਫਾਰਲੇ 'ਤੇ ਨਸਲੀ ਤਨਜ਼ ਕੱਸਦਿਆਂ ਉਸ ਨੂੰ ਦਸਤਾਰਧਾਰੀ

(ਬਾਕੀ ਸਫ਼ਾ 26 'ਤੇ)

## ਵਿਸ਼ਵ ਮੰਚ 'ਤੇ ਛਾਈ ਦਸਤਾਰ

# ਕੈਨੇਡੀਅਨ ਪੁਲਿਸ ਅਫ਼ਸਰ ਸੁਖਵਿੰਦਰ ਸਿੰਘ ਬਣੇ ਵੈਨਕੂਵਰ ਪਾਈਪ ਬੈਂਡ ਦੇ ਪਹਿਲੇ ਸਿੱਖ 'ਡਰੱਮ ਮੇਜਰ'

## ਸਕਾਟਿਸ਼ ਧੁਨਾਂ ਅਤੇ ਅਨੁਸ਼ਾਸਨ ਨਾਲ਼ ਸੁਖਵਿੰਦਰ ਸਿੰਘ ਨੇ ਵਿਸ਼ਵ ਭਰ 'ਚ ਵਧਾਇਆ ਪੰਜਾਬੀਆਂ ਦਾ ਮਾਣ

ਸਕਾਟਲੈਂਡ ਦੇ ਇਤਿਹਾਸਕ ਐਡਿਨਬਰਗ ਕੈਸਲ ਦੀ ਧਰਤੀ 'ਤੇ ਅਗਸਤ 2026 ਦੌਰਾਨ ਸਮਾਪਤ ਹੋਏ ਵੱਕਾਰੀ 'ਰੌਇਲ ਐਡਿਨਬਰਗ ਮਿਲਟਰੀ ਟੈਟੂ' ਦੌਰਾਨ ਕੈਨੇਡਾ ਦੇ ਵੈਨਕੂਵਰ ਪੁਲਿਸ ਵਿਭਾਗ ਦੇ ਕਾਂਸਟੇਬਲ ਸੁਖਵਿੰਦਰ 'ਸੂਕੀ' ਸਿੰਘ ਸੰਗਰ ਨੇ ਇੱਕ ਨਵਾਂ ਇਤਿਹਾਸ ਸਿਰਜਿਆ ਹੈ। ਵਿਸ਼ਵ ਦੇ ਸਭ ਤੋਂ ਵੱਡੇ ਮਿਲਟਰੀ ਅਤੇ ਸੱਭਿਆਚਾਰਕ ਸੰਗੀਤਕ ਮੰਚਾਂ ਵਿੱਚੋਂ ਇੱਕ ਉੱਤੇ, ਇੱਕ ਸਦੀ ਤੋਂ ਵੀ ਪੁਰਾਣੇ 'ਵੈਨਕੂਵਰ ਪੁਲਿਸ ਪਾਈਪ ਬੈਂਡ' ਦੀ ਅਗਵਾਈ ਇੱਕ ਦਸਤਾਰਧਾਰੀ ਸਿੱਖ ਅਫ਼ਸਰ ਵੱਲੋਂ 'ਡਰੱਮ ਮੇਜਰ' ਵਜੋਂ ਕੀਤੀ ਗਈ। ਪਰੰਪਰਾਗਤ ਸਕਾਟਿਸ਼ ਹਾਈਲੈਂਡ ਪੁਸ਼ਾਕ (ਰਾਇਲ ਸਟੂਅਰਟ ਟਾਰਟਨ ਕਿਲਟ) ਦੇ ਨਾਲ਼ ਰਵਾਇਤੀ ਖੰਭਾਂ ਵਾਲੀ ਟੋਪੀ ਦੀ ਥਾਂ ਸ਼ਾਨਦਾਰ ਦਸਤਾਰ ਸਜਾ ਕੇ ਜਦੋਂ ਸੁਖਵਿੰਦਰ ਸਿੰਘ ਨੇ ਐਡਿਨਬਰਗ ਐਸਪਲੇਨੇਡ 'ਤੇ ਕਮਾਨ ਸੰਭਾਲੀ, ਤਾਂ ਇਹ ਦ੍ਰਿਸ਼ ਸਿਰਫ਼ ਇੱਕ ਰਸਮੀ ਪਰੇਡ ਨਹੀਂ ਸੀ, ਸਗੋਂ ਕੌਮਾਂਤਰੀ ਪੱਧਰ 'ਤੇ ਸਿੱਖ ਪਛਾਣ, ਵੰਨ-ਸੁਵੰਨਤਾ ਅਤੇ ਅਮੀਰ ਵਿਰਾਸਤਾਂ ਦੇ ਸੁਮੇਲ ਦਾ ਇੱਕ ਸ਼ਾਨਦਾਰ ਪ੍ਰਤੀਕ ਹੋ ਨਿੱਬੜਿਆ।

**ਕੌਣ ਹਨ ਸੁਖਵਿੰਦਰ 'ਸੂਕੀ' ਸਿੰਘ ਸੰਗਰ ?**

ਬ੍ਰਿਟਿਸ਼ ਕੋਲੰਬੀਆ ਦੀ ਵਿਕਟੋਰੀਆ ਸਿਟੀ



ਵਿੱਚ ਪਲੇ-ਵਧੇ ਸੁਖਵਿੰਦਰ ਸਿੰਘ ਨੇ ਮੁੱਢਲੀ ਸਿੱਖਿਆ ਤੋਂ ਬਾਅਦ ਕ੍ਰਿਮੀਨਲ ਜਸਟਿਸ ਦੇ ਖੇਤਰ ਵਿੱਚ ਉਚੇਰੀ ਸਿੱਖਿਆ ਹਾਸਲ ਕੀਤੀ। ਉਨ੍ਹਾਂ ਦੇ ਜਨਤਕ ਸੇਵਾ ਦੇ ਸਫ਼ਰ ਦੀ ਸ਼ੁਰੂਆਤ ਵਿਕਟੋਰੀਆ ਪੁਲਿਸ ਵਿਭਾਗ ਵਿੱਚ ਇੱਕ ਰਿਜ਼ਰਵ ਕਾਂਸਟੇਬਲ ਵਜੋਂ ਹੋਈ। ਇਸ ਉਪਰੰਤ, ਸਾਲ 2002 ਵਿੱਚ ਉਹ ਕੈਨੇਡਾ ਦੇ ਸਭ ਤੋਂ ਵਿਅਸਤ ਅਤੇ ਨਾਮਵਰ ਪੁਲਿਸ ਅਦਾਰਿਆਂ ਵਿੱਚੋਂ ਇੱਕ 'ਵੈਨਕੂਵਰ ਪੁਲਿਸ ਡਿਪਾਰਟਮੈਂਟ' ਦਾ ਹਿੱਸਾ ਬਣੇ।ਪੁਲਿਸ ਵਿਭਾਗ ਵਿੱਚ ਦੋ ਦਹਾਕਿਆਂ ਤੋਂ ਵੱਧ ਦੇ ਲੰਮੇ ਕਾਰਜਕਾਲ ਦੌਰਾਨ ਸੁਖਵਿੰਦਰ ਸਿੰਘ ਨੇ ਕਾਨੂੰਨ ਵਿਵਸਥਾ ਨੂੰ ਲਾਗੂ ਕਰਨ, ਟ੍ਰੈਫਿਕ ਇਨਫੋਰਸਮੈਂਟ ਅਤੇ ਕਮਿਊਨਿਟੀ ਪੁਲੀਸਿੰਗ ਵਰਗੇ ਅਹਿਮ ਖੇਤਰਾਂ ਵਿੱਚ ਮਿਸਾਲੀ ਸੇਵਾਵਾਂ ਦਿੱਤੀਆਂ। ਉਨ੍ਹਾਂ ਦਾ ਸੇਵਾ ਦਾ ਦਾਇਰਾ ਸਿਰਫ਼ ਕੈਨੇਡਾ ਦੀਆਂ ਸਰਹੱਦਾਂ ਤੱਕ ਸੀਮਤ ਨਹੀਂ ਰਿਹਾ; ਉਨ੍ਹਾਂ ਨੇ ਦੱਖਣੀ ਸੂਡਾਨ ਵਿੱਚ ਸੰਯੁਕਤ ਰਾਸ਼ਟਰ ਦੇ ਸ਼ਾਂਤੀ ਮਿਸ਼ਨ ਅਧੀਨ ਤਾਇਨਾਤ ਹੋ ਕੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਕਾਨੂੰਨ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਅਹਿਮ ਭੂਮਿਕਾ ਨਿਭਾਈ। ਇਹ ਅਨੁਭਵ ਉਨ੍ਹਾਂ ਦੇ ਪੇਸ਼ੇਵਰ ਕੱਦ, ਅਨੁਸ਼ਾਸਨ ਅਤੇ ਸੰਕਟ ਪ੍ਰਬੰਧਨ ਦੀ ਡੂੰਘੀ ਯੋਗਤਾ ਨੂੰ ਪ੍ਰਮਾਣਿਤ ਕਰਦਾ ਹੈ।

(ਬਾਕੀ ਸਫ਼ਾ 26 'ਤੇ)

# ਰੱਖੜ ਪੁੰਨਿਆ ਮੌਕੇ ਬਾਬਾ ਬਕਾਲਾ ਵਿੱਚ ਸਿਆਸੀ ਧਿਰਾਂ ਦਾ ਸ਼ਕਤੀ ਪ੍ਰਦਰਸ਼ਨ

## ➢ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਵਿੱਢਿਆ ਸਿਆਸੀ ਦੰਗਲ ➢ ਬਾਬਾ ਬਕਾਲਾ ਰੈਲੀ 'ਚ ਮਾਨ ਦਾ ਦਾਅਵਾ-ਪੂਰੀਆਂ ਕੀਤੀਆਂ ਸਾਰੀਆਂ ਗਾਰੰਟੀਆਂ

## ➢ ਪੰਥ ਵਿਰੋਧੀ ਤਾਕਤਾਂ ਅਕਾਲੀ ਦਲ ਨੂੰ ਖ਼ਤਮ ਕਰਨ ਦੀਆਂ ਸਾਜ਼ਿਸ਼ਾਂ 'ਚ: ਸੁਖਬੀਰ ਬਾਦਲ ➢ 'ਆਪ' ਸਰਕਾਰ ਨੇ ਸੂਬੇ ਨੂੰ ਬਰਬਾਦ ਕੀਤਾ, ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਫੇਲ੍ਹ: ਚੰਨੀ







ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਤਪੋ-ਭੂਮੀ ਬਾਬਾ ਬਕਾਲਾ ਸਾਹਿਬ ਵਿਖੇ ਰੱਖੜ ਪੁੰਨਿਆ ਦੇ ਪਵਿੱਤਰ ਦਿਹਾੜੇ ਮੌਕੇ ਜੁੜੇ ਸਿਆਸੀ ਇਕੱਠਾਂ ਨੇ ਇੱਕ ਵਾਰ ਫਿਰ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਦੀ ਸਿਆਸਤ ਹੁਣ ਪੂਰੀ ਤਰ੍ਹਾਂ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੋੜ 'ਤੇ ਆ ਖੜ੍ਹੀ ਹੋਈ ਹੈ। ਪੰਜਾਬ ਅੰਦਰ ਧਾਰਮਿਕ ਮੇਲਿਆਂ ਅਤੇ ਇਤਿਹਾਸਕ ਜੋੜ ਮੇਲਿਆਂ ਮੌਕੇ ਸਿਆਸੀ ਕਾਨਫਰੰਸਾਂ ਕਰਕੇ ਲੋਕਾਂ ਦੀ ਨਬਜ਼ ਪਛਾਨਣ ਅਤੇ ਆਪਣੀ ਤਾਕਤ ਦਾ ਮੁਜ਼ਾਹਰਾ ਕਰਨ ਦੀ ਰਵਾਇਤ ਦਹਾਕਿਆਂ ਪੁਰਾਣੀ ਹੈ। ਪਰ ਇਸ ਵਾਰ ਵੱਖ-ਵੱਖ ਸਿਆਸੀ ਸਟੇਜਾਂ ਤੋਂ ਉੱਠੀਆਂ ਤਲਖ਼ ਸੁਰਾਂ, ਇੱਕ-ਦੂਜੇ ਖ਼ਿਲਾਫ਼ ਲਾਏ ਗਏ ਗੰਭੀਰ ਦੋਸ਼ ਅਤੇ ਬਦਲਦੇ ਸਮੀਕਰਨ ਇਹ ਸੰਕੇਤ ਦਿੰਦੇ ਹਨ ਕਿ ਆਉਣ ਵਾਲਾ ਸਮਾਂ ਸੂਬੇ ਲਈ ਬੇਹੱਦ ਤਿੱਖੀ ਸਿਆਸੀ ਖਿੱਚੋਤਾਣ ਵਾਲਾ ਹੋਵੇਗਾ।

ਸੱਤਾਧਾਰੀ ਆਮ ਆਦਮੀ ਪਾਰਟੀ ਤੋਂ ਲੈ ਕੇ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਭਾਰਤੀ ਜਨਤਾ ਪਾਰਟੀ ਅਤੇ ਵੱਖ-ਵੱਖ ਪੰਥਕ ਧਿਰਾਂ ਨੇ ਆਪੋ-ਆਪਣੇ ਨੈਰੇਟਿਵ ਤੈਅ ਕਰਕੇ ਚੋਣ ਬਿਗਲ ਵਜਾ ਦਿੱਤਾ ਹੈ, ਪਰ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਕੀ ਇਸ ਸਿਆਸੀ ਸ਼ੋਰ-ਸ਼ਰਾਬੇ ਵਿੱਚ ਪੰਜਾਬ ਦੇ ਅਸਲ ਬੁਨਿਆਦੀ ਦਰਦ ਅਤੇ ਸੰਕਟਾਂ ਦੀ ਗੱਲ ਹੋ ਰਹੀ ਹੈ ?

ਸੱਤਾਧਾਰੀ ਆਮ ਆਦਮੀ ਪਾਰਟੀ ਨੇ ਆਪਣੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਨੂੰ ਮੁੱਖ ਰੱਖਦਿਆਂ ਆਪਣਾ ਰਿਪੋਰਟ ਕਾਰਡ ਪੇਸ਼ ਕਰਨ ਦਾ ਰਾਹ ਚੁਣਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੇ ਸੰਬੋਧਨ ਦੌਰਾਨ ਚੋਣ ਵਾਅਦਿਆਂ ਅਤੇ ਗਾਰੰਟੀਆਂ ਦੀ ਪੂਰਤੀ ਦਾ ਦਾਅਵਾ ਕਰਦਿਆਂ ਸਿੱਧਾ ਨਿਸ਼ਾਨਾ ਰਵਾਇਤੀ ਪਾਰਟੀਆਂ 'ਤੇ ਵਿੰਨ੍ਹਿਆ। ਉਨ੍ਹਾਂ ਕਾਂਗਰਸ ਅਤੇ ਅਕਾਲੀ ਦਲ ਨੂੰ ਪੰਜਾਬ ਦੀ ਤਰੱਕੀ ਨੂੰ ਖੋਰਾ ਲਾਉਣ ਵਾਲੀ 'ਸਿਉਂਕ' ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਇਹ ਧਿਰਾਂ ਪਰਦੇ ਪਿੱਛੇ ਮਿਲੀਆਂ ਹੋਈਆਂ ਹਨ। ਖ਼ਾਸ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਸੰਭਾਵੀ ਗੱਠਜੋੜ ਦੀ ਚਰਚਾ ਨੂੰ ਘੇਰਦਿਆਂ ਮੁੱਖ ਮੰਤਰੀ ਨੇ ਬੇਅਦਬੀ ਕਾਂਡ, ਨਸ਼ਿਆਂ ਅਤੇ ਗੋਲੀਬਾਰੀ ਦੇ ਪੁਰਾਣੇ ਜ਼ਖ਼ਮਾਂ ਨੂੰ ਮੁੜ ਉਭਾਰਿਆ। ਸੱਤਾਧਾਰੀ ਧਿਰ ਦਾ ਇਹ ਸੁਨੇਹਾ ਸਾਫ਼ ਸੀ ਕਿ ਉਹ ਆਪਣੀਆਂ ਲੋਕ-ਭਲਾਈ ਸਕੀਮਾਂ ਦੇ ਸਿਰ 'ਤੇ ਰਵਾਇਤੀ ਲੀਡਰਸ਼ਿਪ ਨੂੰ ਲੋਕਾਂ ਦੀ ਕਚਹਿਰੀ ਵਿੱਚ ਬੇਨਕਾਬ ਕਰਕੇ ਆਪਣੀ ਸਰਕਾਰ ਦੀ ਵਾਪਸੀ ਦਾ ਰਾਹ ਪੱਧਰਾ ਕਰਨਾ ਚਾਹੁੰਦੀ ਹੈ।

ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ (ਬਾਦਲ) ਲਈ ਇਹ ਕਾਨਫਰੰਸ ਆਪਣੀ ਹੋਂਦ ਅਤੇ ਰਵਾਇਤੀ ਜ਼ਮੀਨ ਬਚਾਉਣ ਦੀ ਇਕ ਵੱਡੀ ਜੱਦੋਜਹਿਦ ਸੀ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਥਕ ਸੰਸਥਾਵਾਂ—ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ—ਨੂੰ ਕਮਜ਼ੋਰ ਕਰਨ ਦੀਆਂ ਦਿੱਲੀ ਕੇਂਦਰਿਤ ਸਾਜ਼ਿਸ਼ਾਂ ਦਾ ਨੈਰੇਟਿਵ ਉਸਾਰਿਆ। ਉਨ੍ਹਾਂ ਨੇ ਹਰਿਆਣਾ ਕਮੇਟੀ ਦੇ ਗਠਨ ਨੂੰ ਪੰਥ



ਨੂੰ ਵੰਡਣ ਦੀ ਕਵਾਇਦ ਦੱਸਦਿਆਂ ਪੰਥਕ ਵੋਟਰਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ। ਇਸ ਦੇ ਨਾਲ ਹੀ ਸੂਬਾ ਸਰਕਾਰ ਸਿਰ ਵਧ ਰਹੇ ਕਰਜ਼ੇ, ਇਸ਼ਤਿਹਾਰਬਾਜ਼ੀ ਉੱਤੇ ਹੁੰਦੇ ਬੇਲੋੜੇ ਖ਼ਰਚਿਆਂ ਅਤੇ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਲੈ ਕੇ ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਅਕਾਲੀ ਦਲ ਨੇ ਜਿੱਥੇ ਪੁਰਾਣੇ ਬਾਦਲ ਦੌਰ ਦੇ ਵਿਕਾਸ ਕਾਰਜਾਂ ਨੂੰ ਯਾਦ ਕਰਵਾਇਆ, ਉੱਥੇ ਹੀ ਨਵੇਂ ਉੱਭਰ ਰਹੇ ਪੰਥਕ ਧੜਿਆਂ ਨੂੰ ਸਖ਼ਤ ਚੁਣੌਤੀ ਦਿੰਦਿਆਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਪੰਜਾਬ ਅਤੇ ਕਿਸਾਨੀ ਦਾ ਅਸਲ ਹਿਤੈਸ਼ੀ ਕੇਵਲ ਉਹੀ ਹੈ।

ਮੁੱਖ ਵਿਰੋਧੀ ਧਿਰ ਕਾਂਗਰਸ ਨੇ ਸੂਬੇ ਵਿੱਚ ਫੈਲੀ ਅਸੁਰੱਖਿਆ ਦੀ ਭਾਵਨਾ, ਗੈਂਗਸਟਰਾਂ ਦੀਆਂ ਧਮਕੀਆਂ, ਪਿੰਡਾਂ ਵਿੱਚ ਨਸ਼ਿਆਂ ਦੇ ਕਾਰੋਬਾਰ ਅਤੇ ਨਾਜਾਇਜ਼ ਖਣਨ ਵਰਗੇ ਗੰਭੀਰ ਮੁੱਦਿਆਂ ਨੂੰ ਆਪਣਾ ਮੁੱਖ ਹਥਿਆਰ ਬਣਾਇਆ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਸਰਕਾਰ ਦੇ ਮੁਫ਼ਤ ਬਿਜਲੀ ਦੇ ਵਾਅਦੇ ਅਤੇ ਮੁਲਾਜ਼ਮਾਂ ਦੀ ਨਾਰਾਜ਼ਗੀ ਨੂੰ ਉਭਾਰਦਿਆਂ ਸਰਕਾਰ ਦੇ ਦਾਅਵਿਆਂ ਦੀ ਫੂਕ ਕੱਢਣ ਦੀ ਕੋਸ਼ਿਸ਼ ਕੀਤੀ। ਪਰ ਇਸ ਸਭ ਦੇ ਬਾਵਜੂਦ ਕਾਂਗਰਸ ਦੀ ਸਟੇਜ ਤੋਂ ਸੂਬਾ ਪ੍ਰਧਾਨ ਰਾਜਾ ਵੜਿੰਗ ਦੀ ਗ਼ੈਰ-ਹਾਜ਼ਰੀ ਨੇ ਪਾਰਟੀ ਅੰਦਰਲੀ ਧੜੇਬਾਜ਼ੀ ਅਤੇ ਆਪਸੀ ਤਾਲਮੇਲ ਦੀ ਕਮੀ ਨੂੰ ਜੱਗ-ਜ਼ਾਹਰ ਕਰ ਦਿੱਤਾ, ਜਿਸ ਕਾਰਨ ਜ਼ਮੀਨੀ ਪੱਧਰ 'ਤੇ ਕਾਂਗਰਸ ਦਾ ਉਭਾਰ ਉਸ ਸ਼ਿੱਦਤ ਨਾਲ ਉੱਭਰ ਨਹੀਂ ਸਕਿਆ ਜਿਸ ਦੀ ਵਿਰੋਧੀ ਧਿਰ ਤੋਂ ਉਮੀਦ ਕੀਤੀ ਜਾਂਦੀ ਹੈ।

ਇਸ ਵਾਰ ਦੇ ਸਿਆਸੀ ਇਕੱਠਾਂ ਦਾ ਇਕ ਬੇਹੱਦ ਅਹਿਮ ਅਤੇ ਨਵਾਂ ਪਹਿਲੂ ਭਾਰਤੀ ਜਨਤਾ ਪਾਰਟੀ ਦੀ ਪਲੇਠੀ ਕਾਨਫਰੰਸ ਰਹੀ। ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਹਾਜ਼ਰੀ ਨੇ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਕਿ ਭਾਜਪਾ ਹੁਣ ਪੰਜਾਬ ਵਿੱਚ ਸਿਰਫ਼ ਸਹਿਯੋਗੀ ਬਣ ਕੇ ਰਹਿਣ ਦੀ ਬਜਾਏ ਖ਼ੁਦ ਸੱਤਾ ਦੇ ਧੁਰੇ ਵਜੋਂ ਉੱਭਰਨਾ ਚਾਹੁੰਦੀ ਹੈ।

ਇਸ ਦੌਰਾਨ ਪੰਥਕ ਸਿਆਸਤ ਵਿੱਚ 'ਅਕਾਲੀ ਦਲ (ਵਾਰਿਸ ਪੰਜਾਬ ਦੇ)' ਵੱਲੋਂ ਲਗਾਈ ਗਈ ਸਿਆਸੀ ਸਟੇਜ ਖ਼ਾਸ ਚਰਚਾ ਦਾ ਕੇਂਦਰ ਰਹੀ। ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਸਭ ਤੋਂ ਵੱਡੇ ਦਰਦ 'ਨਸ਼ਿਆਂ ਦੇ ਕੋਹੜ' ਨੂੰ ਮੁੱਖ ਮੁੱਦਾ ਬਣਾਇਆ। ਉਨ੍ਹਾਂ ਐਲਾਨ ਕੀਤਾ ਕਿ ਜੇਕਰ ਉਨ੍ਹਾਂ ਦੀ ਧਿਰ ਸੱਤਾ ਵਿੱਚ ਆਉਂਦੀ ਹੈ ਤਾਂ 1997 ਤੋਂ ਲੈ ਕੇ 2027 ਤੱਕ ਪੰਜਾਬ ਵਿੱਚ ਨਸ਼ਿਆਂ ਦੇ ਫੈਲਾਅ ਅਤੇ ਇਸ ਪਿੱਛੇ ਸਰਪ੍ਰਸਤੀ ਦੇਣ ਵਾਲੇ ਸਿਆਸਤਦਾਨਾਂ ਤੇ ਪ੍ਰਸ਼ਾਸਨਿਕ ਚਿਹਰਿਆਂ ਬਾਰੇ ਇੱਕ ਵਿਸਥਾਰਤ 'ਵ੍ਹਾਈਟ ਪੇਪਰ' ਜਾਰੀ ਕੀਤਾ ਜਾਵੇਗਾ ਅਤੇ ਜਾਂਚ ਰਿਪੋਰਟਾਂ ਜਨਤਕ ਕਰਕੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ। ਇਸੇ ਮੰਚ ਤੋਂ ਬੋਲਦਿਆਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਪੰਥਕ ਦਾਅਵੇਦਾਰੀ ਦਾ ਮੁੱਦਾ ਛੇੜਦਿਆਂ ਕਿਹਾ ਕਿ 'ਪੰਥ ਦਾ ਅਸਲ ਵਾਰਿਸ ਕੌਣ ਹੈ ?', ਇਸ ਦਾ ਅੰਤਿਮ ਫ਼ੈਸਲਾ 2027 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਲੋਕ ਖ਼ੁਦ ਕਰਨਗੇ। ਇਸ ਨੈਰੇਟਿਵ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਧਿਰ ਰਵਾਇਤੀ ਪੰਥਕ ਧੜਿਆਂ ਨੂੰ ਪਿੱਛੇ ਛੱਡ ਕੇ ਨੌਜਵਾਨਾਂ ਅਤੇ ਪੰਥਕ ਵੋਟਰਾਂ ਵਿੱਚ ਆਪਣੀ ਮਜ਼ਬੂਤ ਜਗ੍ਹਾ ਬਣਾਉਣ ਲਈ ਤਤਪਰ ਹੈ।

ਪੰਥਕ ਸਿਆਸਤ ਦੇ ਪਿੜ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵੀ ਆਪਣੀ ਵੱਖਰੀ ਸਿਧਾਂਤਕ ਲੀਹ ਉਲੀਕੀ। ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਤੇ ਕਾਰਜਕਾਰੀ ਪ੍ਰਧਾਨ ਈਮਾਨ ਸਿੰਘ ਮਾਨ ਦੀ ਅਗਵਾਈ ਵਿੱਚ ਹੋਈ 'ਸਾਚਾ ਗੁਰੂ ਲਾਧੋ ਰੇ.. ਮੀਰੀ ਪੀਰੀ ਖ਼ਾਲਿਸਤਾਨੀ ਪੰਥਕ ਕਾਨਫਰੰਸ' ਦੌਰਾਨ ਕੇਂਦਰ ਦੀਆਂ ਨੀਤੀਆਂ ਅਤੇ ਹਿੰਦੂਤਵੀ ਵਿਚਾਰਧਾਰਾ ਦੇ ਪਾਸਾਰ 'ਤੇ ਤਿੱਖੇ ਸਵਾਲ ਖੜ੍ਹੇ ਕੀਤੇ ਗਏ। ਉਨ੍ਹਾਂ ਦੋਸ਼ ਲਾਇਆ ਕਿ ਸਕੂਲਾਂ ਵਿੱਚ 'ਵੰਦੇ ਮਾਤਰਮ' ਵਰਗੇ ਗੀਤਾਂ ਰਾਹੀਂ ਸਿੱਖ ਪਛਾਣ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਸ ਮੰਚ ਤੋਂ ਵਿਦੇਸ਼ਾਂ ਵਿੱਚ ਸਿੱਖਾਂ ਨਾਲ ਵਾਪਰ ਰਹੀਆਂ ਘਟਨਾਵਾਂ ਪ੍ਰਤੀ ਕੌਮ ਨੂੰ ਜਾਗਰੂਕ ਹੋਣ ਦਾ ਸੱਦਾ ਦਿੱਤਾ ਗਿਆ ਅਤੇ ਮਨੁੱਖੀ ਅਧਿਕਾਰਾਂ ਦੇ ਰਾਖੇ ਭਾਈ ਜਸਵੰਤ ਸਿੰਘ ਖਾਲੜਾ ਨੂੰ ਯਾਦ ਕਰਦਿਆਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਕਰਵਾਉਣ ਦੀ ਮੰਗ ਉਠਾਈ ਗਈ। ਕਾਨਫਰੰਸ ਮਗਰੋਂ ਕੱਢਿਆ ਗਿਆ 'ਹਮ ਹਿੰਦੂ ਨਹੀਂ' ਮਾਰਚ ਇਸ ਗੱਲ ਦਾ ਪ੍ਰਤੀਕ ਰਿਹਾ ਕਿ ਮਾਨ ਦਲ ਆਪਣੇ ਰਵਾਇਤੀ ਵਿਚਾਰਧਾਰਕ ਏਜੰਡੇ 'ਤੇ ਕਾਇਮ ਰਹਿ ਕੇ ਪੰਥਕ ਵੋਟਰਾਂ ਨੂੰ ਲਾਮਬੰਦ ਕਰਨਾ ਚਾਹੁੰਦਾ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਸਿਆਸੀ ਪਾਰਟੀਆਂ ਲਈ ਲੋਕਾਂ ਦੇ ਭਾਰੀ ਇਕੱਠ ਜੁਟਾ ਕੇ ਤਾੜੀਆਂ ਬਟੋਰਨਾ ਅਤੇ ਵਿਰੋਧੀਆਂ 'ਤੇ ਚਿੱਕੜ ਉਛਾਲਣਾ ਆਸਾਨ ਹੋ ਸਕਦਾ ਹੈ, ਪਰ ਪੰਜਾਬ ਦੇ ਅਸਲ ਸੰਕਟ ਕਿਸੇ ਵੀ ਧਿਰ ਦੇ ਚੋਣਵੇਂ ਭਾਸ਼ਣਾਂ ਨਾਲ ਹੱਲ ਹੋਣ ਵਾਲੇ ਨਹੀਂ ਹਨ। ਅੱਜ ਪੰਜਾਬ ਇੱਕ ਗੰਭੀਰ ਬਹੁਪੱਖੀ ਸੰਕਟ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਧਰਤੀ ਹੇਠਲੇ ਪਾਣੀ ਦਾ ਤੇਜ਼ੀ ਨਾਲ ਡਿੱਗਦਾ ਪੱਧਰ, ਖੇਤੀਬਾੜੀ ਖੇਤਰ ਦੀ ਆਰਥਿਕ ਖੜੋਤ, ਉਦਯੋਗਾਂ ਦਾ ਹੋਰਨਾਂ ਸੂਬਿਆਂ ਵੱਲ ਪਲਾਇਨ, ਰੁਜ਼ਗਾਰ ਦੀ ਘਾਟ ਕਾਰਨ ਨੌਜਵਾਨਾਂ ਦਾ ਲੱਖਾਂ ਰੁਪਏ ਖ਼ਰਚ ਕੇ ਵਿਦੇਸ਼ਾਂ ਵੱਲ ਹਿਜਰਤ ਕਰਨਾ ਅਤੇ ਨਸ਼ਿਆਂ ਦੀ ਦਲਦਲ ਵਿੱਚ ਗ਼ਰਕ ਹੋ ਰਹੀ ਨੌਜਵਾਨ ਪੀੜ੍ਹੀ—ਇਹ ਅਜਿਹੀਆਂ ਚੁਣੌਤੀਆਂ ਹਨ ਜਿਨ੍ਹਾਂ ਬਾਰੇ ਸਾਰੀਆਂ ਧਿਰਾਂ ਸਿਰਫ਼ ਸਿਆਸੀ ਬਿਆਨਬਾਜ਼ੀ ਤੱਕ ਸੀਮਤ ਹਨ। ਕਿਸੇ ਵੀ ਧਿਰ ਨੇ ਇਨ੍ਹਾਂ ਗੰਭੀਰ ਸਮੱਸਿਆਵਾਂ ਦੇ ਸਥਾਈ ਹੱਲ ਲਈ ਕੋਈ ਵਿਗਿਆਨਕ ਅਤੇ ਠੋਸ ਨੀਤੀਗਤ ਖਾਕਾ ਪੇਸ਼ ਨਹੀਂ ਕੀਤਾ।

ਸਿੱਖ ਚਿੰਤਕ ਗੁਰਤੇਜ ਸਿੰਘ ਆਈ.ਏ.ਐਸ. ਦਾ ਕਹਿਣਾ ਹੈ ਕਿ ਲੋਕਤੰਤਰ ਦੀ ਅਸਲ ਤਾਕਤ ਜਾਗਰੂਕ ਵੋਟਰ ਵਿੱਚ ਹੁੰਦੀ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਵੱਲ ਵਧ ਰਹੇ ਪੰਜਾਬ ਨੂੰ ਅੱਜ ਸਿਰਫ਼ ਭਾਵੁਕ ਲੱਛੇਦਾਰ ਭਾਸ਼ਣਾਂ ਜਾਂ ਮੁਫ਼ਤ ਦੀਆਂ ਸਕੀਮਾਂ ਦੀ ਲੋੜ ਨਹੀਂ, ਸਗੋਂ ਜਵਾਬਦੇਹੀ, ਪਾਰਦਰਸ਼ਤਾ ਅਤੇ ਸੂਬੇ ਦੇ ਸਰਵਪੱਖੀ ਵਿਕਾਸ ਲਈ ਇੱਕ ਦੂਰਅੰਦੇਸ਼ ਰੋਡਮੈਪ ਦੀ ਜ਼ਰੂਰਤ ਹੈ। ਸਿਆਸੀ ਲੀਡਰਸ਼ਿਪ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਪਵਿੱਤਰ ਇਤਿਹਾਸਕ ਅਸਥਾਨਾਂ ਤੋਂ ਦਿੱਤੇ ਸੁਨੇਹੇ ਤਾਂ ਹੀ ਸਾਰਥਕ ਕਹਾ ਸਕਦੇ ਹਨ ਜੇਕਰ ਉਹ ਪੰਜਾਬ ਦੀ ਧਰਤੀ, ਪਾਣੀ, ਜਵਾਨੀ ਅਤੇ ਕਿਸਾਨੀ ਨੂੰ ਬਚਾਉਣ ਲਈ ਇਮਾਨਦਾਰੀ ਨਾਲ ਕੰਮ ਕਰਨ ਦਾ ਸੰਕਲਪ ਲੈਣ।



## ਓਪੀਨੀਅਨ ਪੋਲ-2027

# ਪੰਜਾਬੀ ਕਿਸ ਪਾਰਟੀ ਨੂੰ ਦੇਣਗੇ ਵੋਟ ਅਤੇ ਮੁੱਖ ਮੰਤਰੀ ਵਜੋਂ ਕਿਸ ਆਗੂ ਨੂੰ ਦੇਖਣਾ ਚਾਹੁੰਦੇ ਨੇ ਅੱਗੇ ?

## 'ਆਪ' ਨੂੰ 34 ਫ਼ੀਸਦੀ ਤੇ ਕਾਂਗਰਸ ਨੂੰ 30.2 ਫ਼ੀਸਦੀ ਵੋਟਾਂ ਦਾ ਅਨੁਮਾਨ; 40.1 ਫ਼ੀਸਦੀ ਲੋਕਾਂ ਦੀ ਪਹਿਲੀ ਪਸੰਦ ਬਣੇ ਮਾਨ

## ਕਾਂਗਰਸ ਦੀ ਅੰਦਰੂਨੀ ਧੜੇਬੰਦੀ ਬਣੀ ਵੱਡੀ ਚੁਣੌਤੀ; ਚੰਨੀ 20.6 ਫ਼ੀਸਦੀ ਸਮਰਥਨ ਨਾਲ ਦੂਜੇ ਨੰਬਰ 'ਤੇ



ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ
99142-58142







ਪੰਜਾਬ ਦੀ ਸਿਆਸਤ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਬਿਗਲ ਅਗਾਊਂ ਹੀ ਵੱਜ ਚੁੱਕਾ ਹੈ ਅਤੇ ਸੂਬੇ ਦਾ ਸਿਆਸੀ ਮਾਹੌਲ ਪੂਰੀ ਤਰ੍ਹਾਂ ਭਖਦਾ ਨਜ਼ਰ ਆ ਰਿਹਾ ਹੈ। ਹਾਲ ਹੀ ਵਿੱਚ ਸਾਹਮਣੇ ਆਏ 'ਵੋਟ ਵਾਈਬ' ਅਤੇ 'ਦੇਸ਼ ਕਾ ਵਰਡਿਕਟ' ਵਰਗੇ ਤਾਜ਼ਾ ਚੋਣ ਸਰਵੇਖਣਾਂ ਨੇ ਸੂਬੇ ਦੇ ਸਿਆਸੀ ਮੂਡ ਦੀ ਇੱਕ ਦਿਲਚਸਪ ਅਤੇ ਉਲਝਵੀਂ ਤਸਵੀਰ ਪੇਸ਼ ਕੀਤੀ ਹੈ। ਅੰਕੜਿਆਂ ਮੁਤਾਬਕ ਆਮ ਆਦਮੀ ਪਾਰਟੀ 34 ਫ਼ੀਸਦੀ ਵੋਟ ਹਿੱਸੇਦਾਰੀ ਨਾਲ ਮੁੱਖ ਦੌੜ ਵਿੱਚ ਮੋਹਰੀ ਬਣੀ ਹੋਈ ਹੈ, ਜਦਕਿ ਮੁੱਖ ਵਿਰੋਧੀ ਧਿਰ ਵਜੋਂ ਕਾਂਗਰਸ 30.2 ਫ਼ੀਸਦੀ ਵੋਟ ਸ਼ੇਅਰ ਨਾਲ ਬਿਲਕੁਲ ਉਸ ਦੇ ਪਿੱਛੇ ਖੜ੍ਹੀ ਹੈ। ਹਾਲਾਂਕਿ ਦੋਵਾਂ ਪਾਰਟੀਆਂ ਵਿਚਾਲੇ ਵੋਟਾਂ ਦਾ ਫ਼ਰਕ ਮਹਿਜ਼ 3.8 ਫ਼ੀਸਦੀ ਦਾ ਹੈ, ਪਰ ਜਨਤਕ ਧਾਰਨਾ ਦੇ ਪੱਧਰ 'ਤੇ 36.6 ਫ਼ੀਸਦੀ ਲੋਕਾਂ ਦਾ ਮੰਨਣਾ ਹੈ ਕਿ ਆਮ ਆਦਮੀ ਪਾਰਟੀ ਮੁੜ ਸਰਕਾਰ ਬਣਾ ਸਕਦੀ ਹੈ, ਜਦਕਿ 26.8 ਫ਼ੀਸਦੀ ਲੋਕ ਕਾਂਗਰਸ ਦੀ ਵਾਪਸੀ ਦੀ ਸੰਭਾਵਨਾ ਜਤਾ ਰਹੇ ਹਨ।

ਸਰਵੇਖਣਾਂ ਦੇ ਵਿਸ਼ਲੇਸ਼ਣ ਤੋਂ ਸਾਫ਼ ਪਤਾ ਲੱਗਦਾ ਹੈ ਕਿ ਆਮ ਆਦਮੀ ਪਾਰਟੀ ਦੀ ਇਸ ਮੋਹਰੀ ਸਥਿਤੀ ਪਿੱਛੇ ਸਭ ਤੋਂ ਵੱਡਾ ਆਧਾਰ ਮੁੱਖ ਮੰਤਰੀ ਭਗਵੰਤ ਮਾਨ ਦਾ ਨਿੱਜੀ ਲੋਕ-ਅਧਾਰ ਹੈ। ਮੁੱਖ ਮੰਤਰੀ ਵਜੋਂ ਲੋਕਾਂ ਦੀ ਪਹਿਲੀ ਪਸੰਦ ਦੇ ਸਵਾਲ 'ਤੇ ਭਗਵੰਤ ਮਾਨ 40.1 ਫ਼ੀਸਦੀ ਵੋਟਰਾਂ ਦੇ ਸਮਰਥਨ ਨਾਲ ਬਾਕੀ ਸਾਰੇ ਸਮਕਾਲੀ ਆਗੂਆਂ ਨਾਲੋਂ ਕਾਫ਼ੀ ਅੱਗੇ ਦਿਖਾਈ ਦੇ ਰਹੇ ਹਨ।

ਦੂਜੇ ਪਾਸੇ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ 20.6 ਫ਼ੀਸਦੀ (ਕੁਝ ਸਰਵੇਖਣਾਂ ਵਿੱਚ 34 ਫ਼ੀਸਦੀ ਤੱਕ) ਵੋਟਰ ਮੁੱਖ ਮੰਤਰੀ ਵਜੋਂ ਦੇਖਣਾ ਚਾਹੁੰਦੇ ਹਨ। ਇਸ ਦੌੜ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ 11.7 ਫ਼ੀਸਦੀ, ਭਾਜਪਾ ਦੇ ਕੇਵਲ ਸਿੰਘ ਢਿੱਲੋਂ ਨੂੰ 6.1 ਫ਼ੀਸਦੀ, ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ 5.3 ਫ਼ੀਸਦੀ ਅਤੇ ਸੁਨੀਲ ਜਾਖੜ ਨੂੰ ਮਹਿਜ਼ 0.5 ਫ਼ੀਸਦੀ ਲੋਕਾਂ ਦੀ ਪਸੰਦ ਮਿਲੀ ਹੈ।

ਅੰਕੜੇ ਇਹ ਸਪੱਸ਼ਟ ਸੰਕੇਤ ਦਿੰਦੇ ਹਨ ਕਿ ਹਲਕਾ ਪੱਧਰ 'ਤੇ ਵਿਧਾਇਕਾਂ ਦੀ ਕਾਰਗੁਜ਼ਾਰੀ ਵਿਰੁੱਧ 45.3 ਫ਼ੀਸਦੀ ਲੋਕਾਂ ਵਿੱਚ ਭਾਰੀ ਨਾਰਾਜ਼ਗੀ ਹੋਣ ਦੇ ਬਾਵਜੂਦ, ਭਗਵੰਤ ਮਾਨ ਦਾ ਚਿਹਰਾ ਆਪਣੀ ਪਾਰਟੀ ਲਈ ਇੱਕ ਮਜ਼ਬੂਤ ਸੁਰੱਖਿਆ ਢਾਲ ਬਣਿਆ ਹੋਇਆ ਹੈ।

ਦੂਜੇ ਪਾਸੇ, ਕਾਂਗਰਸ ਲਈ ਇਹ ਚੋਣ ਸੂਬੇ ਵਿੱਚ ਮੁੜ ਉਭਰਨ ਦਾ ਸੁਨਹਿਰੀ ਮੌਕਾ ਲੈ ਕੇ ਆਈ ਹੈ, ਪਰ ਪਾਰਟੀ ਦਾ ਅੰਦਰੂਨੀ ਕਲੇਸ਼ ਉਸ ਦੀ ਸਭ ਤੋਂ ਵੱਡੀ ਕਮਜ਼ੋਰੀ ਸਾਬਤ ਹੋ ਰਿਹਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਦਰਮਿਆਨ ਚੱਲ ਰਹੀ ਧੜੇਬੰਦੀ ਨੇ ਕੇਡਰ ਨੂੰ ਦੁਚਿੱਤੀ ਵਿੱਚ ਪਾਇਆ ਹੋਇਆ ਹੈ। ਜਿੱਥੇ ਚੰਨੀ ਦਾ ਦਲਿਤ ਭਾਈਚਾਰੇ ਅਤੇ ਦੋਆਬਾ ਖੇਤਰ ਵਿੱਚ ਵੱਡਾ ਅਧਾਰ ਹੈ, ਉੱਥੇ ਹੀ ਵੜਿੰਗ ਮਾਲਵੇ ਦੇ ਜੱਟ ਸਿੱਖ ਪ੍ਰਭਾਵ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਵਿੱਚ ਹਨ ਪਰ ਉਹ ਆਪਣਾ ਪੰਜਾਬ ਦੇ ਲੋਕਾਂ ਉਪਰ ਵਧੀਆ ਪ੍ਰਭਾਵ ਨਹੀਂ ਛਡ ਸਕੇ।

ਹਾਲ ਹੀ ਵਿੱਚ ਲੁਧਿਆਣਾ ਦੀ ਮੀਟਿੰਗ ਦੌਰਾਨ ਸੂਬਾ ਇੰਚਾਰਜ ਭੂਪੇਸ਼ ਬਘੇਲ ਦੇ ਸਾਹਮਣੇ ਹੋਏ ਨਾਅਰੇਬਾਜ਼ੀ






ਅਤੇ ਹੰਗਾਮੇ ਨੇ ਪਾਰਟੀ ਦੇ ਆਪਸੀ ਮਤਭੇਦਾਂ ਨੂੰ ਜਨਤਕ ਕਰ ਦਿੱਤਾ ਹੈ। ਜੇਕਰ ਕਾਂਗਰਸ ਹਾਈਕਮਾਂਡ ਇਸ ਧੜੇਬੰਦੀ ਨੂੰ ਸਮੇਂ ਸਿਰ ਖਤਮ ਕਰਕੇ ਕੇ ਇੱਕਜੁੱਟ ਹੋ ਕੇ ਚੋਣ ਮੈਦਾਨ ਵਿੱਚ ਨਹੀਂ ਉੱਤਰਦੀ, ਤਾਂ ਉਹ ਸਰਕਾਰ ਵਿਰੋਧੀ ਵੋਟਾਂ ਦਾ ਪੂਰਾ ਲਾਹਾ ਲੈਣ ਤੋਂ ਖੁੰਝ ਸਕਦੀ ਹੈ।

ਤੀਜੀ ਅਤੇ ਚੌਥੀ ਧਿਰ ਵਜੋਂ ਵਿਚਰ ਰਹੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਰਤੀ ਜਨਤਾ ਪਾਰਟੀ ਲਈ ਹਾਲਾਤ ਬੇਹੱਦ ਚੁਣੌਤੀਪੂਰਨ ਬਣੇ ਹੋਏ ਹਨ। ਸਰਵੇਖਣ ਮੁਤਾਬਕ ਭਾਜਪਾ ਨੂੰ 12.2 ਫ਼ੀਸਦੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ 11.3 ਫ਼ੀਸਦੀ ਵੋਟ ਮਿਲਣ ਦੀ ਉਮੀਦ ਹੈ। ਭਾਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੁਖਬੀਰ ਸਿੰਘ ਬਾਦਲ ਦੀ ਮੁਲਾਕਾਤ ਤੋਂ ਬਾਅਦ ਦੋਵਾਂ ਪਾਰਟੀਆਂ ਵਿਚਾਲੇ ਪੁਰਾਣੇ ਗੱਠਜੋੜ ਨੂੰ ਮੁੜ ਸੁਰਜੀਤ ਕਰਨ ਦੀਆਂ ਕਿਆਸਅਰਾਈਆਂ ਤੇਜ਼ ਹੋਈਆਂ ਸਨ, ਪਰ ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਬੀ.ਐਲ. ਸੰਤੋਸ਼ ਵੱਲੋਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਇਕੱਲਿਆਂ ਲੜਨ ਦੀ ਤਿਆਰੀ ਦੇ ਨਿਰਦੇਸ਼ਾਂ ਨੇ ਇਸ ਗੱਠਜੋੜ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਸੀ।

ਸ਼੍ਰੋਮਣੀ ਅਕਾਲੀ ਦਲ ਆਪਣੇ ਰਵਾਇਤੀ ਪੰਥਕ ਅਤੇ ਦਿਹਾਤੀ ਵੋਟ ਬੈਂਕ ਨੂੰ ਵਾਪਸ ਖਿੱਚਣ ਲਈ ਸੰਘਰਸ਼ ਕਰ ਰਿਹਾ ਹੈ, ਜਦਕਿ ਭਾਜਪਾ ਸ਼ਹਿਰੀ ਹਿੰਦੂ ਵੋਟਰਾਂ ਤੋਂ ਅੱਗੇ ਵਧ ਕੇ ਗ਼ੈਰ-ਜੱਟ ਓ.ਬੀ.ਸੀ., ਦਲਿਤਾਂ ਅਤੇ ਸਰਹੱਦੀ ਖੇਤਰਾਂ ਵਿੱਚ ਪੈਰ ਜਮਾਉਣ ਦੀ ਵਿਉਂਤਬੰਦੀ ਕਰ ਰਹੀ ਹੈ। ਵਿਰੋਧੀ ਧਿਰਾਂ ਦਾ ਵੱਖੋ-ਵੱਖਰੇ ਹੋ ਕੇ ਲੜਨਾ ਸਿੱਧੇ ਤੌਰ 'ਤੇ ਸੱਤਾਧਾਰੀ ਧਿਰ ਨੂੰ ਵੱਡਾ ਚੋਣ ਲਾਭ ਪਹੁੰਚਾ ਰਿਹਾ ਹੈ।

ਮੇਰਾ ਮੰਨਣਾ ਹੈ ਕਿ ਜੇ ਅਕਾਲੀ ਭਾਜਪਾ ਗਠਜੋੜ ਹੁੰਦਾ ਹੈ ਤਾਂ ਸਿਧਾ ਨੁਕਸਾਨ ਆਪ ਨੂੰ ਹੁੰਦਾ ਹੈ ਤੇ ਲਾਭ ਕਾਂਗਰਸ ਨੂੰ ਮਿਲ ਸਕਦਾ ਹੈ ।ਭਾਜਪਾ ਕਦੇ ਨਹੀਂ ਚਾਹੇਗੀ ਕਾਂਗਰਸ ਮੁੜ ਸੱਤਾ ਵਿੱਚ ਆਵੇ।

ਇਸ ਚੋਣ ਵਿੱਚ 'ਅਕਾਲੀ ਦਲ (ਵਾਰਿਸ ਪੰਜਾਬ ਦੇ)' ਅਤੇ ਪੰਥਕ ਧਿਰਾਂ ਦੀ ਭੂਮਿਕਾ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਅਤੇ ਪੰਥਕ ਗਰੁੱਪਾਂ ਨੂੰ ਸਰਵੇਖਣ ਵਿੱਚ ਲਗਭਗ 6.6 ਫ਼ੀਸਦੀ ਵੋਟ ਸ਼ੇਅਰ ਅਤੇ ਮੁੱਖ ਮੰਤਰੀ ਦੇ ਚਿਹਰੇ ਵਜੋਂ 9 ਫ਼ੀਸਦੀ ਸਮਰਥਨ ਮਿਲਦਾ ਦਿਸ ਰਿਹਾ ਹੈ। ਭਾਵੇਂ ਇਹ ਧਿਰ ਪੂਰੇ ਪੰਜਾਬ ਵਿੱਚ ਸਰਕਾਰ ਬਣਾਉਣ ਦੀ ਸਥਿਤੀ ਵਿੱਚ ਨਹੀਂ ਹੈ, ਪਰ ਮਾਝੇ ਅਤੇ ਦਿਹਾਤੀ ਮਾਲਵੇ ਦੇ ਦਰਜਨਾਂ ਹਲਕਿਆਂ ਵਿੱਚ ਇਹ ਪਰੰਪਰਾਗਤ ਪੰਥਕ ਅਤੇ ਕਾਂਗਰਸ ਵਿਰੋਧੀ ਵੋਟਾਂ ਵਿੱਚ ਸੰਨ੍ਹ ਲਗਾ ਕੇ ਨਤੀਜਿਆਂ ਨੂੰ ਉਲਟ-ਪੁਲਟ ਕਰਨ ਦੀ ਪੂਰੀ ਤਾਕਤ ਰੱਖਦੀ ਹੈ। ਇਹ ਬਾਦਲ ਅਕਾਲੀ ਦਲ ਤੇ ਆਪ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਇਸ ਤੋਂ ਇਲਾਵਾ, ਅਕਾਲ ਤਖ਼ਤ ਸਾਹਿਬ ਨਾਲ ਜੁੜੇ ਤਾਜ਼ਾ ਵਿਵਾਦਾਂ ਅਤੇ ਬੇਅਦਬੀ ਦੇ ਮੁੱਦਿਆਂ ਨੇ ਸੂਬੇ ਦੇ ਧਾਰਮਿਕ ਅਤੇ ਭਾਵਨਾਤਮਕ ਮਾਹੌਲ ਨੂੰ ਮੁੜ ਭਖਾ ਦਿੱਤਾ ਹੈ, ਜਿਸ ਦਾ ਅਸਰ ਸਿੱਖ ਵੋਟਰਾਂ ਦੇ ਫ਼ੈਸਲੇ 'ਤੇ ਪੈਣਾ ਲਾਜ਼ਮੀ ਹੈ ।ਜੇਕਰ ਚੋਣ ਏਜੰਡਿਆਂ ਅਤੇ ਮੁੱਦਿਆਂ ਦੀ ਗੱਲ ਕਰੀਏ, ਤਾਂ 2027 ਦੀ ਚੋਣ ਮੁੱਖ ਤੌਰ 'ਤੇ ਸ਼ਾਸਨ, ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਦੇ ਮੁੱਦਿਆਂ 'ਤੇ ਲੜੀ ਜਾਵੇਗੀ। ਸਰਵੇਖਣ ਅਨੁਸਾਰ ਸੂਬੇ ਵਿੱਚ 25.7 ਫ਼ੀਸਦੀ ਵੋਟਰਾਂ ਲਈ ਨਸ਼ਿਆਂ ਦਾ ਕੋਹੜ ਅਤੇ ਕਾਨੂੰਨ-ਵਿਵਸਥਾ ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਹੈ, ਜਦਕਿ 24.3 ਫ਼ੀਸਦੀ ਵੋਟਰ ਬੇਰੁਜ਼ਗਾਰੀ ਅਤੇ ਨੌਜਵਾਨਾਂ ਦੇ ਵਿਦੇਸ਼ਾਂ ਵੱਲ ਹੋ ਰਹੇ ਅੰਨ੍ਹੇਵਾਹ ਪਰਵਾਸ ਨੂੰ ਮੁੱਖ ਮੁੱਦਾ ਮੰਨਦੇ ਹਨ। ਇਸ ਦੇ ਮੁਕਾਬਲੇ 'ਆਪ' ਸਰਕਾਰ ਆਪਣੀਆਂ ਵੱਡੀਆਂ ਲੋਕ-ਭਲਾਈ ਸਕੀਮਾਂ ਜਿਵੇਂ ਕਿ 600 ਯੂਨਿਟ ਮੁਫ਼ਤ ਬਿਜਲੀ, 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ, 'ਮੇਰੀ ਰਸੋਈ' ਯੋਜਨਾ, ਅਤੇ ਖ਼ਾਸ ਕਰਕੇ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਰਾਹੀਂ ਔਰਤਾਂ ਨੂੰ ਦਿੱਤੀ ਜਾ ਰਹੀ 1,000 ਤੋਂ 1,500 ਰੁਪਏ ਦੀ ਮਹੀਨਾਵਾਰ ਵਿੱਤੀ ਸਹਾਇਤਾ ਨੂੰ ਆਪਣੀ ਸਭ ਤੋਂ ਵੱਡੀ ਪ੍ਰਾਪਤੀ ਵਜੋਂ ਪੇਸ਼ ਕਰ ਰਹੀ ਹੈ। ਔਰਤ ਵੋਟਰਾਂ ਵਿੱਚ 'ਆਪ' ਦੀ ਕਾਂਗਰਸ ਨਾਲੋਂ 5.6 ਫ਼ੀਸਦੀ ਦੀ ਬੜ੍ਹਤ ਇਹ ਸਾਬਤ ਕਰਦੀ ਹੈ ਕਿ ਸਿੱਧੇ ਲਾਭ ਵਾਲੀਆਂ ਸਕੀਮਾਂ ਜ਼ਮੀਨੀ ਪੱਧਰ 'ਤੇ ਵੱਡਾ ਅਸਰ ਪਾ ਰਹੀਆਂ ਹਨ।

ਸਿੱਟੇ ਵਜੋਂ, ਪੰਜਾਬ ਦੀ 2027 ਦੀ ਚੋਣ ਕਿਸੇ ਇੱਕ ਪਾਸੜ ਲਹਿਰ ਦੀ ਬਜਾਏ ਹਰੇਕ ਵਿਧਾਨ ਸਭਾ ਹਲਕੇ ਵਿੱਚ ਉਮੀਦਵਾਰ ਦੇ ਅਕਸ, ਸਥਾਨਕ ਕਾਰਗੁਜ਼ਾਰੀ ਅਤੇ ਬਹੁ-ਕੋਣੇ ਮੁਕਾਬਲਿਆਂ 'ਤੇ ਨਿਰਭਰ ਕਰੇਗੀ। ਸਰਵੇਖਣ ਮੁਤਾਬਕ ਲਗਭਗ 71.2 ਫ਼ੀਸਦੀ ਵੋਟਰ ਪਹਿਲਾਂ ਹੀ ਆਪਣਾ ਮਨ ਬਣਾ ਚੁੱਕੇ ਹਨ, ਜਦਕਿ ਬਾਕੀ ਬਚੇ ਵੋਟਰ ਫ਼ਸਵੇਂ ਮੁਕਾਬਲਿਆਂ ਵਿੱਚ ਫ਼ੈਸਲਾਕੁੰਨ ਸਾਬਤ ਹੋਣਗੇ। ਆਮ ਆਦਮੀ ਪਾਰਟੀ ਕੋਲ ਮਜ਼ਬੂਤ ਸੰਗਠਨ, ਪੇਂਡੂ ਪੰਚਾਇਤਾਂ ਵਿੱਚ ਪਕੜ ਅਤੇ ਭਗਵੰਤ ਮਾਨ ਦਾ ਹਰਮਨਪਿਆਰਾ ਚਿਹਰਾ ਹੈ, ਪਰ ਉਸ ਨੂੰ ਵਿਧਾਇਕਾਂ ਪ੍ਰਤੀ ਲੋਕਾਂ ਦੀ ਬੇਰੁਖ਼ੀ ਅਤੇ ਨਸ਼ਿਆਂ ਤੇ ਰੁਜ਼ਗਾਰ ਵਰਗੇ ਅਧੂਰੇ ਵਾਅਦਿਆਂ ਦੇ ਸਵਾਲਾਂ ਦਾ ਸਾਹਮਣਾ ਕਰਨਾ ਪਵੇਗਾ। ਕਾਂਗਰਸ ਲਈ ਚੁਣੌਤੀ ਆਪਣੀ ਧੜੇਬੰਦੀ ਨੂੰ ਖ਼ਤਮ ਕਰਕੇ ਭਰੋਸੇਯੋਗ ਵਿਕਲਪ ਬਣਨ ਦੀ ਹੈ, ਜਦਕਿ ਅਕਾਲੀ ਦਲ, ਭਾਜਪਾ ਅਤੇ ਪੰਥਕ ਧਿਰਾਂ ਦੀ ਵੱਖਰੀ ਚੋਣ ਲੜਾਈ ਪੰਜਾਬ ਦੇ ਚੋਣ ਅਖਾੜੇ ਨੂੰ ਹੋਰ ਵੀ ਰੋਮਾਂਚਕ ਅਤੇ ਅਣਕਿਆਸਿਆ ਬਣਾ ਰਹੀ ਹੈ। ਹਾਲਾਂ ਕਿ ਮੈਂ ਨਹੀਂ ਸਮਝਦਾ ਕਿ ਇਹ ਚੋਣ ਸਰਵੇਖਣ ਅੰਤਮ ਹੈ। ਪੰਜਾਬ ਦੀ ਸਿਆਸਤ ਵਿੱਚ ਅਨੇਕਾਂ ਤਬਦੀਲੀਆਂ, ਗੱਠਜੋੜਾਂ ਦੀ ਸੰਭਾਵਨਾ ਹੈ।

# ਕੀ ਅਕਾਲੀ-ਭਾਜਪਾ ਗਠਜੋੜ ’ਤੇ ਲੱਗੇਗੀ ਮੋਹਰ ?

## ਭਾਜਪਾ 60 ਤੇ ਅਕਾਲੀ ਦਲ 57 ਸੀਟਾਂ ’ਤੇ ਲੜ ਸਕਦਾ ਹੈ ਚੋਣ

## ਵੱਡੇ ਭਰਾ ਦੀ ਭੂਮਿਕਾ ’ਚ ਭਾਜਪਾ, ਬਿਨਾਂ ਸੀ.ਐਮ. ਚਿਹਰੇ ਦੇ ਉਤਰਨਗੇ ਮੈਦਾਨ ਵਿੱਚ

ਪੰਜਾਬ ਦੇ ਸਿਆਸੀ ਗਲਿਆਰਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਸੰਭਾਵੀ ਮੁੜ-ਗਠਜੋੜ ਦੀਆਂ ਚਰਚਾਵਾਂ ਨੇ ਸੂਬੇ ਦੇ ਸਮੁੱਚੇ ਸਿਆਸੀ ਸਮੀਕਰਨਾਂ ਨੂੰ ਹਲੂਣ ਕੇ ਰੱਖ ਦਿੱਤਾ ਹੈ। 2020 ਵਿੱਚ ਕਿਸਾਨੀ ਅੰਦੋਲਨ ਕਾਰਨ ਟੁੱਟੇ ਇਸ ਰਿਸ਼ਤੇ ਨੂੰ ਦੁਬਾਰਾ ਜੋੜਨ ਦੀਆਂ ਕਨਸੋਆਂ ਸਿਰਫ਼ ਦੋ ਪਾਰਟੀਆਂ ਦੀ ਸਾਂਝ ਤੱਕ ਸੀਮਤ ਨਹੀਂ ਹਨ, ਸਗੋਂ ਇਹ ਪੰਜਾਬ ਦੇ ਸਿਆਸੀ ਭਵਿੱਖ, ਅਕਾਲੀ ਦਲ ਦੀ ਹੋਂਦ ਅਤੇ ਪੰਥਕ ਸਿਆਸਤ ਦੀ ਨਵੀਂ ਦਿਸ਼ਾ ਤੈਅ ਕਰਨ ਵਾਲਾ ਅਹਿਮ ਪੜਾਅ ਸਾਬਤ ਹੋਣਗੀਆਂ।

ਪੁਰਾਣੇ ਗਠਜੋੜ ਵਿੱਚ ਅਕਾਲੀ ਦਲ ਵੱਡੀ ਧਿਰ (ਲਗਭਗ 94 ਸੀਟਾਂ) ਅਤੇ ਭਾਜਪਾ ਛੋਟੀ ਧਿਰ (23 ਸੀਟਾਂ) ਵਜੋਂ ਵਿਚਰਦੀ ਸੀ। ਪਰ ਨਵੇਂ ਸਾਹਮਣੇ ਆ ਰਹੇ ਫਾਰਮੂਲੇ (60:57) ਵਿੱਚ ਭਾਜਪਾ ‘ਵੱਡੇ ਭਰਾ’ ਦੀ ਭੂਮਿਕਾ ਵਿੱਚ ਦਿਖਾਈ ਦੇ ਰਹੀ ਹੈ।

2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਸ਼ਹਿਰੀ ਖੇਤਰਾਂ ਵਿੱਚ ਮਜ਼ਬੂਤ ਹੋ ਕੇ ਉੱਭਰੀ ਅਤੇ ਉਸ ਨੇ 23 ਵਿਧਾਨ ਸਭਾ ਹਲਕਿਆਂ ਵਿੱਚ ਵਾਧਾ ਹਾਸਲ ਕੀਤਾ ਸੀ। ਇਸ ਪ੍ਰਦਰਸ਼ਨ ਦੇ ਆਧਾਰ ’ਤੇ ਹੀ ਭਾਜਪਾ 60 ਦੇ ਕਰੀਬ ਸੀਟਾਂ ’ਤੇ ਆਪਣਾ ਦਾਅਵਾ ਠੋਕ ਰਹੀ ਹੈ।

ਮੁੱਖ ਮੰਤਰੀ ਦਾ ਚਿਹਰਾ: ਚੋਣਾਂ ਤੋਂ ਪਹਿਲਾਂ ਕੋਈ ਸੀ.ਐਮ. ਚਿਹਰਾ ਨਾ ਐਲਾਨਣਾ ਅਤੇ ਬਾਅਦ ਵਿੱਚ ਵੱਧ ਸੀਟਾਂ ਜਿੱਤਣ ਵਾਲੀ ਪਾਰਟੀ ਦਾ ਮੁੱਖ ਮੰਤਰੀ ਬਣਾਉਣ ਦੀ ਸ਼ਰਤ ਇਹ ਸਪੱਸ਼ਟ ਕਰਦੀ ਹੈ ਕਿ ਭਾਜਪਾ ਹੁਣ ਪੰਜਾਬ ਵਿੱਚ ਸਿਰਫ਼ ਸਹਿਯੋਗੀ ਬਣ ਕੇ ਨਹੀਂ, ਸਗੋਂ ਰਾਜ ਸੱਤਾ ਦੀ ਮੁੱਖ ਦਾਅਵੇਦਾਰ ਬਣ ਕੇ ਉੱਤਰਨਾ ਚਾਹੁੰਦੀ ਹੈ।

### ਕੀ ਭਾਜਪਾ ਨੂੰ ਹੋਵੇਗਾ ਵੱਧ ਫਾਇਦਾ ?

ਗਠਜੋੜ ਵਿੱਚ ਸ਼ਾਮਲ ਹੋਣ ਨਾਲ ਭਾਜਪਾ ਨੂੰ ਰਣਨੀਤਕ ਅਤੇ ਜ਼ਮੀਨੀ ਪੱਧਰ ’ਤੇ ਵੱਡਾ ਫਾਇਦਾ ਮਿਲਦਾ ਦਿਖਾਈ ਦੇ ਰਿਹਾ ਹੈ:

ਕਿਸਾਨ ਅੰਦੋਲਨ ਤੋਂ ਬਾਅਦ ਪਿੰਡਾਂ ਵਿੱਚ ਭਾਜਪਾ ਪ੍ਰਤੀ ਜੋ ਸਿੱਧਾ ਵਿਰੋਧ ਸੀ, ਅਕਾਲੀ ਦਲ ਦੇ ਪੇਂਡੂ ਕਾਡਰ ਦੇ ਸਹਾਰੇ ਭਾਜਪਾ ਨੂੰ ਪੇਂਡੂ ਪੰਜਾਬ ਵਿੱਚ ਆਧਾਰ ਬਣਾਉਣ ਲਈ ਢਾਲ ਮਿਲੇਗੀ।

ਭਾਜਪਾ ਸ਼ਹਿਰੀ ਹਿੰਦੂ ਵੋਟ ਬੈਂਕ ’ਤੇ ਆਪਣੀ ਪਕੜ ਬਣਾਈ ਰੱਖਦਿਆਂ ਅਕਾਲੀ ਦਲ ਰਾਹੀਂ ਰਵਾਇਤੀ ਸਿੱਖ ਵੋਟ ਦਾ ਸਮਰਥਨ ਜੁਟਾ ਕੇ ਪੰਜਾਬ ਵਿੱਚ ਸਰਕਾਰ ਬਣਾਉਣ ਦੀ ਸਥਿਤੀ ਵਿੱਚ ਆਉਣਾ ਚਾਹੁੰਦੀ ਹੈ।

### ਅਕਾਲੀ ਦਲ ਦੀ ਹੋਂਦ ’ਤੇ ਸੰਕਟ ਜਾਂ ਮੁੜ-ਸੁਰਜੀਤੀ ?

ਅਕਾਲੀ ਦਲ ਲਈ ਇਹ ਫੈਸਲਾ ਦੋਧਾਰੀ ਤਲਵਾਰ ਸਾਬਤ ਹੋ ਸਕਦਾ ਹੈ। ਜੇਕਰ ਅਕਾਲੀ ਦਲ 57 ਸੀਟਾਂ ’ਤੇ ਸਮਝੌਤਾ ਕਰਦਾ ਹੈ, ਤਾਂ ਉਹ ਆਪਣੀ ਖੇਤਰੀ ਲੀਡਰਸ਼ਿਪ ਅਤੇ ਪੰਜਾਬ ਦੀ ਮੁੱਖ ਪਾਰਟੀ ਹੋਣ ਦਾ ਰੁਤਬਾ ਗੁਆ ਸਕਦਾ ਹੈ। ਪੇਂਡੂ ਅਤੇ ਕਿਸਾਨ ਵਰਗ ਵਿੱਚ ਇਹ ਸੁਨੇਹਾ ਜਾ ਸਕਦਾ ਹੈ ਕਿ ਪਾਰਟੀ ਨੇ ਕੇਂਦਰੀ ਸੱਤਾ ਅੱਗੇ ਸਮਝੌਤਾ ਕਰ ਲਿਆ ਹੈ। ਪਿਛਲੀਆਂ ਦੋ ਵਿਧਾਨ ਸਭਾ ਚੋਣਾਂ (2017 ਤੇ 2022) ਵਿੱਚ ਲਗਾਤਾਰ ਹੋਈਆਂ ਹਾਰਾਂ ਅਤੇ ਪਾਰਟੀ ਦੇ ਅੰਦਰੂਨੀ ਵਿਰੋਧ ਕਾਰਨ ਅਕਾਲੀ ਦਲ ਨੂੰ ਮੁੜ ਪੈਰ ਜਮਾਉਣ ਲਈ ਠੋਸ ਸਿਆਸੀ ਗਠਜੋੜ ਦੀ ਜ਼ਰੂਰਤ ਵੀ ਹੈ।




### ਪੰਥਕ ਵੋਟ ਦਾ ਝੁਕਾਅ: ਕੀ ‘ਵਾਰਿਸ ਪੰਜਾਬ ਦੇ’ ਅਤੇ ਕੱਟੜ ਧੜੇ ਹੋਣਗੇ ਮਜ਼ਬੂਤ ?

ਅਕਾਲੀ ਦਲ ਦੇ ਭਾਜਪਾ ਨਾਲ ਜਾਣ ਦਾ ਸਭ ਤੋਂ ਵੱਡਾ ਅਸਰ ਪੰਥਕ ਵੋਟ ਬੈਂਕ ’ਤੇ ਪਵੇਗਾ। ਬੰਦੀ ਸਿੰਘਾਂ ਦੀ ਰਿਹਾਈ, ਕਿਸਾਨੀ ਮੰਗਾਂ, ਪੰਜਾਬ ਦੇ ਦਰਿਆਈ ਪਾਣੀਆਂ ਅਤੇ ਸੰਘੀ ਢਾਂਚੇ ਦੇ ਮੁੱਦਿਆਂ ਨੂੰ ਲੈ ਕੇ ਕੇਂਦਰ ਸਰਕਾਰ ਪ੍ਰਤੀ ਪੰਥਕ ਹਲਕਿਆਂ ਵਿੱਚ ਰੋਸ ਹੈ। ਅਕਾਲੀ ਦਲ ਦੇ ਭਾਜਪਾ ਵੱਲ ਜਾਣ ਨਾਲ ਇਹ ਵਰਗ ਬਾਦਲ ਦਲ ਤੋਂ ਹੋਰ ਦੂਰ ਹੋ ਸਕਦਾ ਹੈ। 2024 ਦੀਆਂ ਚੋਣਾਂ ਵਿੱਚ ਖਡੂਰ ਸਾਹਿਬ ਅਤੇ ਫ਼ਰੀਦਕੋਟ ਤੋਂ ਆਏ ਨਤੀਜਿਆਂ ਨੇ ਸਪੱਸ਼ਟ ਕੀਤਾ ਹੈ ਕਿ ਰਵਾਇਤੀ ਪੰਥਕ ਵੋਟ ਹੁਣ ਬਾਦਲ ਦਲ ਦੀ ਥਾਂ ਨਵੇਂ ਅਤੇ ਰੈਡੀਕਲ ਬਦਲਾਂ ਵੱਲ ਝੁਕ ਰਹੀ ਹੈ। ਜੇਕਰ ਅਕਾਲੀ ਦਲ ਦਿੱਲੀ ਦੀ ਪਾਰਟੀ ਨਾਲ ਸਮਝੌਤਾ ਕਰਦਾ ਹੈ, ਤਾਂ ਪੰਥਕ ਸਿਆਸਤ ਦੀ ਵਾਗਡੋਰ ਪੂਰੀ ਤਰ੍ਹਾਂ ਅੰਮ੍ਰਿਤਪਾਲ ਸਿੰਘ ਵਰਗੇ ਧੜਿਆਂ, ਬਾਗੀ ਅਕਾਲੀ ਧੜਿਆਂ ਜਾਂ ਸੁਤੰਤਰ ਪੰਥਕ ਆਗੂਆਂ ਦੇ ਹੱਥ ਜਾਣ ਦਾ ਖ਼ਦਸ਼ਾ ਕਾਫ਼ੀ ਵਧ ਜਾਵੇਗਾ।

ਅਕਾਲੀ-ਭਾਜਪਾ ਦਾ ਇਹ ਗਠਜੋੜ ਵੋਟਾਂ ਦੇ ਗਣਿਤ (31-32% ਦੇ ਕਰੀਬ) ਦੇ ਹਿਸਾਬ ਨਾਲ ਚੋਣਾਂ ਜਿੱਤਣ ਦਾ ਇੱਕ ਸ਼ਕਤੀਸ਼ਾਲੀ ਫਾਰਮੂਲਾ ਜਾਪਦਾ ਹੈ, ਪਰ ਸਿਆਸਤ ਸਿਰਫ਼ ਅੰਕੜਿਆਂ ਦੀ ਖੇਡ ਨਹੀਂ ਹੁੰਦੀ। ਜੇਕਰ ਅਕਾਲੀ ਦਲ ਨੇ ਪੰਜਾਬ ਦੇ ਜ਼ਮੀਨੀ ਮੁੱਦਿਆਂ ਅਤੇ ਪੰਥਕ ਭਾਵਨਾਵਾਂ ਨੂੰ ਸੰਤੁਸ਼ਟ ਨਾ ਕੀਤਾ, ਤਾਂ ਸੱਤਾ ਦੀ ਇਹ ਸਾਂਝ ਭਾਜਪਾ ਨੂੰ ਤਾਂ ਪੰਜਾਬ ਵਿੱਚ ਪੈਰ ਜਮਾਉਣ ਵਿੱਚ ਮਦਦ ਕਰ ਦੇਵੇਗੀ, ਪਰ ਸ਼੍ਰੋਮਣੀ ਅਕਾਲੀ ਦਲ ਆਪਣੀ ਇਤਿਹਾਸਕ ਪਛਾਣ ਅਤੇ ਜ਼ਮੀਨੀ ਆਧਾਰ ਨੂੰ ਹੋਰ ਗੰਭੀਰ ਸੰਕਟ ਵਿੱਚ ਪਾ ਸਕਦਾ ਹੈ।

### ਪੰਜਾਬ ਵਿੱਚ ਕਾਂਗਰਸ ਦੀ ਸਥਿਤੀ ਕੀ ਹੋਵੇਗੀ ?

ਜੇਕਰ ਪੰਜਾਬ ਵਿੱਚ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਹੁੰਦਾ ਹੈ, ਤਾਂ ਸੂਬੇ ਦੇ ਸਿਆਸੀ ਦ੍ਰਿਸ਼ ਵਿੱਚ ਕਾਂਗਰਸ ਦੀ ਸਥਿਤੀ ਅਤੇ ਭੂਮਿਕਾ ਬਹੁਤ ਹੀ ਦਿਲਚਸਪ ਅਤੇ ਫੈਸਲਾਕੁੰਨ ਹੋ ਜਾਵੇਗੀ। 2024 ਦੀਆਂ ਲੋਕ ਸਭਾ ਚੋਣਾਂ ਵਿੱਚ 7 ਸੀਟਾਂ ਜਿੱਤਣ ਤੋਂ ਬਾਅਦ ਕਾਂਗਰਸ ਪੰਜਾਬ ਵਿੱਚ ਮੁੱਖ ਦਾਅਵੇਦਾਰਾਂ ਵਿੱਚੋਂ ਇੱਕ ਹੈ।

### ਕਾਂਗਰਸ ਨੂੰ ਹੋਣ ਵਾਲੇ ਸਿੱਧੇ ਫਾਇਦੇ

ਐਂਟੀ-ਇਨਕੰਬੈਂਸੀ (ਸਰਕਾਰ ਵਿਰੋਧੀ ਲਹਿਰ) ਦਾ ਮੁੱਖ ਬਦਲ: ਸੱਤਾਧਾਰੀ ‘ਆਮ ਆਦਮੀ ਪਾਰਟੀ’ ਵਿਰੁੱਧ ਜੋ ਨਾਰਾਜ਼ਗੀ ਪੈਦਾ ਹੋਵੇਗੀ, ਉਸ ਦਾ ਸਭ ਤੋਂ ਵੱਡਾ ਅਤੇ ਕੁਦਰਤੀ ਦਾਅਵੇਦਾਰ ਕਾਂਗਰਸ ਬਣ ਸਕਦੀ ਹੈ। ਜੇਕਰ ਲੋਕ ਖੇਤਰੀ ਜਾਂ ਭਾਜਪਾ ਗਠਜੋੜ ’ਤੇ ਭਰੋਸਾ ਨਹੀਂ ਕਰਦੇ, ਤਾਂ ਕਾਂਗਰਸ ਮੁੱਖ ਵਿਕਲਪ ਵਜੋਂ ਉੱਭਰੇਗੀ।

ਭਾਜਪਾ ਨਾਲ ਗਠਜੋੜ ਕਾਰਨ ਜੇਕਰ ਕਿਸਾਨ ਅਤੇ ਪੇਂਡੂ ਵਰਗ ਅਕਾਲੀ ਦਲ ਤੋਂ ਹੋਰ ਨਾਰਾਜ਼ ਹੁੰਦਾ ਹੈ, ਤਾਂ ਕਾਂਗਰਸ ਨੂੰ ਮਾਲਵਾ ਅਤੇ ਮਾਝਾ ਦੇ ਪੇਂਡੂ ਖੇਤਰਾਂ ਵਿੱਚ ਵੱਡਾ ਸਮਰਥਨ ਮਿਲ ਸਕਦਾ ਹੈ।

ਦਲਿਤ ਵੋਟ ਬੈਂਕ ’ਤੇ ਪਕੜ: ਪੰਜਾਬ ਵਿੱਚ 32% ਤੋਂ ਵੱਧ ਦਲਿਤ ਅਬਾਦੀ ਹੈ। ਦੋਆਬਾ ਅਤੇ ਮਾਲਵਾ ਦੇ ਦਲਿਤ ਵੋਟਰ ਰਵਾਇਤੀ ਤੌਰ ’ਤੇ ਕਾਂਗਰਸ ਨਾਲ ਜੁੜੇ ਰਹੇ ਹਨ। ਅਕਾਲੀ-ਭਾਜਪਾ ਦੇ ਇਕੱਠੇ ਹੋਣ ਨਾਲ ਦਲਿਤ ਵੋਟਰਾਂ ਦਾ ਝੁਕਾਅ ਕਾਂਗਰਸ ਵੱਲ ਹੋਰ ਮਜ਼ਬੂਤ ਹੋ ਸਕਦਾ ਹੈ।

### ਕਾਂਗਰਸ ਸਾਹਮਣੇ ਵੱਡੀਆਂ ਚੁਣੌਤੀਆਂ

ਕਾਂਗਰਸ ਦੀ ਪੰਜਾਬ ਵਿੱਚ ਤਾਕਤ ਦਾ ਵੱਡਾ ਹਿੱਸਾ ਸ਼ਹਿਰੀ ਹਿੰਦੂ ਵੋਟਰ ਰਿਹਾ ਹੈ। ਜੇਕਰ ਭਾਜਪਾ 60 ਸੀਟਾਂ ’ਤੇ ਪੂਰੀ ਤਾਕਤ ਨਾਲ ਲੜਦੀ ਹੈ, ਤਾਂ ਇਹ ਸ਼ਹਿਰੀ ਵੋਟ ਬੈਂਕ ਸਿੱਧਾ ਭਾਜਪਾ ਵੱਲ ਸ਼ਿਫਟ ਹੋ ਸਕਦਾ ਹੈ, ਜਿਸ ਨਾਲ ਕਾਂਗਰਸ ਨੂੰ ਸ਼ਹਿਰੀ ਹਲਕਿਆਂ (ਜਿਵੇਂ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਸ਼ਹਿਰੀ, ਪਟਿਆਲਾ) ਵਿੱਚ ਵੱਡਾ ਨੁਕਸਾਨ ਝੱਲਣਾ ਪੈ ਸਕਦਾ ਹੈ।

ਚੋਣਾਂ ਹੁਣ ਆਪ, ਕਾਂਗਰਸ, ਅਕਾਲੀ-ਭਾਜਪਾ ਗਠਜੋੜ ਅਤੇ ਸੁਤੰਤਰ/ਪੰਥਕ ਧੜਿਆਂ ਵਿਚਾਲੇ ਚੌਕੋਣੀ ਜਾਂ ਪੰਜ-ਕੋਣੀ ਟੱਕਰ ਵਿੱਚ ਬਦਲ ਜਾਣਗੀਆਂ। ਅਜਿਹੇ ਮੁਕਾਬਲਿਆਂ ਵਿੱਚ ਵੋਟਾਂ ਦੀ ਵੰਡ ਅਣਕਿਆਸੇ ਨਤੀਜੇ ਦੇ ਸਕਦੀ ਹੈ, ਜਿੱਥੇ 28-30% ਵੋਟਾਂ ਲੈਣ ਵਾਲੀ ਪਾਰਟੀ ਵੀ ਸਰਕਾਰ ਬਣਾ ਸਕਦੀ ਹੈ।

ਕਾਂਗਰਸ ਦੀ ਸਭ ਤੋਂ ਵੱਡੀ ਕਮਜ਼ੋਰੀ ਹਮੇਸ਼ਾ ਉਸ ਦੀ ਅੰਦਰੂਨੀ ਲੀਡਰਸ਼ਿਪ ਦੀ ਖਿੱਚੋਤਾਣ ਰਹੀ ਹੈ। ਜੇਕਰ ਸੂਬਾਈ ਲੀਡਰਸ਼ਿਪ ਇਕਜੁੱਟ ਹੋ ਕੇ ਨਾ ਲੜੀ, ਤਾਂ ਮਜ਼ਬੂਤ ਜ਼ਮੀਨੀ ਆਧਾਰ ਹੋਣ ਦੇ ਬਾਵਜੂਦ ਪਾਰਟੀ ਨੂੰ ਨੁਕਸਾਨ ਹੋ ਸਕਦਾ ਹੈ।

### ਕਾਂਗਰਸ ਦਾ ਅੰਤਿਮ ਸਿਆਸੀ ਸਥਾਨ

ਨਵੇਂ ਸਮੀਕਰਨਾਂ ਮੁਤਾਬਕ ਕਾਂਗਰਸ ਸੱਤਾ ਹਾਸਲ ਕਰਨ ਦੀ ਦੌੜ ਵਿੱਚ ਸਭ ਤੋਂ ਅੱਗੇ ਜਾਂ ਦੂਜੇ ਨੰਬਰ ਦੀ ਮੁੱਖ ਦਾਅਵੇਦਾਰ ਬਣ ਕੇ ਰਹੇਗੀ।

ਜਿੱਥੇ ਅਕਾਲੀ-ਭਾਜਪਾ ਗਠਜੋੜ ਸੱਜੇ-ਪੱਖੀ ਅਤੇ ਰਵਾਇਤੀ ਸਮੀਕਰਨ ਬਣਾਏਗਾ, ਉੱਥੇ ਕਾਂਗਰਸ ਆਪਣੇ ਆਪ ਨੂੰ ਇੱਕ ਧਰਮ ਨਿਰਪੱਖ, ਸਥਿਰ ਅਤੇ ਸਭ ਵਰਗਾਂ ਨੂੰ ਨਾਲ ਲੈ ਕੇ ਚੱਲਣ ਵਾਲੀ ਪਾਰਟੀ ਵਜੋਂ ਪੇਸ਼ ਕਰੇਗੀ। ਜੇਕਰ ਕਾਂਗਰਸ ਆਪਣੇ ਸ਼ਹਿਰੀ ਵੋਟ ਬੈਂਕ ਵਿੱਚ ਵੱਡੀ ਸੰਨ੍ਹ ਲੱਗਣ ਤੋਂ ਰੋਕ ਲੈਂਦੀ ਹੈ ਅਤੇ ਪੇਂਡੂ ਖੇਤਰਾਂ ਵਿੱਚ ਕਿਸਾਨਾਂ ਦਾ ਭਰੋਸਾ ਜਿੱਤਦੀ ਹੈ, ਤਾਂ ਉਹ ਸਰਕਾਰ ਬਣਾਉਣ ਦੀ ਮਜ਼ਬੂਤ ਸਥਿਤੀ ਵਿੱਚ ਆ ਸਕਦੀ ਹੈ।

# ਪੰਜਾਬੀ ਇਨਫ਼ਲੂਐਂਸਰ ਮਨਜੀਤ ਕੌਰ ਦੀ ਪੀ.ਜੀ.ਆਈ. ਵਿੱਚ ਮੌਤ ਦਾ ਜ਼ਿੰਮੇਵਾਰ ਕੌਣ ? ਮਾਂ ਦੇ ਖੁਲਾਸਿਆਂ ਮਗਰੋਂ ਕਤਲ ਕੇਸ ਦਰਜ

## 7 ਹਫ਼ਤਿਆਂ ਦੀ ਗਰਭਵਤੀ ਸੀ ਮਨਜੀਤ ਕੌਰ: ਮਾਂ ਨੇ ਲਾਏ ਵਿਆਹ ਤੋਂ ਇਨਕਾਰ ਤੇ ਸਾਜ਼ਿਸ਼ ਤਹਿਤ ਕਤਲ ਦੇ ਦੋਸ਼

## ਮੋਰਿੰਡਾ ਦੇ ਜੰਗਲ ਵਿੱਚ ਦਰੱਖਤ ਨਾਲ ਬੰਨ੍ਹ ਕੇ ਸਾੜੀ ਗਈ ਸੀ ਇਨਫ਼ਲੂਐਂਸਰ ਮਨਜੀਤ ਕੌਰ

ਬੀਤੇ ਦਿਨੀਂ ਸੋਸ਼ਲ ਮੀਡੀਆ ਇਨਫ਼ਲੂਐਂਸਰ ਅਤੇ ਮੇਕਅੱਪ ਆਰਟਿਸਟ ਮਨਜੀਤ ਕੌਰ ਦੀ ਪੀ.ਜੀ.ਆਈ.ਚੰਡੀਗੜ੍ਹ ਵਿੱਚ ਕਰੀਬ ਦੋ ਮਹੀਨੇ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜਨ ਉਪਰੰਤ ਮੌਤ ਹੋ ਗਈ ਸੀ। ਇਸ ਦਰਦਨਾਕ ਘਟਨਾ ਨੇ ਪੂਰੇ ਇਲਾਕੇ ਵਿੱਚ ਸਨਸਨੀ ਫੈਲਾ ਦਿੱਤੀ ਹੈ। ਮਨਜੀਤ ਦੀ ਮੌਤ ਤੋਂ ਬਾਅਦ ਉਸ ਦੀ ਮਾਂ ਵੱਲੋਂ ਸਾਹਮਣੇ ਆ ਕੇ ਕੀਤੇ ਗਏ ਗੰਭੀਰ ਅਤੇ ਦਿਲ ਕੰਬਾਊ ਖੁਲਾਸਿਆਂ ਨੇ ਮਾਮਲੇ ਨੂੰ ਇੱਕ ਨਵਾਂ ਮੋੜ ਦੇ ਦਿੱਤਾ ਹੈ। ਮਾਂ ਦੇ ਬਿਆਨਾਂ ਦੇ ਆਧਾਰ ’ਤੇ ਚੰਡੀਗੜ੍ਹ ਪੁਲਿਸ ਨੇ ਸੈਕਟਰ-34 ਥਾਣੇ ਵਿੱਚ ਬੀ.ਐੱਨ.ਐੱਸ. ਦੀਆਂ ਸੰਗੀਨ ਧਾਰਾਵਾਂ ਤਹਿਤ ਅਗਵਾ ਅਤੇ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਹੈ ਅਤੇ ਮੁਲਜ਼ਮਾਂ ਦੀ ਭਾਲ ਲਈ ਵੱਡੇ ਪੱਧਰ ’ਤੇ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

### ਵਹਿਸ਼ੀਆਨਾ ਵਾਰਦਾਤ: ਸੈਕਟਰ-34 ਤੋਂ ਅਗਵਾ ਕਰਕੇ ਜੰਗਲ ਵਿੱਚ ਸਾੜਿਆ

ਮ੍ਰਿਤਕਾ ਦੀ ਮਾਂ ਕਾਂਤਾ ਦੇਵੀ ਵੱਲੋਂ ਪੁਲਿਸ ਨੂੰ ਦਿੱਤੀ ਸ਼ਿਕਾਇਤ ਮੁਤਾਬਕ ਵਾਰਦਾਤ ਦੀ ਸ਼ੁਰੂਆਤ 3 ਜੁਲਾਈ ਦੀ ਰਾਤ ਨੂੰ ਹੋਈ। ਸ਼ੁਭੀ ਅਤੇ ਪਿੰਦਾ ਨਾਂ ਦੇ ਦੋ ਵਿਅਕਤੀਆਂ ਨੇ ਮਨਜੀਤ ਨੂੰ ਚੰਡੀਗੜ੍ਹ ਦੇ ਸੈਕਟਰ-34 ਸਥਿਤ ਇੱਕ ਸ਼ਰਾਬ ਦੇ ਠੇਕੇ ਨੇੜੇ ਕਿਸੇ ਬਹਾਨੇ ਸੱਦਿਆ ਸੀ। ਮਾਂ ਦਾ ਦੋਸ਼ ਹੈ ਕਿ ਉੱਥੇ ਪਹੁੰਚਦੇ ਹੀ ਦੋਵਾਂ ਨੇ ਮਨਜੀਤ ਨਾਲ ਬੇਰਹਿਮੀ ਨਾਲ ਕੁੱਟਮਾਰ ਕੀਤੀ ਅਤੇ ਜ਼ਬਰਦਸਤੀ ਗੱਡੀ ਵਿੱਚ ਬਿਠਾ ਕੇ ਅਗਵਾ ਕਰ ਲਿਆ। ਮੁਲਜ਼ਮ ਉਸ ਨੂੰ ਮੋਰਿੰਡਾ ਦੇ ਸੰਘਣੇ ਜੰਗਲਾਤ ਖੇਤਰ ਵਿੱਚ ਲੈ ਗਏ, ਜਿੱਥੇ ਉਸ ਨੂੰ ਇੱਕ ਦਰੱਖਤ ਨਾਲ ਬੰਨ੍ਹ ਕੇ ਜ਼ਿੰਦਾ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਇਸ ਖ਼ੌਫ਼ਨਾਕ ਕਾਰੇ ਦੌਰਾਨ ਮਨਜੀਤ ਦਾ ਇੱਕ ਜਾਣਕਾਰ ਮੌਕੇ ’ਤੇ ਪਹੁੰਚ ਗਿਆ, ਜਿਸ ਨੇ ਤੁਰੰਤ ਕੰਬਲ ਪਾ ਕੇ ਅੱਗ ਬੁਝਾਈ ਅਤੇ ਉਸ ਨੂੰ ਗੰਭੀਰ ਹਾਲਤ ਵਿੱਚ ਮੋਰਿੰਡਾ ਦੇ ਸਥਾਨਕ ਹਸਪਤਾਲ ਪਹੁੰਚਾਇਆ।

### ਮਾਂ ਦੇ ਸਨਸਨੀਖੇਜ਼ ਇਲਜ਼ਾਮ

ਇਸ ਮਾਮਲੇ ਵਿੱਚ ਸਭ ਤੋਂ ਵੱਡਾ ਖੁਲਾਸਾ ਕਰਦਿਆਂ ਕਾਂਤਾ ਦੇਵੀ ਨੇ ਦੱਸਿਆ ਕਿ ਘਟਨਾ ਦੇ ਸਮੇਂ ਮਨਜੀਤ ਕੌਰ ਸੱਤ ਹਫ਼ਤਿਆਂ ਦੀ ਗਰਭਵਤੀ ਸੀ। ਮਾਂ ਨੇ ਰਿੰਕੂ ਨਾਂ ਦੇ ਨੌਜਵਾਨ ’ਤੇ ਸਿੱਧੇ ਦੋਸ਼ ਲਾਉਂਦਿਆਂ ਕਿਹਾ ਕਿ ਉਸ ਦਾ ਮਨਜੀਤ ਨਾਲ ਸੰਬੰਧ ਸੀ ਪਰ ਉਹ ਉਸ ਨਾਲ ਵਿਆਹ ਕਰਵਾਉਣ ਲਈ ਤਿਆਰ ਨਹੀਂ ਸੀ। ਰਿੰਕੂ ਵੱਲੋਂ ਮਨਜੀਤ ’ਤੇ ਲਗਾਤਾਰ ਬੱਚਾ ਗਿਰਾਉਣ (ਗਰਭਪਾਤ ਕਰਵਾਉਣ) ਦਾ ਦਬਾਅ ਬਣਾਇਆ ਜਾ ਰਿਹਾ ਸੀ, ਜਿਸ ਤੋਂ ਇਸ ਪੂਰੀ ਸਾਜ਼ਿਸ਼ ਦੀ ਸ਼ੁਰੂਆਤ ਹੋਈ। ਇਸ ਤੋਂ ਇਲਾਵਾ ਪਰਿਵਾਰ ਨੇ ਅੰਮ੍ਰਿਤਸਰ ਦੀ ਰਹਿਣ ਵਾਲੀ ਨੇਹਾ ਨਾਂ ਦੀ ਔਰਤ ਦੀ ਸ਼ਮੂਲੀਅਤ ’ਤੇ ਵੀ ਗੰਭੀਰ ਸ਼ੰਕੇ ਪ੍ਰਗਟ ਕੀਤੇ ਹਨ। ਹਾਲਾਂਕਿ ਨੇਹਾ ਦਾ ਕਹਿਣਾ ਹੈ ਕਿ ਉਸ ਨੂੰ ਇਸ ਗੱਲ ਦਾ ਕੋਈ ਇਲਮ ਨਹੀਂ ਕਿ ਉਸ ਦਾ ਨਾਂ ਇਸ ਮਾਮਲੇ ਵਿੱਚ ਕਿਉਂ ਘੜੀਸਿਆ ਜਾ ਰਿਹਾ ਹੈ। ਪੁਲਿਸ ਹੁਣ ਰਿੰਕੂ ਅਤੇ ਨੇਹਾ ਦੋਵਾਂ ਨੂੰ ਤਲਬ ਕਰਕੇ ਡੂੰਘਾਈ ਨਾਲ ਪੁੱਛਗਿੱਛ ਕਰਨ ਦੀ ਤਿਆਰੀ ਵਿੱਚ ਹੈ।



### ਕੀ ਪੁਲਿਸ ਨੇ ਲਾਪਰਵਾਹੀ ਕੀਤੀ ?

ਘਟਨਾ ਦੇ ਸ਼ੁਰੂਆਤੀ ਦੌਰ ਵਿੱਚ ਇੱਕ ਵੱਡਾ ਭੰਬਲਭੂਸਾ ਉਸ ਸਮੇਂ ਖੜ੍ਹਾ ਹੋਇਆ ਜਦੋਂ ਪੁਲਿਸ ਰਿਕਾਰਡ ਮੁਤਾਬਕ ਮਨਜੀਤ ਦੀ ਭੈਣ ਨੇ ਸੂਚਨਾ ਦਿੱਤੀ ਸੀ ਕਿ ਮਨਜੀਤ ਘਰ ਵਿੱਚ ਅੱਗ ਲੱਗਣ ਕਾਰਨ ਝੁਲਸ ਗਈ ਹੈ। ਇਸੇ ਆਧਾਰ ’ਤੇ ਮੁੱਢਲੀ ਜਾਣਕਾਰੀ ਖਰੜ ਸਦਰ ਥਾਣੇ ਤੱਕ ਪਹੁੰਚੀ ਸੀ। ਪੁਲਿਸ ਹੁਣ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਘਰ ਵਿੱਚ ਸੜਨ ਦੀ ਝੂਠੀ ਕਹਾਣੀ ਕਿਸ ਦੇ ਕਹਿਣ ’ਤੇ ਅਤੇ ਕਿਉਂ ਬਣਾਈ ਗਈ ਸੀ। ਮੋਰਿੰਡਾ ਤੋਂ ਮਨਜੀਤ ਨੂੰ ਮੋਹਾਲੀ ਦੇ ਮੈਕਸ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਸਰੀਰ ’ਤੇ ਗੰਭੀਰ ਸਾੜ ਦੇ ਨਿਸ਼ਾਨ ਹੋਣ ਦੀ ਪੁਸ਼ਟੀ ਕੀਤੀ ਅਤੇ ਹਾਲਤ ਨਾਜ਼ੁਕ ਦੇਖਦਿਆਂ 9 ਜੁਲਾਈ ਨੂੰ ਪੀ.ਜੀ.ਆਈ. ਰੈਫ਼ਰ ਕਰ ਦਿੱਤਾ।

ਹਸਪਤਾਲ ਵਿੱਚ ਇਲਾਜ ਦੌਰਾਨ 5 ਅਗਸਤ ਨੂੰ ਮਨਜੀਤ ਨੂੰ ਹੋਸ਼ ਆਇਆ ਸੀ। ਉਸ ਨੇ ਪੁਲਿਸ ਨੂੰ ਬੁਲਾ ਕੇ ਆਪਣੇ ਅਧਿਕਾਰਤ ਬਿਆਨ ਦਰਜ ਕਰਵਾਉਣ ਦੀ ਜ਼ੋਰਦਾਰ ਇੱਛਾ ਜਤਾਈ ਸੀ। ਪੀ.ਜੀ.ਆਈ. ਪੁਲਿਸ ਚੌਕੀ ਵੱਲੋਂ ਖਰੜ ਸਦਰ ਥਾਣੇ ਦੇ ਜਾਂਚ ਅਧਿਕਾਰੀ ਏ.ਐੱਸ.ਆਈ. ਕੁਲਵਿੰਦਰ ਸਿੰਘ ਨੂੰ ਫ਼ੋਨ ’ਤੇ ਇਸ ਦੀ ਜਾਣਕਾਰੀ ਵੀ ਦਿੱਤੀ ਗਈ ਸੀ ਅਤੇ ਇਸ ਸਬੰਧੀ ਰੋਜ਼ਨਾਮਚੇ ਵਿੱਚ ਡੀ.ਡੀ.ਆਰ. ਵੀ ਦਰਜ ਕੀਤੀ ਗਈ ਸੀ। ਪਰ ਪਰਿਵਾਰ ਦਾ ਦੋਸ਼ ਹੈ ਕਿ ਪੁਲਿਸ ਅਧਿਕਾਰੀ ਸਮੇਂ ਸਿਰ ਹਸਪਤਾਲ ਬਿਆਨ ਲੈਣ ਨਹੀਂ ਪਹੁੰਚੇ, ਜਿਸ ਕਾਰਨ ਮਨਜੀਤ ਦੇ ਜਿਊਂਦੇ ਜੀਅ ਉਸ ਦੇ ਬਿਆਨ ਕਲਮਬੰਦ ਨਹੀਂ ਹੋ ਸਕੇ ਅਤੇ 26 ਅਗਸਤ ਨੂੰ ਉਸ ਨੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਦਿੱਤਾ।

ਮਨਜੀਤ ਦੀ ਮੌਤ ਤੋਂ ਬਾਅਦ ਚੰਡੀਗੜ੍ਹ ਪੁਲਿਸ ਪੂਰੀ ਤਰ੍ਹਾਂ ਹਰਕਤ ਵਿੱਚ ਆਈ। ਚੰਡੀਗੜ੍ਹ ਦੀ ਡੀ.ਐੱਸ.ਪੀ. (ਦੱਖਣੀ) ਗੁਰਜੀਤ ਕੌਰ ਨੇ ਦੱਸਿਆ ਕਿ ਮ੍ਰਿਤਕਾ ਦੀ ਮਾਂ ਦੀ ਸ਼ਿਕਾਇਤ ’ਤੇ ਥਾਣਾ ਸੈਕਟਰ-34 ਵਿੱਚ ਭਾਰਤੀ ਨਿਆਂ ਸੰਹਿਤਾ (2ਟਛ) ਦੀ ਧਾਰਾ 140(1) (ਅਗਵਾ ਕਰਨਾ), 103(1) (ਕਤਲ) ਅਤੇ 3(5) (ਸਾਂਝੀ ਨੀਅਤ) ਤਹਿਤ ਸ਼ੁਭੀ, ਪਿੰਦਾ ਅਤੇ ਹੋਰਨਾਂ ਖ਼ਿਲਾਫ਼ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਥਾਣਾ ਸੈਕਟਰ-34 ਦੇ ਐੱਸ.ਐੱਚ.ਓ. ਇੰਸਪੈਕਟਰ ਸ਼ਾਦੀ ਲਾਲ ਇਸ ਹਾਈ-ਪ੍ਰੋਫਾਈਲ ਮਾਮਲੇ ਦੀ ਖ਼ੁਦ ਜਾਂਚ ਕਰ ਰਹੇ ਹਨ। ਪੁਲਿਸ ਦੀਆਂ ਵੱਖ-ਵੱਖ ਟੀਮਾਂ ਮੁੱਖ ਮੁਲਜ਼ਮਾਂ ਦੀ ਭਾਲ ਵਿੱਚ ਪੰਜਾਬ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਛਾਪੇਮਾਰੀ ਕਰ ਰਹੀਆਂ ਹਨ। ਇਸ ਦੇ ਨਾਲ ਹੀ ਪੁਲਿਸ ਵੱਲੋਂ ਮਨਜੀਤ ਦੇ ਮੋਬਾਈਲ ਫ਼ੋਨ ਦੀ ਕਾਲ ਡਿਟੇਲ ਰਿਕਾਰਡ, ਘਟਨਾ ਵਾਲੀਆਂ ਥਾਵਾਂ ਦੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਅਤੇ ਹੋਰ ਵਿਗਿਆਨਕ ਸਬੂਤ ਇਕੱਠੇ ਕੀਤੇ ਜਾ ਰਹੇ ਹਨ ਤਾਂ ਜੋ ਪੂਰੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਜਾ ਸਕੇ।

**ਦਰਪਣ ਝੂਠ ਨਹੀਂ ਬੋਲਦਾ**

# ਪੰਜਾਬ ਚੋਣਾਂ: ਬਾਹਰੋਂ 'ਇਕੱਲੇ ਲੜਨ' ਦਾ ਦਾਅਵਾ, ਅੰਦਰੋਂ ਅਕਾਲੀ-ਭਾਜਪਾ 'ਚ ਸੀਟ ਵੰਡ ਦੀਆਂ ਗੁਪਤ ਬੈਠਕਾਂ ਤੇਜ਼

## 50-50 ਫ਼ਾਰਮੂਲੇ 'ਤੇ ਅੜੀ ਭਾਜਪਾ, ਬਾਦਲ ਦਲ ਸਾਹਮਣੇ 'ਵੱਡੇ ਭਰਾ' ਦੀ ਹੋਂਦ ਦਾ ਸੰਕਟ

ਪੰਜਾਬ ਵਿਧਾਨ ਸਭਾ ਚੋਣਾਂ ਦੇ ਨੇੜੇ ਆਉਂਦਿਆਂ ਹੀ ਸੂਬੇ ਦੇ ਰਾਜਸੀ ਪਿੜ ਵਿੱਚ ਨਵੇਂ ਸਮੀਕਰਨਾਂ ਦੀ ਤਾਣੀ ਉਲਝਦੀ ਨਜ਼ਰ ਆ ਰਹੀ ਹੈ। ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੀਆਂ ਕਿਆਸ-ਅਰਾਈਆਂ ਨੇ ਉਸ ਵੇਲੇ ਪੁਖ਼ਤਾ ਰੂਪ ਧਾਰਨ ਕਰ ਲਿਆ ਜਦੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਰਤੀ ਜਨਤਾ ਪਾਰਟੀ ਦਰਮਿਆਨ ਅੰਦਰਖਾਨੇ ਗੱਠਜੋੜ ਲਈ ਗੁਪਤ ਬੈਠਕਾਂ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ। ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਚਾਲੇ ਨਵੀਂ ਦਿੱਲੀ ਵਿੱਚ ਹੋਈ ਮੁਲਾਕਾਤ ਤੋਂ ਬਾਅਦ ਇਹ ਗੱਲ ਸਾਫ਼ ਹੋ ਗਈ ਸੀ ਕਿ ਪੁਰਾਣੇ ਸਿਆਸੀ ਸਾਥੀ ਮੁੜ ਇੱਕ-ਦੂਜੇ ਦੇ ਨੇੜੇ ਆਉਣ ਲਈ ਜ਼ਮੀਨ ਤਲਾਸ਼ ਰਹੇ ਹਨ। ਪਰ ਇਸ ਗੱਲਬਾਤ ਦੇ ਸਮਾਨਾਂਤਰ ਭਾਜਪਾ ਦਾ ਜਨਤਕ ਪੱਧਰ 'ਤੇ ਸਾਰੀਆਂ 117 ਵਿਧਾਨ ਸਭਾ ਸੀਟਾਂ ਉੱਤੇ ਇਕੱਲਿਆਂ ਚੋਣ ਲੜਨ ਦਾ ਦਮਗਜ਼ਾ ਮਾਰਨਾ ਅਤੇ ਦੂਜੇ ਪਾਸੇ ਬੰਦ ਕਮਰਾ ਮੀਟਿੰਗਾਂ ਦਾ ਸਿਲਸਿਲਾ ਜਾਰੀ ਰੱਖਣਾ ਭਾਜਪਾ ਹਾਈਕਮਾਂਡ ਦੀ ਡੂੰਘੀ ਸਿਆਸੀ ਚਾਣਕੀਆ ਨੀਤੀ ਵੱਲ ਇਸ਼ਾਰਾ ਕਰਦਾ ਹੈ।



ਜਨਤਕ ਮੰਚਾਂ ਉੱਤੇ ਇਕੱਲਿਆਂ ਲੜਨ ਦਾ ਦਾਅਵਾ ਅਤੇ ਪਰਦੇ ਪਿੱਛੇ ਗੱਠਜੋੜ ਦੀ ਤਿਆਰੀ ਦਰਅਸਲ ਭਾਜਪਾ ਵੱਲੋਂ ਦਬਾਅ ਦੀ ਸਿਆਸਤ ਦਾ ਇੱਕ ਆਜ਼ਮਾਇਆ ਹੋਇਆ ਹਥਿਆਰ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਭਾਜਪਾ ਪਹਿਲਾਂ ਹੀ ਗੱਠਜੋੜ ਦੀ ਗੱਲ ਕਬੂਲ ਕਰ ਲਵੇ ਅਤੇ ਬਾਅਦ ਵਿੱਚ ਸੀਟ ਵੰਡ ਦੇ ਰੇੜਕੇ ਕਾਰਨ ਸਮਝੌਤਾ ਸਿਰੇ ਨਾ ਚੜ੍ਹੇ, ਤਾਂ ਪਾਰਟੀ ਦਾ ਸਿਆਸੀ ਬਿਰਤਾਂਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦਾ ਹੈ। ਇਸੇ ਲਈ ਬੀ.ਐਲ. ਸੰਤੋਸ਼ ਅਤੇ ਤਰੁਣ ਚੁੱਘ ਵਰਗੇ ਸੀਨੀਅਰ ਆਗੂ ਇਕੱਲਿਆਂ ਲੜਨ ਦੀ ਹੁੰਕਾਰ ਭਰ ਕੇ ਅਕਾਲੀ ਦਲ ਦੇ ਮਨੋਬਲ ਨੂੰ ਪਰਖ ਰਹੇ ਹਨ, ਜਦਕਿ ਜ਼ਮੀਨੀ ਪੱਧਰ 'ਤੇ ਗੱਲਬਾਤ ਦੇ ਦਰਵਾਜ਼ੇ ਪੂਰੀ ਤਰ੍ਹਾਂ ਖੁੱਲ੍ਹੇ ਰੱਖੇ ਗਏ ਹਨ।

ਇਸ ਪੂਰੇ ਘਟਨਾਕ੍ਰਮ ਵਿੱਚ ਸਭ ਤੋਂ ਅਹਿਮ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਕੀ ਭਾਜਪਾ ਅਕਾਲੀ ਦਲ ਉੱਤੇ ਸਿਆਸੀ ਦਬਾਅ ਪਾ ਕੇ ਉਸ ਨੂੰ 'ਬਲੈਕਮੇਲ' ਕਰ ਰਹੀ ਹੈ?

ਸਿਆਸੀ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਭਾਜਪਾ ਆਪਣੇ ਖੇਤਰੀ ਭਾਈਵਾਲਾਂ ਨਾਲ ਸਮੇਂ ਦੇ ਨਾਲ ਨਾਲ ਆਪਣੀ ਸਥਿਤੀ ਮਜ਼ਬੂਤ ਕਰਦੀ ਆਈ ਹੈ। ਬਿਹਾਰ ਦੀ ਮਿਸਾਲ ਸਾਹਮਣੇ ਹੈ, ਜਿੱਥੇ 2010 ਤੱਕ ਜਨਤਾ ਦਲ (ਯੂ) ਵੱਡੀ ਧਿਰ ਹੁੰਦੀ ਸੀ ਅਤੇ ਡੇਢ ਗੁਣਾ ਵੱਧ ਸੀਟਾਂ ਲੜਦੀ ਸੀ, ਪਰ ਹੌਲੀ-ਹੌਲੀ ਭਾਜਪਾ ਨੇ ਨਿਤੀਸ਼ ਕੁਮਾਰ ਦੀ ਪਾਰਟੀ ਨੂੰ ਬਰਾਬਰੀ ਦੇ ਪੱਧਰ 'ਤੇ ਲਿਆ ਖੜ੍ਹਾ ਕੀਤਾ। ਪੰਜਾਬ ਵਿੱਚ ਵੀ ਭਾਜਪਾ ਉਹੀ 'ਬਿਹਾਰ ਮਾਡਲ' ਦੁਹਰਾਉਣ ਦੀ ਫ਼ਰਾਕ ਵਿੱਚ ਹੈ। 1997 ਤੋਂ ਲੈ ਕੇ 2020 ਤੱਕ ਭਾਜਪਾ ਪੰਜਾਬ ਵਿੱਚ ਸਿਰਫ਼ 23 ਸ਼ਹਿਰੀ ਸੀਟਾਂ ਤੱਕ ਸੀਮਤ ਰਹਿ ਕੇ 'ਛੋਟੇ ਭਰਾ' ਦੀ ਭੂਮਿਕਾ ਨਿਭਾਉਂਦੀ ਰਹੀ ਸੀ, ਜਦਕਿ ਅਕਾਲੀ ਦਲ 94 ਸੀਟਾਂ 'ਤੇ ਚੋਣ ਲੜ ਕੇ ਸੂਬੇ ਦਾ ਮੁੱਖ ਚਿਹਰਾ ਬਣਿਆ ਰਹਿੰਦਾ ਸੀ। ਪਰ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਇਕੱਲਿਆਂ ਲੜ ਕੇ 18.56 ਫ਼ੀਸਦੀ ਵੋਟ ਹਿੱਸੇਦਾਰੀ ਹਾਸਲ ਕੀਤੀ ਅਤੇ 23 ਵਿਧਾਨ ਸਭਾ ਹਲਕਿਆਂ ਵਿੱਚ ਬੜ੍ਹਤ ਬਣਾਈ, ਜਦਕਿ ਅਕਾਲੀ ਦਲ ਮਹਿਜ਼ 13.42 ਫ਼ੀਸਦੀ ਵੋਟਾਂ 'ਤੇ ਸਿਮਟ ਗਿਆ। ਇਸ ਵੋਟ ਫ਼ੀਸਦੀ ਨੇ ਭਾਜਪਾ ਨੂੰ ਸੌਦੇਬਾਜ਼ੀ ਦੀ ਤਾਕਤ ਬਖ਼ਸ਼ੀ ਹੈ ਅਤੇ ਹੁਣ ਉਹ 47 ਤੋਂ 52 ਸੀਟਾਂ 'ਤੇ ਦਾਅਵਾ ਠੋਕ ਰਹੀ ਹੈ ਭਾਜਪਾ 50 ਦੇ ਕਰੀਬ ਸੀਟਾਂ ਮੰਗ ਰਹੀ ਹੈ, ਜਿਨ੍ਹਾਂ ਵਿੱਚੋਂ ਕੁਝ ਸੀਟਾਂ ਉਹ ਬਾਗ਼ੀ ਅਕਾਲੀ ਧੜੇ ਦੇ ਆਗੂਆਂ ਨੂੰ ਆਪਣੇ ਖਾਤੇ ਵਿੱਚੋਂ ਦੇਣ ਦੀ ਤਜਵੀਜ਼ ਰੱਖਦੀ ਹੈ। (ਬਾਕੀ ਸਫ਼ਾ 26 'ਤੇ)

# ਅਮਰੀਕਾ 'ਚ ਡਿੱਗੀ ਭਾਰਤ ਦੀ ਲੋਕਪ੍ਰਿਅਤਾ; ਪਹਿਲੀ ਵਾਰ 50% ਲੋਕਾਂ ਨੇ ਪ੍ਰਗਟਾਇਆ ਨਕਾਰਾਤਮਕ ਨਜ਼ਰੀਆ

## ਪਿਊ ਰਿਸਰਚ ਦਾ ਵੱਡਾ ਦਾਅਵਾ: ਅਮਰੀਕੀ ਨੌਜਵਾਨਾਂ ਵਿੱਚ ਭਾਰਤ ਦਾ ਅਕਸ ਕਮਜ਼ੋਰ

ਕੌਮਾਂਤਰੀ ਸਬੰਧਾਂ ਅਤੇ ਵਿਦੇਸ਼ ਨੀਤੀ ਦੇ ਇਤਿਹਾਸ ਵਿੱਚ ਲੋਕ-ਰਾਏ ਹਮੇਸ਼ਾ ਇੱਕ ਅਹਿਮ ਭੂਮਿਕਾ ਨਿਭਾਉਂਦੀ ਰਹੀ ਹੈ। ਸਰਕਾਰਾਂ ਦਰਮਿਆਨ ਸਾਂਝੇਦਾਰੀ ਭਾਵੇਂ ਕਿੰਨੀ ਵੀ ਮਜ਼ਬੂਤ ਕਿਉਂ ਨਾ ਹੋਵੇ, ਜੇਕਰ ਦੋਵਾਂ ਮੁਲਕਾਂ ਦੇ ਆਮ ਨਾਗਰਿਕਾਂ ਵਿੱਚ ਇੱਕ-ਦੂਜੇ ਪ੍ਰਤੀ ਭਰੋਸਾ ਅਤੇ ਹਾਂ-ਪੱਖੀ ਨਜ਼ਰੀਆ ਘਟਣ ਲੱਗੇ, ਤਾਂ ਉਹ ਸਬੰਧ ਲੰਮੇ ਸਮੇਂ ਤੱਕ ਸਥਿਰ ਨਹੀਂ ਰਹਿ ਸਕਦੇ। ਵਾਸ਼ਿੰਗਟਨ ਸਥਿਤ ਨਾਮਵਰ ਥਿੰਕ ਟੈਂਕ 'ਪਿਊ ਰਿਸਰਚ ਸੈਂਟਰ' ਦੇ 2026 ਦੇ ਤਾਜ਼ਾ ਸਰਵੇਖਣ ਨੇ ਭਾਰਤ ਅਤੇ ਅਮਰੀਕਾ ਦੇ ਦੁਵੱਲੇ ਸਬੰਧਾਂ ਦੇ ਇਸੇ ਪਹਿਲੂ 'ਤੇ ਇੱਕ ਗੰਭੀਰ ਅਤੇ ਚਿੰਤਾਜਨਕ ਸਵਾਲ ਖੜ੍ਹਾ ਕਰ ਦਿੱਤਾ ਹੈ। ਪਿਛਲੇ 18 ਸਾਲਾਂ ਦੇ ਸਰਵੇਖਣ ਇਤਿਹਾਸ ਵਿੱਚ ਇਹ ਪਹਿਲੀ ਵਾਰ ਦਰਜ ਕੀਤਾ ਗਿਆ ਹੈ ਕਿ ਅਮਰੀਕਾ ਵਿੱਚ ਭਾਰਤ ਨੂੰ ਨਾਪਸੰਦ ਕਰਨ ਵਾਲਿਆਂ ਦੀ ਗਿਣਤੀ ਪਸੰਦ ਕਰਨ ਵਾਲਿਆਂ ਨਾਲੋਂ ਵੱਧ ਗਈ ਹੈ।

ਸਰਵੇਖਣ ਦੇ ਅੰਕੜਿਆਂ ਮੁਤਾਬਕ 50 ਫ਼ੀਸਦੀ ਅਮਰੀਕੀ ਹੁਣ ਭਾਰਤ ਨੂੰ ਨਕਾਰਾਤਮਕ ਨਜ਼ਰੀਏ ਨਾਲ ਦੇਖਦੇ ਹਨ, ਜਦਕਿ ਹਾਂ-ਪੱਖੀ ਸੋਚ ਰੱਖਣ ਵਾਲਿਆਂ ਦੀ ਦਰ ਘੱਟ ਕੇ 45 ਫ਼ੀਸਦੀ ਰਹਿ ਗਈ ਹੈ। ਜੇਕਰ ਇਸ ਰੁਝਾਨ ਦੀ ਪਿਛੋਕੜ ਵੱਲ ਨਜ਼ਰ ਮਾਰੀਏ, ਤਾਂ ਇਹ ਗਿਰਾਵਟ ਅਚਾਨਕ ਨਹੀਂ ਬਲਕਿ ਲਗਾਤਾਰ ਵਾਪਰ ਰਹੀ ਹੈ। ਸਾਲ 2008 ਵਿੱਚ, ਜਦੋਂ ਪਿਊ ਨੇ ਪਹਿਲੀ ਵਾਰ ਇਹ ਸਰਵੇਖਣ ਸ਼ੁਰੂ ਕੀਤਾ ਸੀ, ਉਦੋਂ ਦੋ-ਤਿਹਾਈ (ਲਗਭਗ 66 ਫ਼ੀਸਦੀ) ਅਮਰੀਕੀਆਂ ਦੀ ਰਾਏ ਭਾਰਤ ਪ੍ਰਤੀ ਪੂਰੀ ਤਰ੍ਹਾਂ ਹਾਂ-ਪੱਖੀ ਸੀ। ਪਰ ਹਾਲੀਆ ਸਾਲਾਂ ਵਿੱਚ ਇਹ ਅੰਕੜਾ ਤੇਜ਼ੀ ਨਾਲ ਹੇਠਾਂ ਆਇਆ ਹੈ—2023 ਵਿੱਚ ਇਹ 51 ਫ਼ੀਸਦੀ ਸੀ, 2025 ਵਿੱਚ ਘੱਟ ਕੇ 49 ਫ਼ੀਸਦੀ ਰਹਿ ਗਿਆ ਅਤੇ 2026 ਤੱਕ ਪਹੁੰਚਦਿਆਂ 45 ਫ਼ੀਸਦੀ 'ਤੇ ਆ ਡਿੱਗਿਆ।

ਇਸ ਸਰਵੇਖਣ ਦਾ ਸਭ ਤੋਂ ਵੱਧ ਚਿੰਤਾਜਨਕ ਪਹਿਲੂ ਉਮਰ ਦੇ ਹਿਸਾਬ ਨਾਲ ਵੰਡੀ ਗਈ ਲੋਕ-ਰਾਏ ਹੈ। ਅੰਕੜੇ ਦਰਸਾਉਂਦੇ ਹਨ ਕਿ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ 50 ਫ਼ੀਸਦੀ ਬਜ਼ੁਰਗ ਅਮਰੀਕੀ ਅਜੇ ਵੀ ਭਾਰਤ ਨੂੰ ਪਸੰਦ ਕਰਦੇ ਹਨ। ਇਸ ਦੇ ਉਲਟ, 18 ਤੋਂ 29 ਸਾਲ ਦੀ ਨੌਜਵਾਨ ਪੀੜ੍ਹੀ ਵਿੱਚ ਭਾਰਤ ਨੂੰ ਪਸੰਦ ਕਰਨ ਵਾਲਿਆਂ ਦੀ ਦਰ ਸਿਰਫ਼ 42 ਫ਼ੀਸਦੀ ਰਹਿ ਗਈ ਹੈ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਅਮਰੀਕਾ ਦੀ ਪੁਰਾਣੀ ਪੀੜ੍ਹੀ, ਜਿਸ ਨੇ ਭਾਰਤ ਨੂੰ ਇੱਕ ਉੱਭਰਦੀ ਜਮਹੂਰੀਅਤ ਵਜੋਂ ਦੇਖਿਆ ਸੀ, ਉਸ ਦੇ ਮੁਕਾਬਲੇ ਨੌਜਵਾਨ ਪੀੜ੍ਹੀ ਵਿੱਚ ਭਾਰਤ ਦੀ ਸਾਖ ਨੂੰ ਸੱਟ ਵੱਜੀ ਹੈ। ਜਿਵੇਂ-ਜਿਵੇਂ ਇਹ ਨੌਜਵਾਨ ਪੀੜ੍ਹੀ ਆਉਣ ਵਾਲੇ ਸਮੇਂ ਵਿੱਚ ਅਮਰੀਕਾ ਦੀ ਨੀਤੀ-ਘਾੜੀ, ਪ੍ਰਸ਼ਾਸਨ ਅਤੇ ਰਾਜਨੀਤੀ ਦੀ ਵਾਗਡੋਰ ਸੰਭਾਲੇਗੀ, ਭਾਰਤ ਪ੍ਰਤੀ ਇਹ ਨਕਾਰਾਤਮਕ ਨਜ਼ਰੀਆ ਦੋਵਾਂ ਦੇਸ਼ਾਂ ਦੇ ਰਣਨੀਤਕ ਅਤੇ ਆਰਥਿਕ ਸਮਝੌਤਿਆਂ 'ਤੇ ਵੀ ਅਸਰ ਪਾ ਸਕਦਾ ਹੈ।

ਹਾਲਾਂਕਿ, ਜੇਕਰ ਵਿਸ਼ਵ ਪੱਧਰ 'ਤੇ ਨਜ਼ਰ ਮਾਰੀਏ ਤਾਂ ਤਸਵੀਰ ਪੂਰੀ ਤਰ੍ਹਾਂ ਇਕਪਾਸੜ ਨਹੀਂ ਹੈ। 36 ਦੇਸ਼ਾਂ ਵਿੱਚ ਕੀਤੇ ਗਏ ਇਸ ਸਰਵੇਖਣ ਮੁਤਾਬਕ ਔਸਤਨ 45 ਫ਼ੀਸਦੀ ਲੋਕ ਭਾਰਤ ਨੂੰ ਹਾਂ-ਪੱਖੀ ਅਤੇ 41 ਫ਼ੀਸਦੀ ਨਕਾਰਾਤਮਕ ਢੰਗ ਨਾਲ ਦੇਖਦੇ ਹਨ। ਕਈ ਪ੍ਰਮੁੱਖ ਦੇਸ਼ਾਂ ਵਿੱਚ ਭਾਰਤ ਦੀ ਲੋਕਪ੍ਰਿਅਤਾ ਅਜੇ ਵੀ ਕਾਫ਼ੀ ਮਜ਼ਬੂਤ ਹੈ। ਸ਼੍ਰੀਲੰਕਾ ਵਿੱਚ 79 ਫ਼ੀਸਦੀ, ਬਰਤਾਨੀਆ ਅਤੇ ਕੀਨੀਆ ਵਿੱਚ 71 ਫ਼ੀਸਦੀ, ਜਰਮਨੀ ਵਿੱਚ 63 ਫ਼ੀਸਦੀ, ਇਟਲੀ ਵਿੱਚ 56 ਫ਼ੀਸਦੀ, ਜਾਪਾਨ, ਸਵੀਡਨ ਤੇ ਥਾਈਲੈਂਡ ਵਿੱਚ 55 ਫ਼ੀਸਦੀ ਅਤੇ ਕੈਨੇਡਾ ਵਿੱਚ 51 ਫ਼ੀਸਦੀ ਲੋਕ ਭਾਰਤ ਦੇ ਹੱਕ ਵਿੱਚ ਸੋਚਦੇ ਹਨ। ਇਸ ਦੇ ਨਾਲ ਹੀ, ਖ਼ੁਦ ਅਮਰੀਕਾ ਦੀ ਆਪਣੀ ਸਾਖ ਵੀ ਦੁਨੀਆ ਭਰ ਵਿੱਚ ਦਬਾਅ ਹੇਠ ਹੈ, ਜਿੱਥੇ 57 ਫ਼ੀਸਦੀ ਗਲੋਬਲ ਨਾਗਰਿਕ ਅਮਰੀਕਾ ਨੂੰ ਨਕਾਰਾਤਮਕ ਨਜ਼ਰੀਏ ਨਾਲ ਦੇਖਦੇ ਹਨ।

ਪਰ ਇਸ ਤੁਲਨਾ ਦੇ ਬਾਵਜੂਦ, ਭਾਰਤ ਲਈ ਅਮਰੀਕੀ ਜਨਤਾ ਵਿੱਚ ਆਪਣੇ ਅਕਸ ਦੇ ਡਿੱਗਣ ਨੂੰ ਨਜ਼ਰਅੰਦਾਜ਼ ਕਰਨਾ ਵੱਡੀ ਭੁੱਲ ਹੋਵੇਗੀ। ਕੌਮਾਂਤਰੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਰੁਝਾਨ ਭਾਰਤ ਦੀ 'ਸਾਫਟ ਪਾਵਰ' ਅਤੇ ਜਮਹੂਰੀ ਪਛਾਣ ਸਾਹਮਣੇ ਇੱਕ ਵੱਡੀ ਚੁਣੌਤੀ ਹੈ। ਸਿਰਫ਼ ਉੱਚ ਪੱਧਰੀ ਸਰਕਾਰੀ ਮੁਲਾਕਾਤਾਂ, ਰੱਖਿਆ ਸੌਦੇ ਜਾਂ ਵਪਾਰਕ ਸਮਝੌਤੇ ਹੀ ਦੋਸਤੀ ਦਾ ਆਧਾਰ ਨਹੀਂ ਹੁੰਦੇ; ਅਸਲ ਮਜ਼ਬੂਤੀ ਦੋਵਾਂ ਮੁਲਕਾਂ ਦੇ ਨਾਗਰਿਕਾਂ ਦੇ ਆਪਸੀ ਭਰੋਸੇ ਵਿੱਚੋਂ ਨਿਕਲਦੀ ਹੈ।


ਭਾਰਤ ਸਰਕਾਰ ਅਤੇ ਵਿਦੇਸ਼ ਨੀਤੀ ਨਿਰਮਾਤਾਵਾਂ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਰੱਖਿਆ ਅਤੇ ਵਪਾਰਕ ਭਾਈਵਾਲੀ ਦੇ ਨਾਲ-ਨਾਲ ਪੱਛਮੀ ਮੁਲਕਾਂ ਵਿੱਚ ਪਬਲਿਕ ਡਿਪਲੋਮੇਸੀ (ਜਨ ਸੰਚਾਰ) ਨੂੰ ਮਜ਼ਬੂਤ ਕਰਨ, ਤਾਂ ਜੋ ਨੌਜਵਾਨ ਪੀੜ੍ਹੀ ਵਿੱਚ ਬਣ ਰਹੇ ਨਕਾਰਾਤਮਕ ਪ੍ਰਭਾਵ ਨੂੰ ਦੂਰ ਕੀਤਾ ਜਾ ਸਕੇ।

**ਆਰ.ਐੱਸ.ਐੱਸ. ਦੇ ਮੁੱਖ ਪੱਤਰ 'ਆਰਗੇਨਾਈਜ਼ਰ' ਦਾ ਵੱਡਾ ਦੋਸ਼**

# ਯੂ.ਪੀ.ਏ. ਸ਼ਾਸਨਕਾਲ ਦੌਰਾਨ ਸਰਕਾਰ 'ਤੇ ਸੀ ਦਿਮਾਗੀ ਨਕਸਲੀਆਂ ਦਾ ਕਬਜ਼ਾ

ਸੁਤੰਤਰਤਾ ਦਿਵਸ ਮੌਕੇ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਤੇ ਗਏ ਭਾਸ਼ਣ ਦੌਰਾਨ ਵਰਤੇ ਗਏ ਸ਼ਬਦ 'ਦਿਮਾਗੀ ਨਕਸਲ' ਨੇ ਭਾਰਤ ਦੇ ਸਿਆਸੀ ਅਤੇ ਬੌਧਿਕ ਹਲਕਿਆਂ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਇਸ ਬਹਿਸ ਨੂੰ ਉਸ ਵੇਲੇ ਹੋਰ ਵੱਡਾ ਹੁਲਾਰਾ ਮਿਲਿਆ ਜਦੋਂ ਰਾਸ਼ਟਰੀ ਸਵੈਮ-ਸੇਵਕ ਸੰਘ ਦੇ ਮੁੱਖ ਅੰਗਰੇਜ਼ੀ ਹਫ਼ਤਾਵਾਰੀ ਰਸਾਲੇ 'ਆਰਗੇਨਾਈਜ਼ਰ' ਨੇ ਆਪਣੇ ਤਾਜ਼ਾ ਸੰਪਾਦਕੀ ਵਿੱਚ ਇਸ ਸ਼ਬਦ ਦਾ ਘੇਰਾ ਹੋਰ ਵਿਸ਼ਾਲ ਕਰ ਦਿੱਤਾ। ਅਖ਼ਬਾਰ ਨੇ ਯੂ.ਪੀ.ਏ. ਸ਼ਾਸਨਕਾਲ ਦੌਰਾਨ ਕਾਂਗਰਸ ਦੀ ਸੀਨੀਅਰ ਆਗੂ ਸੋਨੀਆ ਗਾਂਧੀ ਦੀ ਅਗਵਾਈ ਹੇਠ ਕੰਮ ਕਰਦੀ ਰਹੀ 'ਨੈਸ਼ਨਲ ਐਡਵਾਈਜ਼ਰੀ ਕੌਂਸਲ' ਨੂੰ ਸਿੱਧੇ ਤੌਰ 'ਤੇ 'ਦਿਮਾਗੀ ਨਕਸਲੀਆਂ ਦਾ ਸ਼ਾਸਨ ਉੱਤੇ ਕਬਜ਼ਾ' ਕਰਾਰ ਦਿੱਤਾ ਹੈ। ਇਸ ਹਮਲੇ ਤੋਂ ਬਾਅਦ ਕਾਂਗਰਸ, ਸਿਵਲ ਸੁਸਾਇਟੀ ਅਤੇ ਵਿਰੋਧੀ ਧਿਰਾਂ ਵੱਲੋਂ ਤਿੱਖੀਆਂ ਪ੍ਰਤੀਕਿਰਿਆਵਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ, ਜਿਸ ਕਾਰਨ ਕੌਮੀ ਪੱਧਰ 'ਤੇ ਵਿਚਾਰਧਾਰਕ ਟਕਰਾਅ ਬੇਹੱਦ ਤੇਜ਼ ਹੋ ਗਿਆ ਹੈ।

ਆਰਗੇਨਾਈਜ਼ਰ ਅਖ਼ਬਾਰ ਦੇ ਸੰਪਾਦਕ ਪ੍ਰਫੁੱਲ ਕੇਤਕਰ ਵੱਲੋਂ ਲਿਖੇ ਇਸ ਸੰਪਾਦਕੀ ਵਿੱਚ 'ਦਿਮਾਗੀ ਨਕਸਲਵਾਦ' ਦੀ ਵਿਸਥਾਰਤ ਪਰਿਭਾਸ਼ਾ ਘੜਨ ਦੀ ਕੋਸ਼ਿਸ਼ ਕੀਤੀ ਗਈ ਹੈ। ਸੰਪਾਦਕੀ ਵਿੱਚ ਲਿਖਿਆ ਗਿਆ ਹੈ ਕਿ ਇਹ ਲੋਕ ਰਵਾਇਤੀ ਨਕਸਲੀਆਂ ਵਾਂਗ ਜੰਗਲਾਂ ਵਿੱਚ ਬੰਦੂਕਾਂ ਲੈ ਕੇ ਨਹੀਂ ਘੁੰਮਦੇ, ਸਗੋਂ ਸ਼ਹਿਰੀ ਜੀਵਨ ਵਿੱਚ ਵੱਖ-ਵੱਖ ਰੂਪਾਂ ਵਿੱਚ ਵਿਚਰਦੇ ਹਨ। ਇਨ੍ਹਾਂ ਵਿੱਚ ਪ੍ਰਮੁੱਖ ਇਤਿਹਾਸਕਾਰ, ਸਨਮਾਨਿਤ ਸਾਹਿਤਕਾਰ, ਬੁੱਧੀਜੀਵੀ, ਮਨੁੱਖੀ ਅਧਿਕਾਰ ਕਾਰਕੁਨ, ਸੁਤੰਤਰ ਪੱਤਰਕਾਰ, ਕਾਨੂੰਨੀ ਮਾਹਿਰ, ਬਾਲੀਵੁੱਡ ਅਦਾਕਾਰ ਅਤੇ ਵਾਤਾਵਰਣ ਕਾਰਕੁਨ ਸ਼ਾਮਲ ਹਨ। ਅਖ਼ਬਾਰ ਦਾ ਦੋਸ਼ ਹੈ ਕਿ ਅਜਿਹੇ ਲੋਕ ਸ਼ਹਿਰਾਂ ਵਿੱਚ ਬੈਠ ਕੇ ਵਿਦਿਆਰਥੀਆਂ, ਔਰਤਾਂ, ਮਜ਼ਦੂਰਾਂ, ਕਿਸਾਨਾਂ, ਅਨੁਸੂਚਿਤ ਜਾਤੀਆਂ, ਜਨਜਾਤੀਆਂ ਅਤੇ ਘੱਟ ਗਿਣਤੀਆਂ ਦੇ ਹੱਕਾਂ ਦੇ ਨਾਂ ਹੇਠ ਵੱਖ-ਵੱਖ ਮੋਹਰੀ ਜਥੇਬੰਦੀਆਂ ਤਿਆਰ ਕਰਦੇ ਹਨ ਅਤੇ ਦੇਸ਼ ਅੰਦਰ ਅਸਥਿਰਤਾ ਦਾ ਮਾਹੌਲ ਪੈਦਾ ਕਰਨ ਦੀ ਤਾਕ ਵਿੱਚ ਰਹਿੰਦੇ ਹਨ।



ਇਸੇ ਸੰਦਰਭ ਵਿੱਚ ਸੰਪਾਦਕੀ ਨੇ ਯੂ.ਪੀ.ਏ. ਸਰਕਾਰ ਵੇਲੇ ਬਣੀ ਨੈਸ਼ਨਲ ਐਡਵਾਈਜ਼ਰੀ ਕੌਂਸਲ ਨੂੰ ਨਿਸ਼ਾਨੇ 'ਤੇ ਲੈਂਦਿਆਂ ਦਾਅਵਾ ਕੀਤਾ ਕਿ ਨੌਕਰਸ਼ਾਹੀ, ਨੀਤੀ ਨਿਰਮਾਣ ਪ੍ਰਕਿਰਿਆ, ਅਕਾਦਮਿਕ ਅਦਾਰਿਆਂ, ਮੀਡੀਆ ਅਤੇ ਗ਼ੈਰ-ਸਰਕਾਰੀ ਸੰਗਠਨਾਂ ਵਿੱਚ ਘੁਸਪੈਠ ਕਰਨਾ ਇਨ੍ਹਾਂ ਕਥਿਤ 'ਦਿਮਾਗੀ ਨਕਸਲੀਆਂ' ਦੀ ਮੁੱਖ ਰਣਨੀਤੀ ਦਾ ਹਿੱਸਾ ਰਿਹਾ ਹੈ। ਸੰਪਾਦਕੀ ਅਨੁਸਾਰ, ਇਹ ਵਰਗ ਬੇਹੱਦ ਉੱਚ-ਸਿੱਖਿਆ ਪ੍ਰਾਪਤ ਹੁੰਦਾ ਹੈ ਅਤੇ ਕਈ ਵਾਰ ਅਸਲ ਸਮੱਸਿਆਵਾਂ ਨੂੰ ਉਠਾਉਂਦਾ ਜ਼ਰੂਰ ਹੈ, ਪਰ ਆਪਣੇ ਗਿਆਨ ਅਤੇ ਬੌਧਿਕ ਸਮਰੱਥਾ ਦੀ ਵਰਤੋਂ (ਬਾਕੀ ਸਫ਼ਾ 26 'ਤੇ)

# ਰਾਹੁਲ ਗਾਂਧੀ ਦੀ ਮਨੂ ਸਿਮਰਤੀ ਬਾਰੇ ਤਿੱਖੀ ਟਿੱਪਣੀ ਤੋਂ ਬਾਅਦ ਸਿਆਸੀ ਗਲਿਆਰਿਆਂ ਵਿੱਚ ਗਰਮਾਈ ਸਿਆਸਤ

## ➤ ਭਾਜਪਾ ਅਤੇ ਯੋਗੀ ਆਦਿਤਿਆਨਾਥ ਦਾ ਤਿੱਖਾ ਪਲਟਵਾਰ ! ➤ ਸੰਵਿਧਾਨਕ ਕਦਰਾਂ-ਕੀਮਤਾਂ ਅਤੇ ਪ੍ਰਾਚੀਨ ਗ੍ਰੰਥਾਂ ਦੀ ਬਹਿਸ ਫਿਰ ਸਿਖ਼ਰ 'ਤ

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਵੱਲੋਂ ਪੁਣੇ ਦੇ 'ਛਾਤਰੋਂ ਕੀ ਗੂੰਜ' ਪ੍ਰੋਗਰਾਮ ਦੌਰਾਨ ਮਨੁਸਮ੍ਰਿਤੀ ਨੂੰ ਲੈ ਕੇ ਦਿੱਤੇ ਗਏ ਬਿਆਨ ਨੇ ਦੇਸ਼ ਭਰ ਵਿੱਚ ਇੱਕ ਵਾਰ ਫਿਰ ਸਿਆਸੀ, ਸਮਾਜਿਕ ਅਤੇ ਵਿਚਾਰਧਾਰਕ ਭੂਚਾਲ ਲਿਆ ਦਿੱਤਾ ਹੈ। ਰਾਹੁਲ ਗਾਂਧੀ ਨੇ ਮਨੁਸਮ੍ਰਿਤੀ ਵਿੱਚ ਔਰਤਾਂ ਦੀ ਸਥਿਤੀ ਅਤੇ ਉਨ੍ਹਾਂ ਦੀ ਆਜ਼ਾਦੀ ਨੂੰ ਸੀਮਤ ਕਰਨ ਵਾਲੇ ਹਵਾਲਿਆਂ ਨੂੰ 'ਸ਼ਰਮਨਾਕ' ਕਰਾਰ ਦਿੱਤਾ। ਇਸ ਤੋਂ ਬਾਅਦ ਸੱਤਾਧਾਰੀ ਭਾਜਪਾ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਅਤੇ ਵਿਰੋਧੀ ਧਿਰਾਂ ਵਿਚਕਾਰ ਤਿੱਖੀ ਤੇ ਹਮਲਾਵਰ ਬਿਆਨਬਾਜ਼ੀ ਦਾ ਦੌਰ ਸ਼ੁਰੂ ਹੋ ਗਿਆ ਹੈ। ਇਹ ਵਿਵਾਦ ਭਾਰਤੀ ਸਮਾਜ ਵਿੱਚ ਪ੍ਰਾਚੀਨ ਰੂੜ੍ਹੀਵਾਦੀ ਵਿਵਸਥਾ ਅਤੇ ਆਧੁਨਿਕ ਸੰਵਿਧਾਨਕ ਕਦਰਾਂ-ਕੀਮਤਾਂ ਵਿਚਕਾਰ ਚੱਲ ਰਹੀ ਡੂੰਘੀ ਜੰਗ ਨੂੰ ਉਜਾਗਰ ਕਰਦਾ ਹੈ।





**ਰਾਹੁਲ ਗਾਂਧੀ ਦਾ ਮੂਲ ਬਿਆਨ ਅਤੇ ਇਸ ਪਿੱਛੇ ਦੀ ਗਣਿਤ-ਸਿਆਸਤ**

ਰਾਹੁਲ ਗਾਂਧੀ ਨੇ ਆਪਣੇ ਸੰਬੋਧਨ ਵਿੱਚ ਬਹੁਤ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਭਾਰਤੀ ਸਮਾਜ ਵਿੱਚ ਪੁਰਸ਼ ਪ੍ਰਧਾਨ ਮਾਨਸਿਕਤਾ ਕਾਰਨ ਅਕਸਰ ਔਰਤਾਂ ਨੂੰ ਸਿਰਫ਼ ਤਿੰਨ ਖਾਨਿਆਂ—ਧੀ, ਪਤਨੀ ਜਾਂ ਮਾਂ ਦੇ ਰੂਪ ਵਿੱਚ ਹੀ ਦੇਖਿਆ ਜਾਂਦਾ ਹੈ, ਜੋ ਕਿ ਉਨ੍ਹਾਂ ਦੀ ਪੂਰੀ ਪਛਾਣ ਜਾਂ ਹੋਂਦ ਨਹੀਂ ਹੋ ਸਕਦੀ। ਉਨ੍ਹਾਂ ਮਨੁਸਮ੍ਰਿਤੀ ਦੇ ਖਾਸ ਹਵਾਲੇ ਨਾਲ ਦੱਸਿਆ ਕਿ ਇਸ ਗ੍ਰੰਥ ਵਿੱਚ ਔਰਤਾਂ ਨੂੰ ਕਦੇ ਵੀ ਆਜ਼ਾਦ ਨਾ ਹੋਣ ਅਤੇ ਹਰ ਪੜਾਅ 'ਤੇ ਕਿਸੇ ਪੁਰਸ਼ (ਬਚਪਨ ਵਿੱਚ ਪਿਤਾ, ਜਵਾਨੀ ਵਿੱਚ ਪਤੀ ਅਤੇ ਪਤੀ ਦੀ ਮੌਤ ਤੋਂ ਬਾਅਦ ਪੁੱਤਰਾਂ) ਦੇ ਅਧੀਨ ਰਹਿਣ ਦੀ ਸਖ਼ਤ ਹਦਾਇਤ ਦਿੱਤੀ ਗਈ ਹੈ, ਜੋ ਕਿ ਅਜੋਕੇ ਲੋਕਤੰਤਰ, ਨਾਰੀ ਆਜ਼ਾਦੀ ਅਤੇ ਮਹਿਲਾ ਸਸ਼ਕਤੀਕਰਨ ਦੇ ਬੁਨਿਆਦੀ ਸਿਧਾਂਤਾਂ ਦੇ ਮੂੰਹ 'ਤੇ ਇੱਕ ਥਪੜ ਹੈ। ਕਾਂਗਰਸ ਪਾਰਟੀ ਅਜਿਹੇ ਬਿਆਨਾਂ ਜ਼ਰੀਏ ਆਪਣੇ ਆਪ ਨੂੰ 'ਸੰਵਿਧਾਨ ਦੇ ਰੱਖਿਅਕ' ਵਜੋਂ ਪੇਸ਼ ਕਰਦੀ ਹੈ ਅਤੇ ਸੱਤਾਧਾਰੀ ਧਿਰ ਦੀ ਵਿਚਾਰਧਾਰਾ ਨੂੰ ਪੁਰਾਤਨ ਰੂੜ੍ਹੀਵਾਦੀ ਸੋਚ ਨਾਲ ਜੋੜ ਕੇ ਵਿਰੋਧ ਦਰਜ ਕਰਵਾਉਂਦੀ ਹੈ।

ਇਸ ਵਿਚਾਰ ਰਾਹੀਂ ਕਾਂਗਰਸ ਪਾਰਟੀ ਅਤੇ 'ਇੰਡੀਆ' ਗਠਜੋੜ ਦਲਿਤ, ਬਹੁਜਨ, ਪੱਛੜੇ ਵਰਗਾਂ ਅਤੇ ਮਹਿਲਾ ਵੋਟਰਾਂ ਨੂੰ ਲਾਮਬੰਦ ਕਰਨ ਦੀ ਰਣਨੀਤੀ 'ਤੇ ਕੰਮ ਕਰ ਰਿਹਾ ਹੈ। ਮਨੁਸਮ੍ਰਿਤੀ ਨੂੰ ਸਿੱਧਾ ਨਿਸ਼ਾਨਾ ਬਣਾ ਕੇ ਵਿਰੋਧੀ ਧਿਰ ਭਾਜਪਾ ਅਤੇ ਆਰ.ਐਸ.ਐਸ. ਦੀ ਵਿਚਾਰਧਾਰਾ ਨੂੰ ਜਾਤੀਗਤ ਅਸਮਾਨਤਾ, ਵਰਣ ਵਿਵਸਥਾ ਅਤੇ ਪੁਰਾਤਨ ਸਮਾਜਿਕ ਪਾੜੇ ਨਾਲ ਜੋੜ ਕੇ ਪੇਸ਼ ਕਰ ਰਹੀ ਹੈ, ਤਾਂ ਜੋ ਬਹੁਜਨ ਸਮਾਜ ਨੂੰ ਆਪਣੇ ਵੱਲ ਖਿੱਚਿਆ ਜਾ ਸਕੇ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜਾਤੀਗਤ ਅਤੇ ਵਿਚਾਰਧਾਰਕ ਬਹਿਸਾਂ ਛੇੜਨ ਨਾਲ ਸਮਾਜ ਦੇ ਵਾਂਝੇ ਵਰਗਾਂ ਵਿੱਚ ਚੇਤਨਾ ਪੈਦਾ ਹੁੰਦੀ ਹੈ, ਜਿਸਦਾ ਚੋਣਾਂ ਦੌਰਾਨ ਸਿਆਸੀ ਫਾਇਦਾ ਮਿਲਣ ਦੀ ਸੰਭਾਵਨਾ ਰਹਿੰਦੀ ਹੈ।

**ਯੋਗੀ ਆਦਿਤਿਆਨਾਥ ਅਤੇ ਭਾਜਪਾ ਦਾ ਤਿੱਖਾ ਪਲਟਵਾਰ**

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਰਾਹੁਲ ਗਾਂਧੀ ਦੇ ਇਸ ਬਿਆਨ 'ਤੇ ਬਹੁਤ ਹਮਲਾਵਰ ਰੁਖ਼ ਅਪਣਾਉਂਦਿਆਂ ਰਾਇਪੁਰ ਵਿੱਚ ਦਿੱਤੇ ਇੱਕ ਭਾਸ਼ਣ ਦੌਰਾਨ ਉਨ੍ਹਾਂ ਨੂੰ ਘੇਰਿਆ। ਉਨ੍ਹਾਂ ਦੋਸ਼ ਲਾਇਆ ਕਿ ਸੰਵਿਧਾਨ ਦੀ ਸਹੁੰ ਚੁੱਕਣ ਦੇ ਬਾਵਜੂਦ ਰਾਹੁਲ ਗਾਂਧੀ ਭਾਰਤ ਦੀਆਂ ਪਰੰਪਰਾਵਾਂ ਅਤੇ ਵਿਰਾਸਤ ਦਾ ਅਪਮਾਨ ਕਰਨਾ ਆਪਣਾ ਜਨਮਸਿੱਧ ਅਧਿਕਾਰ ਸਮਝਦੇ ਹਨ ਉਨ੍ਹਾਂ ਕਿਹਾ ਕਿ ਜੇਕਰ ਮਨੂ ਨੂੰ ਸਮਝਣਾ ਹੈ ਤਾਂ ਅਥਰਵਵੇਦ, ਸ਼ਤਪਥ ਬ੍ਰਾਹਮਣ ਅਤੇ ਮਤਸਯ ਪੁਰਾਣ ਪੜ੍ਹਨੇ ਚਾਹੀਦੇ ਹਨ, ਜਿੱਥੇ ਇਨ੍ਹਾਂ ਦਾ ਸਤਿਕਾਰਯੋਗ ਜ਼ਿਕਰ ਮਿਲਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਰਾਹੁਲ ਗਾਂਧੀ 'ਸ਼ਹਿਰੀ ਨਕਸਲੀਆਂ' ਦੇ ਪ੍ਰਭਾਵ ਹੇਠ ਆ ਕੇ ਲਗਾਤਾਰ ਭਾਰਤ ਦੀ ਮਹਾਨ ਵਿਰਾਸਤ, ਪਵਿੱਤਰ ਸੰਸਥਾਵਾਂ ਅਤੇ ਸੱਭਿਆਚਾਰ ਦਾ ਅਪਮਾਨ ਕਰਨ ਨੂੰ ਆਪਣਾ ਜਨਮਸਿੱਧ ਅਧਿਕਾਰ ਸਮਝਦੇ ਹਨ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਸਵਾਲ ਕੀਤਾ ਕਿ ਕੀ ਹਰ ਇਨਸਾਨ ਦੀ ਜ਼ਿੰਦਗੀ ਵਿੱਚ ਮਾਂ, ਧੀ, ਪਤਨੀ ਜਾਂ ਭੈਣ ਦਾ ਰੋਲ ਸਭ ਤੋਂ ਅਹਿਮ ਨਹੀਂ ਹੁੰਦਾ ? ਉਨ੍ਹਾਂ ਨੇ ਕਿਹਾ ਕਿ ਸਾਡੀ ਸੰਸਕ੍ਰਿਤੀ ਵਿੱਚ ਔਰਤਾਂ ਨੂੰ ਹਮੇਸ਼ਾ ਬਹੁਤ ਸਤਿਕਾਰ ਦਿੱਤਾ ਜਾਂਦਾ ਹੈ।

ਉਨ੍ਹਾਂ ਕਾਂਗਰਸ ਲੀਡਰਸ਼ਿਪ 'ਤੇ ਤਿੱਖਾ ਵਾਰ ਕਰਦਿਆਂ ਕਿਹਾ ਕਿ ਜਦੋਂ ਇਹ ਨੇਤਾ ਵਿਦੇਸ਼ ਜਾਂਦੇ ਹਨ ਤਾਂ ਭਾਰਤ ਦਾ ਅਕਸ ਖਰਾਬ ਕਰਦੇ ਹਨ ਅਤੇ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਅਤੇ ਪ੍ਰਧਾਨ ਮੰਤਰੀ ਦੇ ਅਹੁਦੇ ਉੱਤੇ ਅਪਮਾਨਜਨਕ ਟਿੱਪਣੀਆਂ ਕਰਕੇ ਨਵੀਂ ਪੀੜ੍ਹੀ ਨੂੰ ਗੁਮਰਾਹ ਕਰ ਰਹੇ ਹਨ ਉਨ੍ਹਾਂ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਦਾ ਅਹੁਦਾ ਕੋਈ ਵਿਅਕਤੀ ਵਿਸ਼ੇਸ਼ ਨਹੀਂ ਸਗੋਂ ਦੇਸ਼ ਦੀ ਇੱਕ ਸੰਵਿਧਾਨਕ ਸੰਸਥਾ ਹੈ, ਅਤੇ ਅਜਿਹੇ ਅਹੁਦਿਆਂ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਪੂਰੇ ਦੇਸ਼ ਦਾ ਅਪਮਾਨ ਹੈ।

ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਰਾਹੁਲ ਗਾਂਧੀ 'ਤੇ ਤਿੱਖਾ ਵਾਰ ਕਰਦਿਆਂ ਦੋਸ਼ ਲਾਇਆ ਕਿ ਉਹ ਮਹਿਲਾ ਸਸ਼ਕਤੀਕਰਨ ਦੀ ਆੜ ਵਿੱਚ ਹਿੰਦੂ ਧਰਮ ਨੂੰ ਨਿਸ਼ਾਨਾ ਬਣਾ ਰਹੇ ਹਨ। ਉਨ੍ਹਾਂ ਸਵਾਲ ਕੀਤਾ ਕਿ ਰਾਹੁਲ ਗਾਂਧੀ ਕਦੇ ਵੀ ਹੋਰਨਾਂ ਪ੍ਰਥਾਵਾਂ ਖ਼ਿਲਾਫ਼ ਉਸੇ ਤਰ੍ਹਾਂ ਆਵਾਜ਼ ਕਿਉਂ ਨਹੀਂ ਚੁੱਕਦੇ। ਨਾਲ ਹੀ, ਉਨ੍ਹਾਂ ਨੇ ਕਾਂਗਰਸ 'ਤੇ ਸ਼ਾਹ ਬਾਨੋ ਮਾਮਲੇ ਅਤੇ ਤਿੰਨ ਤਲਾਕ ਵਰਗੇ ਮੁੱਦਿਆਂ 'ਤੇ ਸਿਆਸਤ ਕਰਨ ਦਾ ਦੋਸ਼ ਵੀ ਲਾਇਆ।

**ਮਨੁਸਮ੍ਰਿਤੀ ਦੀ ਅਸਲ ਬਣਤਰ ਅਤੇ ਇਤਿਹਾਸਕ ਪਰਤਾਂ**

ਇਤਿਹਾਸਕਾਰਾਂ ਅਤੇ ਵਿਦਵਾਨਾਂ ਮੁਤਾਬਕ ਮਨੁਸਮ੍ਰਿਤੀ ਵਿੱਚ ਕੁੱਲ 12 ਅਧਿਆਇ ਅਤੇ ਲਗਭਗ 2684 ਸ਼ਲੋਕ ਸ਼ਾਮਲ ਹਨ। ਇਸ ਗ੍ਰੰਥ ਦੀ ਰਚਨਾ ਅਤੇ ਪ੍ਰਸਾਰ ਬਾਰੇ ਵੱਖ-ਵੱਖ ਮੱਤ ਹਨ, ਪਰ ਬ੍ਰਿਟਿਸ਼ ਕਾਲ ਦੌਰਾਨ ਅੰਗਰੇਜ਼ਾਂ ਨੇ ਹਿੰਦੂ ਕਾਨੂੰਨ ਵਜੋਂ ਇਸ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਇਸਦੀ ਪ੍ਰਸਿੱਧੀ ਅਤੇ ਵਿਵਾਦ ਦੋਵੇਂ ਵਧ ਗਏ।

ਔਰਤਾਂ ਅਤੇ ਸ਼ੂਦਰਾਂ ਪ੍ਰਤੀ ਨਿਯਮ: ਗ੍ਰੰਥ ਦੇ ਵੱਖ-ਵੱਖ ਹਿੱਸਿਆਂ ਵਿੱਚ ਚਾਰ ਵਰਣਾਂ ਦੀ ਕਠੋਰ ਵਿਵਸਥਾ ਨੂੰ ਸਥਾਪਤ ਕੀਤਾ ਗਿਆ ਹੈ। ਸ਼ੂਦਰਾਂ (ਦਲਿਤਾਂ) ਨੂੰ ਸਿੱਖਿਆ ਹਾਸਲ ਕਰਨ, ਸੰਪਤੀ ਰੱਖਣ ਅਤੇ ਉੱਚ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਵਾਂਝਾ ਰੱਖਿਆ ਗਿਆ ਹੈ। ਅਪਰਾਧਾਂ ਦੇ ਨਿਆਂ ਅਤੇ ਸਜ਼ਾਵਾਂ ਦੇ ਮਾਮਲੇ ਵਿੱਚ ਵੀ ਬ੍ਰਾਹਮਣਾਂ ਲਈ ਘੱਟ ਸਜ਼ਾ ਅਤੇ ਸ਼ੂਦਰਾਂ ਲਈ ਅਤਿ-ਕਠੋਰ ਸਜ਼ਾਵਾਂ ਦੀ ਵਿਵਸਥਾ ਦਰਜ ਹੈ, ਜਿਸ ਨੂੰ ਲੈ ਕੇ ਇਤਿਹਾਸਕ ਤੌਰ @ਤੇ ਭਾਰੀ ਇਤਰਾਜ਼ ਉਠਾਏ ਜਾਂਦੇ ਰਹੇ ਹਨ।

**ਬਾਬਾ ਸਾਹਿਬ ਅੰਬੇਡਕਰ, ਕਾਂਸ਼ੀ ਰਾਮ ਅਤੇ ਸਿੱਖ ਗ੍ਰੰਥਾਂ ਦਾ ਬਦਲਵਾਂ ਦ੍ਰਿਸ਼ਟੀਕੋਣ**

ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਮਨੁਸਮ੍ਰਿਤੀ ਨੇ ਹੀ ਭਾਰਤੀ ਸਮਾਜ ਵਿੱਚ ਜਾਤੀ ਵਿਵਸਥਾ, ਛੂਤ-ਛਾਤ ਅਤੇ ਅਸਮਾਨਤਾ ਦੇ ਜ਼ਹਿਰੀਲੇ ਬੀਜ ਬੀਜੇ ਹਨ। ਇਸੇ ਮਾਨਸਿਕ ਗੁਲਾਮੀ ਅਤੇ ਜਾਤੀਵਾਦੀ ਵਿਚਾਰਧਾਰਾ ਦੇ ਵਿਰੋਧ ਵਜੋਂ ਉਨ੍ਹਾਂ ਨੇ 25 ਦਸੰਬਰ 1927 ਨੂੰ ਮਹਾਰਾਸ਼ਟਰ ਦੇ ਮਹਾਡ ਵਿਖੇ ਜਨਤਕ ਤੌਰ 'ਤੇ ਮਨੁਸਮ੍ਰਿਤੀ ਨੂੰ ਅੱਗ ਲਾ ਕੇ ਸਾੜਿਆ ਸੀ ਅਤੇ ਇਸਨੂੰ ਸਮਾਜਿਕ ਨਿਆਂ ਦੇ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਦੱਸਿਆ ਸੀ। ਅੰਬੇਡਕਰ ਦਾ ਮੰਨਣਾ ਸੀ ਕਿ ਮਨੁਸਮ੍ਰਿਤੀ ਨੇ ਔਰਤਾਂ ਨੂੰ ਉਨ੍ਹਾਂ ਦੀ ਆਜ਼ਾਦੀ ਅਤੇ ਸੁਤੰਤਰ ਪਛਾਣ ਤੋਂ ਵਾਂਝਾ ਰੱਖਿਆ। ਮਨੁਸਮ੍ਰਿਤੀ ਦੇ ਨਿਯਮਾਂ ਮੁਤਾਬਕ ਔਰਤ ਆਪਣੇ ਜੀਵਨ ਦੇ ਹਰ ਪੜਾਅ (ਬਚਪਨ ਵਿੱਚ ਪਿਤਾ, ਜਵਾਨੀ ਵਿੱਚ ਪਤੀ ਅਤੇ ਬੁਢਾਪੇ ਵਿੱਚ ਪੁੱਤਰ) ਉੱਤੇ ਨਿਰਭਰ ਰਹਿੰਦੀ ਹੈ।

ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਕਾਂਸ਼ੀ ਰਾਮ ਨੇ ਵੀ ਮਨੁਵਾਦੀ ਸੋਚ ਖਿਲਾਫ਼ ਮੋਰਚਾ ਖੋਲ੍ਹਦਿਆਂ ਸਮਾਜ ਨੂੰ 'ਮਨੁਵਾਦੀ' ਅਤੇ 'ਮੂਲ ਨਿਵਾਸੀ' ਵਰਗਾਂ ਵਿੱਚ ਵੰਡਿਆ ਅਤੇ ਬਹੁਜਨਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕੀਤਾ।

ਸਿੱਖ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿਸੇ ਵੀ ਕਿਸਮ ਦੇ ਜਾਤੀ, ਵਰਣ, ਲਿੰਗ ਜਾਂ ਰੰਗ ਦੇ ਭੇਦਭਾਵ ਨੂੰ ਬਹੁਤ ਸਖ਼ਤੀ ਨਾਲ ਰੱਦ ਕੀਤਾ ਗਿਆ ਹੈ। ਸਿੱਖ ਗੁਰੂ ਸਾਹਿਬਾਨ ਨੇ ਮਨੁਸਮ੍ਰਿਤੀ ਵਰਗੀਆਂ ਜਾਤੀਵਾਦੀ ਅਤੇ ਔਰਤ ਵਿਰੋਧੀ ਮਰਿਆਦਾਵਾਂ ਨੂੰ ਪੂਰਨ ਤੌਰ 'ਤੇ ਨਕਾਰਦਿਆਂ ਸਾਰੀ ਮਾਨਵਤਾ ਦੀ ਬਰਾਬਰੀ, ਭਾਈਚਾਰੇ ਅਤੇ ਸਰਬੱਤ ਦੇ ਭਲੇ ਦਾ ਮਾਰਗ ਦਰਸਾਇਆ ਹੈ।

**ਬੁੱਧੀਜੀਵੀਆਂ, ਦਲਿਤ ਆਗੂਆਂ ਦੀ ਰਾਇ ਅਤੇ ਸਨਾਤਨ ਸੰਸਥਾ ਦਾ ਪੱਖ**

ਦੇਸ਼ ਦੇ ਪ੍ਰਮੁੱਖ ਸਮਾਜਿਕ ਚਿੰਤਕਾਂ ਅਤੇ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ 21ਵੀਂ ਸਦੀ ਦੇ ਆਧੁਨਿਕ ਲੋਕਤੰਤਰ, ਸੰਵਿਧਾਨ ਅਤੇ ਕਾਨੂੰਨ ਦੇ ਰਾਜ ਵਿੱਚ ਮਨੁਸਮ੍ਰਿਤੀ ਵਰਗੇ ਗ੍ਰੰਥਾਂ ਦੇ ਵਿਚਾਰਾਂ ਅਤੇ ਨਿਯਮਾਂ ਲਈ ਕੋਈ ਜਗ੍ਹਾ ਨਹੀਂ ਹੋਣੀ ਚਾਹੀਦੀ। ਉਨ੍ਹਾਂ ਦਾ ਤਰਕ ਹੈ ਕਿ ਅਜਿਹੀ ਸੋਚ ਸਮਾਜ ਵਿੱਚ ਭਾਈਚਾਰਕ ਸਾਂਝ, ਸਮਾਨਤਾ ਅਤੇ ਭਰਾਤਰੀ ਭਾਵ ਨੂੰ ਤੋੜਦੀ ਹੈ। ਜੇਐਨਯੂ ਵਿੱਚ ਪੜ੍ਹਾਉਣ ਵਾਲੇ ਪ੍ਰੋਫੈਸਰ ਵਿਵੇਕ ਕੁਮਾਰ ਕਹਿੰਦੇ ਹਨ, 'ਕਾਂਸ਼ੀ ਰਾਮ ਕਹਿੰਦੇ ਸਨ ਕਿ ਜਾਤੀਆਂ ਦੀ ਰਚਨਾ ਮਨੁਸਮ੍ਰਿਤੀ ਦੇ ਆਧਾਰ 'ਤੇ ਹੋਈ ਹੈ। ਇਸ ਨਾਲ ਅਸਮਾਨਤਾਵਾਂ ਵਾਲੇ ਸਮਾਜ ਦੀ ਰਚਨਾ ਹੋਈ। ਇਸ ਦੀ ਵਜ੍ਹਾ ਕਰਕੇ ਇਹ ਸਮਾਜ ਛੇ ਹਜ਼ਾਰ ਜਾਤੀਆਂ ਵਿੱਚ ਵੰਡਿਆ ਗਿਆ।'

ਦੂਜੇ ਪਾਸੇ, ਕੁਝ ਕੱਟੜਪੰਥੀ ਸੰਗਠਨਾਂ ਅਤੇ ਹਿੰਦੂਵਾਦੀ ਸੰਸਥਾਵਾਂ (ਜਿਵੇਂ ਕਿ ਸਨਾਤਨ ਸੰਸਥਾ) ਵੱਲੋਂ ਇਸਦਾ ਬਚਾਅ ਕੀਤਾ ਜਾਂਦਾ ਰਿਹਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਮਨੁਸਮ੍ਰਿਤੀ ਪ੍ਰਾਚੀਨ ਕਾਲ ਦਾ ਇੱਕ ਸਮਾਜਿਕ ਵਿਵਸਥਾ ਦਾ ਦਸਤਾਵੇਜ਼ ਹੈ ਅਤੇ ਇਸਦੇ ਕੁਝ ਹਿੱਸਿਆਂ ਨੂੰ ਛੱਡ ਕੇ ਬਾਕੀ ਸਮਾਜਿਕ ਅਨੁਸ਼ਾਸਨ ਲਈ ਮਹੱਤਵਪੂਰਨ ਹੈ। ਸੰਸਦ ਮੈਂਬਰ ਨਿਸ਼ਿਕਾਂਤ ਦੂਬੇ ਨੇ ਮਨੁਸਮ੍ਰਿਤੀ ਦੇ ਕੁਝ ਸ਼ਲੋਕਾਂ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਕਿ ਇਸ ਗ੍ਰੰਥ ਵਿੱਚ ਔਰਤਾਂ ਦੇ ਸਨਮਾਨ ਦੀ ਗੱਲ ਕਹੀ ਗਈ ਹੈ। ਉਨ੍ਹਾਂ ਤੰਜ ਕੱਸਦਿਆਂ ਕਿਹਾ ਕਿ ਅੰਗਰੇਜ਼ੀ ਪ੍ਰਭਾਵ ਹੇਠ ਰਹਿਣ ਕਾਰਨ ਕਾਂਗਰਸੀ ਆਗੂਆਂ ਨੂੰ ਭਾਰਤ ਦੇ ਵੇਦਾਂ, ਪੁਰਾਣਾਂ ਅਤੇ ਗ੍ਰੰਥਾਂ ਦੀ ਸਹੀ ਜਾਣਕਾਰੀ ਨਹੀਂ ਹੈ।

ਹਾਲਾਂਕਿ, ਆਧੁਨਿਕ ਸਿੱਖਿਆ ਪ੍ਰਾਪਤ ਸਮਾਜ ਇਸਨੂੰ ਪਿਛਾਂਹਖਿੱਚੂ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲਾ ਗ੍ਰੰਥ ਹੀ ਮੰਨਦਾ ਹੈ।

ਮਨੁਸਮ੍ਰਿਤੀ ਨੂੰ ਲੈ ਕੇ ਛਿੜੀ ਇਹ ਤਾਜ਼ਾ ਸਿਆਸੀ ਜੰਗ ਮਹਿਜ਼ ਚੋਣਾਂ ਤੱਕ ਸੀਮਤ ਨਹੀਂ ਹੈ, ਸਗੋਂ ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਭਾਰਤੀ ਸਮਾਜ ਅਜੇ ਵੀ ਆਪਣੀ ਪ੍ਰਾਚੀਨ ਮਨਸਿਕਤਾ ਅਤੇ ਆਧੁਨਿਕ ਸੰਵਿਧਾਨਕ ਮੁੱਲਾਂ ਵਿਚਕਾਰ ਫਸਿਆ ਹੋਇਆ ਹੈ। ਜਦੋਂ ਤੱਕ ਸਮਾਜਿਕ ਬਰਾਬਰੀ ਅਤੇ ਲਿੰਗਕ ਨਿਆਂ ਪੂਰੀ ਤਰ੍ਹਾਂ ਸਥਾਪਤ ਨਹੀਂ ਹੁੰਦੇ, ਅਜਿਹੇ ਵਿਵਾਦ ਦੇਸ਼ ਦੀ ਸਿਆਸਤ ਅਤੇ ਵਿਚਾਰਧਾਰਾ ਨੂੰ ਗਰਮਾਉਂਦੇ ਰਹਿਣਗੇ। ਪੁਣੇ ਵਿੱਚ ਰਾਹੁਲ ਗਾਂਧੀ ਵੱਲੋਂ ਮਨੁਸਮ੍ਰਿਤੀ ਦੀ ਜ਼ੋਰਦਾਰ ਨਿੰਦਾ ਅਤੇ ਨੌਜਵਾਨ ਕੁੜੀਆਂ ਨੂੰ ਇਸ ਦੇ ਉਨ੍ਹਾਂ ਧਾਰਮਿਕ ਹੁਕਮਾਂ ਨੂੰ ਰੱਦ ਕਰਨ ਦੀ ਅਪੀਲ, ਜੋ ਉਨ੍ਹਾਂ ਦੀ ਪਛਾਣ ਅਤੇ ਆਜ਼ਾਦੀ ਨੂੰ ਨਕਾਰਦੇ ਹਨ, ਭਾਜਪਾ ਅਤੇ ਆਰ.ਐੱਸ.ਐੱਸ. ਦੇ ਇਸ ਗ੍ਰੰਥ ਨਾਲ ਨਿਰੰਤਰ ਜੁੜਾਅ ਨੂੰ ਇੱਕ ਸਿੱਧੀ ਚੁਣੌਤੀ ਦੇ ਸਮਾਨ ਸੀ।

# ਪੰਜਾਬ ਦੀ ਸਿਆਸਤ 'ਤੇ ਵੀ ਪ੍ਰਭਾਵ ਪਾਵੇਗਾ ਕਿਸਾਨਾਂ ਦਾ ਪੱਕਾ ਮੋਰਚਾ

## ਵੱਡੀ ਗਿਣਤੀ ਕਿਸਾਨਾਂ ਨੇ ਮੋਹਾਲੀ- ਚੰਡੀਗੜ੍ਹ ਮੁੱਖ ਸੜਕ 'ਤੇ ਲਗਾਏ ਡੇਰੇ

ਪੰਜਾਬ ਵਿੱਚ ਕਿਸਾਨ ਬਹੁਗਿਣਤੀ ਵਿੱਚ ਹਨ, ਜਿਨ੍ਹਾਂ ਦਾ ਆਪਣਾ ਵੱਡਾ 'ਵੋਟ ਬੈਂਕ' ਹੈ। ਕਿਸਾਨਾਂ ਦੀਆਂ ਵੋਟਾਂ ਪੰਜਾਬ ਵਿੱਚ ਕਿਸੇ ਵੀ ਸਿਆਸੀ ਪਾਰਟੀ ਦੀ ਜਿੱਤ-ਹਾਰ ਦਾ ਫੈਸਲਾ ਕਰ ਸਕਦੀਆਂ ਹਨ। ਇਸ ਕਾਰਨ ਕੋਈ ਵੀ ਸਿਆਸੀ ਪਾਰਟੀ ਕਿਸਾਨਾਂ ਦੀ ਨਾਰਾਜ਼ਗੀ ਸਹੇੜਨ ਦਾ ਖਤਰਾ ਮੁੱਲ ਨਹੀਂ ਲੈ ਸਕਦੀ। ਪਿਛਲੇ ਸਮੇਂ ਦੌਰਾਨ ਹੋਈਆਂ ਹਰ ਕਿਸਮ ਦੀਆਂ ਚੋਣਾਂ ਵਿੱਚ ਕਿਸਾਨਾਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਕੁਝ ਕਿਸਾਨ ਜਥੇਬੰਦੀਆਂ ਨੇ ਵੀ ਹਿੱਸਾ ਵੀ ਲਿਆ ਸੀ ਅਤੇ ਆਪਣੇ ਉਮੀਦਵਾਰ ਖ ੜੇ ਕੀਤੇ ਸਨ ਪਰ ਕਿਸਾਨ ਉਮੀਦਵਾਰ ਜਿੱਤ ਪ੍ਰਾਪਤ ਕਰਨ ਵਿੱਚ ਸਫਲ ਨਹੀਂ ਸੀ ਹੋਏ। ਇਸ ਦੇ ਬਾਵਜੂਦ ਕਿਸਾਨ ਆਗੂ ਦੁਨੀਆਂ ਨੂੰ ਕਿਸਾਨਾਂ ਦੇ ਰਾਜਸੀ ਤੌਰ 'ਤੇ ਸੁਚੇਤ ਹੋਣ ਦਾ ਸੰਦੇਸ਼ ਦੇਣ ਵਿੱਚ ਸਫ਼ਲ ਹੋ ਗਏ ਸਨ। ਚੰਡੀਗੜ੍ਹ-ਮੋਹਾਲੀ ਵਿੱਚ ਸ਼ੁਰੂ ਹੋਇਆ ਕਿਸਾਨਾਂ ਦਾ ਪੱਕਾ ਮੋਰਚਾ ਪੰਜਾਬ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦੇ ਸਕਦਾ ਹੈ। )

ਚੰਡੀਗੜ੍ਹ/ਏ.ਟੀ.ਨਿਊਜ਼: ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ.) ਵੱਲੋਂ ਲੰਘੇ ਦਿਨੀਂ ਮੋਹਾਲੀ ਨੂੰ ਚੰਡੀਗੜ੍ਹ ਨਾਲ ਜੋੜਨ ਵਾਲੀ ਸੜਕ 'ਤੇ ਸੱਤ ਦਿਨਾਂ ਦਾ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਗਿਆ ਹੈ। ਕਿਸਾਨਾਂ ਵੱਲੋਂ ਖੇਤੀਬਾੜੀ, ਆਰਥਿਕ ਅਤੇ ਪੰਜਾਬ ਨਾਲ ਜੁੜੀਆਂ ਅਹਿਮ ਮੰਗਾਂ ਨੂੰ ਜ਼ੋਰ-ਸ਼ੋਰ ਨਾਲ ਉਠਾਇਆ ਜਾ ਰਿਹਾ ਹੈ।

ਸਿਆਸੀ ਮਾਹਿਰ ਕਹਿ ਰਹੇ ਹਨ ਕਿ ਕਿਸਾਨਾਂ ਦਾ ਪੱਕਾ ਮੋਰਚਾ ਪੰਜਾਬ ਦੀ ਸਿਆਸਤ ਨੂੰ ਵੀ ਕੁਝ ਹੱਦ ਤੱਕ ਪ੍ਰਭਾਵਿਤ ਕਰ ਸਕਦਾ ਹੈ। ਪੰਜਾਬ ਵਿੱਚ ਕੁਝ ਮਹੀਨਿਆਂ ਬਾਅਦ ਪੰਜਾਬ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ, ਜਿਸ ਕਾਰਨ ਇਸ ਸਮੇਂ ਪੰਜਾਬ ਸਿਆਸੀ ਸਰਗਰਮੀਆਂ ਦਾ ਮੁੱਖ ਕੇਂਦਰ ਬਣਿਆ ਹੋਇਆ ਹੈ। ਅਜਿਹੇ ਸਮੇਂ ਕਿਸਾਨਾਂ ਵੱਲੋਂ ਮੋਹਾਲੀ ਨੂੰ ਚੰਡੀਗੜ੍ਹ ਨਾਲ ਜੋੜਦੀ ਮੁੱਖ ਸੜਕ 'ਤੇ ਸ਼ੁਰੂ ਕੀਤਾ ਗਿਆ ਪੱਕਾ ਮੋਰਚਾ ਵੱਖਰੀ ਅਹਿਮੀਅਤ ਰੱਖਦਾ ਹੈ।

ਜਿਸ ਥਾਂ 'ਤੇ ਇਹ ਮੋਰਚਾ ਸ਼ੁਰੂ ਕੀਤਾ ਗਿਆ ਹੈ, ਉਹ ਸਥਾਨ ਰਣਨੀਤਕ ਤੌਰ 'ਤੇ ਵੀ ਮਹੱਤਵਪੂਰਨ ਹੈ। ਇਹ ਸੜਕ ਮੋਹਾਲੀ ਨੂੰ ਚੰਡੀਗੜ੍ਹ ਅਤੇ ਏਅਰਪੋਰਟ ਕੋਰੀਡੋਰ ਨਾਲ ਜੋੜਦੀ ਹੈ, ਜਿਸਦਾ ਮਤਲਬ ਹੈ ਕਿ ਉੱਥੇ ਇੱਕ ਵੱਡੀ ਲਾਮਬੰਦੀ ਦਾ ਦੋਵਾਂ ਸ਼ਹਿਰਾਂ ਵਿਚਕਾਰ ਆਵਾਜਾਈ 'ਤੇ ਤੁਰੰਤ ਪ੍ਰਭਾਵ ਪੈਂਦਾ ਹੈ। ਨਤੀਜੇ ਵਜੋਂ ਅਧਿਕਾਰੀਆਂ ਨੇ ਵਿਆਪਕ ਟ੍ਰੈਫਿਕ ਅਤੇ ਸੁਰੱਖਿਆ ਪ੍ਰਬੰਧ ਕੀਤੇ ਹਨ।

ਇਸ ਪੂਰੇ ਪ੍ਰਦਰਸ਼ਨ ਦੇ ਕੇਂਦਰ ਵਿੱਚ ਅਮਰੀਕਾ ਨਾਲ ਪ੍ਰਸਤਾਵਿਤ ਮੁਕਤ ਵਪਾਰ ਸਮਝੌਤਾ ਹੈ, ਜਿਸ ਦਾ ਕਿਸਾਨਾਂ ਵੱਲੋਂ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। ਇਸ ਅੰਦੋਲਨ ਦੀ ਮਹੱਤਤਾ ਇਸ ਗੱਲ ਤੋਂ ਵੀ ਹੈ ਕਿਉਂਕਿ ਇਸ ਵਿੱਚ ਕੇਂਦਰ ਸਰਕਾਰ ਨਾਲ ਸਬੰਧਿਤ ਮੰਗਾਂ ਦੇ ਨਾਲ-ਨਾਲ ਪੰਜਾਬ ਸਰਕਾਰ ਅਤੇ ਭਾਖੜਾ ਬਿਆਸ ਪ੍ਰਬੰਧ ਬੋਰਡ (ਬੀ.ਬੀ.ਐੱਮ.ਬੀ.) ਵਿੱਚ ਪੰਜਾਬ ਦੇ ਪਾਣੀਆਂ ਅਤੇ ਅਧਿਕਾਰਾਂ ਦੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਵਿਵਾਦਾਂ ਨੂੰ ਵੀ ਪ੍ਰਮੁੱਖਤਾ ਨਾਲ ਸ਼ਾਮਲ ਕੀਤਾ ਗਿਆ ਹੈ।

ਐਸ.ਕੇ.ਐਮ. ਵਿੱਚ 32 ਕਿਸਾਨ ਜਥੇਬੰਦੀਆਂ ਸ਼ਾਮਲ ਹਨ, ਜਿਨ੍ਹਾਂ ਵਿੱਚ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਭਾਰਤੀ ਕਿਸਾਨ ਯੂਨੀਅਨ (ਡਕੌਂਦਾ), ਕੀਰਤੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਅਤੇ ਪੰਜਾਬ ਕਿਸਾਨ ਯੂਨੀਅਨ ਸ਼ਾਮਲ ਹਨ। ਬੀ.ਕੇ.ਯੂ. ਏਕਤਾ ਉਗਰਾਹਾਂ, ਹਾਲਾਂਕਿ ਇੱਕ ਸਹਿਯੋਗੀ ਮੈਂਬਰ ਹੈ, ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਬਾਹਰ ਵੱਖਰੇ ਤੌਰ 'ਤੇ ਪ੍ਰਦਰਸ਼ਨ ਕਰ ਰਹੀ ਹੈ ਅਤੇ ਚੰਡੀਗੜ੍ਹ-ਮੋਹਾਲੀ ਧਰਨੇ ਦਾ ਹਿੱਸਾ ਨਹੀਂ ਹੈ।

**ਕੀ ਹਨ ਕਿਸਾਨਾਂ ਦੀਆਂ ਮੰਗਾਂ ?**

ਐੱਮ.ਐੱਸ.ਪੀ. ਲਈ ਕਾਨੂੰਨੀ ਗਰੰਟੀ: ਇਹ ਅੰਦੋਲਨ ਸਾਰੀਆਂ ਫਸਲਾਂ ਲਈ ਐੱਮ.ਐੱਸ.ਪੀ. ਦੀ ਕਾਨੂੰਨੀ ਗਰੰਟੀ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਦੇ ਆਲੇ-ਦੁਆਲੇ ਵੀ ਕੇਂਦਰਿਤ ਹੈ। ਐਸ.ਕੇ.ਐਮ. ਚਾਹੁੰਦਾ ਹੈ ਕਿ ਐੱਮ.ਐੱਸ.ਪੀ. ਸਵਾਮੀਨਾਥਨ ਕਮਿਸ਼ਨ ਦੇ ਫਾਰਮੂਲੇ 32 + 50 ਦੇ ਆਧਾਰ 'ਤੇ ਤੈਅ ਕੀਤਾ ਜਾਵੇ, ਜਿਸ ਨਾਲ ਕਿਸਾਨਾਂ ਨੂੰ ਸਿਰਫ਼ ਐਲਾਨੀ ਹੋਈ ਸਮਰਥਨ ਕੀਮਤ ਦੇਣ ਦੀ ਬਜਾਏ ਇੱਕ ਕਾਨੂੰਨੀ ਤੌਰ 'ਤੇ ਲਾਗੂ ਹੋਣ ਵਾਲੀ ਕੀਮਤ ਦੀ ਭਰੋਸਾ ਮਿਲ ਸਕੇ।

**ਪੰਜਾਬ ਦੇ ਪਾਣੀਆਂ ਦੇ ਅਧਿਕਾਰ:**

ਪੰਜਾਬ ਦੀਆਂ ਮੰਗਾਂ ਦੀ ਸੂਚੀ ਵਿੱਚ ਪਾਣੀ ਸਭ ਤੋਂ ਵੱਡੇ ਮੁੱਦਿਆਂ ਵਿੱਚੋਂ ਇੱਕ ਹੈ। ਐਸ.ਕੇ.ਐਮ. ਚਾਹੁੰਦਾ ਹੈ ਕਿ ਪੰਜਾਬ ਦੇ ਦਰਿਆਈ

(ਬਾਕੀ ਸਫ਼ਾ 26 'ਤੇ)

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਪਾਕਿਸਤਾਨ ਜਾਵੇਗਾ 3 ਹਜ਼ਾਰ ਸਿੱਖ ਸ਼ਰਧਾਲੂਆਂ ਦਾ ਜੱਥਾ

## ਕੇਂਦਰ ਸਰਕਾਰ ਨੇ ਜੱਥਾ ਭੇਜਣ ਬਾਰੇ ਦਿੱਤੀ ਪ੍ਰਵਾਨਗੀ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਸਰਕਾਰ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ 3 ਹਜ਼ਾਰ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਇਹ ਜੱਥਾ 22 ਨਵੰਬਰ ਨੂੰ ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਰਵਾਨਾ ਹੋਵੇਗਾ ਤੇ 1 ਦਸੰਬਰ ਨੂੰ ਵਾਪਸ ਪਰਤੇਗਾ। ਇਹ ਪ੍ਰਗਟਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਅਤੇ ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਪਰਮਜੀਤ ਸਿੰਘ ਚੰਢੋਕ ਨੇ ਕੀਤਾ ਹੈ।

ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ 1 ਜੁਲਾਈ 2026 ਨੂੰ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਇਸ ਬਾਰੇ ਪੱਤਰ ਲਿਖਿਆ ਸੀ ਤੇ ਗ੍ਰਹਿ ਮੰਤਰੀ ਨੇ ਕਮੇਟੀ ਦੀ ਬੇਨਤੀ ਪ੍ਰਵਾਨ ਕਰਦਿਆਂ 3 ਹਜ਼ਾਰ ਸ਼ਰਧਾਲੂਆਂ ਦੇ ਜੱਥੇ ਨੂੰ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ 10 ਰੋਜ਼ਾ ਯਾਤਰਾ ਦੌਰਾਨ ਇਹ ਜੱਥਾ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸੱਚਾ ਸੌਦਾ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਅਤੇ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਦੇ ਦਰਸ਼ਨ ਕਰਨ



ਉਪਰੰਤ ਵਾਪਸ ਪਰਤੇਗਾ।ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਨੇ ਸਪਸ਼ਟ ਨਿਰਦੇਸ਼ ਦਿੱਤੇ ਹਨ ਕਿ ਭਾਰਤ ਸਰਕਾਰ ਵੱਲੋਂ ਦਿੱਤੀ ਪ੍ਰਵਾਨਗੀ ਤਹਿਤ ਪੂਰੇ ਦਸਤਾਵੇਜ਼ਾਂ ਦੀ ਘੋਖ ਉਪਰੰਤ ਗ੍ਰਹਿ ਮੰਤਰਾਲਾ ਪਾਕਿਸਤਾਨ ਸਰਕਾਰ ਨੂੰ ਸੂਚੀ ਭੇਜੇਗਾ ਜਿਸ ਮੁਤਾਬਕ ਹੀ ਜੱਥਾ ਰਵਾਨਾ ਹੋਵੇਗਾ।ਉਨ੍ਹਾਂ ਦੱਸਿਆ ਕਿ ਗ੍ਰਹਿ ਮੰਤਰਾਲੇ ਨੇ ਜੱਥੇ ਵਿੱਚ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਦਾ ਕੋਟਾ ਵੀ ਤੈਅ ਕੀਤਾ ਹੈ।

ਇਸ ਮੁਤਾਬਕ: ਦਿੱਲੀ (ਦਿੱਲੀ ਗੁਰਦੁਆਰਾ ਕਮੇਟੀ): 555 ਸ਼ਰਧਾਲੂ, ਪੰਜਾਬ (ਸ਼੍ਰੋਮਣੀ ਕਮੇਟੀ): 1800 ਸ਼ਰਧਾਲੂ, ਹਰਿਆਣਾ: 200 ਸ਼ਰਧਾਲੂ, ਹਿਮਾਚਲ ਪ੍ਰਦੇਸ਼: 15 ਸ਼ਰਧਾਲੂ, ਜੰਮੂ-ਕਸ਼ਮੀਰ: 40 ਸ਼ਰਧਾਲੂ, ਝਾਰਖੰਡ: 16 ਸ਼ਰਧਾਲੂ, ਕਰਨਾਟਕ ਅਤੇ ਮੱਧ ਪ੍ਰਦੇਸ਼: 10-10 ਸ਼ਰਧਾਲੂ, ਮਹਾਰਾਸ਼ਟਰ: 90 ਸ਼ਰਧਾਲੂ, ਓੜੀਸਾ: 10 ਸ਼ਰਧਾਲੂ, ਰਾਜਸਥਾਨ: 50 ਸ਼ਰਧਾਲੂ, ਯੂ. ਪੀ. (ਉੱਤਰ ਪ੍ਰਦੇਸ਼): 35 ਸ਼ਰਧਾਲੂ, ਉੱਤਰਾਖੰਡ: 25 ਸ਼ਰਧਾਲੂ, ਪੱਛਮੀ ਬੰਗਾਲ: 5 ਸ਼ਰਧਾਲੂ ਅਤੇ ਚੰਡੀਗੜ੍ਹ ਦੇ 45 ਸ਼ਰਧਾਲੂ ਹਨ।ਉਨ੍ਹਾਂ ਕਿਹਾ ਕਿ ਇਹ ਜੱਥਾ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਹੀ 22 ਨਵੰਬਰ ਨੂੰ ਵਾਹਗਾ ਸਰਹੱਦ ਪਾਰ ਕਰਕੇ ਪਾਕਿਸਤਾਨ ਵਿੱਚ ਦਾਖਲ ਹੋਵੇਗਾ ਤੇ 1 ਦਸੰਬਰ ਨੂੰ ਵਾਪਸ ਉਸੇ ਰਸਤੇ ਤੋਂ ਦੇਸ਼ ਪਰਤੇਗਾ। ਉਨ੍ਹਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਆਪੋ-ਆਪਣੇ ਪਾਸਪੋਰਟ ਤੇ ਹੋਰ ਦਸਤਾਵੇਜ਼ ਜਮ੍ਹਾਂ ਕਰਵਾਉਣ ਤਾਂ ਜੋ ਗ੍ਰਹਿ ਮੰਤਰਾਲੇ ਤੋਂ ਸਮਾਂ ਰਹਿੰਦਿਆਂ ਪ੍ਰਵਾਨਗੀ ਹਾਸਲ ਕੀਤੀ ਜਾ ਸਕੇ।

# ਸ੍ਰੀ ਅਕਾਲ ਤਖਤ ਸਾਹਿਬ ਵਿਖੇ ਭਾਈ ਖਾਲੜਾ ਦੀ ਯਾਦ 'ਚ ਵਿਸ਼ੇਸ਼ ਗੁਰਮਤਿ ਸਮਾਗਮ 6 ਸਤੰਬਰ ਨੂੰ

ਅੰਮ੍ਰਿਤਸਰ/ਏ.ਟੀ.ਨਿਊਜ਼: ਮਨੁੱਖੀ ਅਧਿਕਾਰਾਂ ਦੇ ਹੱਕ ਲਈ ਆਪਾ ਕੁਰਬਾਣ ਕਰਨ ਵਾਲੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ 6 ਸਤੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਜਾਣਗੇ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 4 ਸਤੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਅਤੇ 6 ਸਤੰਬਰ ਨੂੰ ਸੰਪੂਰਨਤਾ ਦੇ ਭੋਗ ਪਾ ਕੇ ਭਾਈ ਖਾਲੜਾ ਨੂੰ ਯਾਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰਾਂ ਦੇ ਰਾਖੇ ਅਤੇ ਪੰਜਾਬ ਵਿੱਚ



ਸਰਕਾਰੀ ਜਬਰ ਤਹਿਤ ਮਾਰੇ ਗਏ ਨੌਜਵਾਨਾਂ ਦੀ ਲਾਸ਼ਾ ਦੇ ਵਾਰਿਸ ਭਾਈ ਜਸਵੰਤ ਸਿੰਘ ਖਾਲੜਾ ਨੂੰ ਵੀ ਜ਼ਰੂਰ ਯਾਦ ਕਰੀਏ।

ਉਨ੍ਹਾਂ ਕਿਹਾ ਕਿ ਇਸੇ ਤਹਿਤ ਹੀ ਇਸ ਵਾਰ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਗਮ ਕਰਵਾਉਣ ਦਾ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਸਮੂਹ ਸਿੱਖ ਜਥੇਬੰਦੀਆਂ ਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਣ ਵਾਲੇ ਇਸ ਸਮਾਗਮ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ। ਜਥੇਦਾਰ ਗੜਗੱਜ ਨੇ ਕਿਹਾ ਕਿ ਇਹ ਫੈਸਲਾ ਕੀਤਾ ਗਿਆ ਹੈ ਕਿ ਭਾਈ ਖਾਲੜਾ ਦੀ ਯਾਦ ਵਿੱਚ ਹੁਣ ਹਰ ਸਾਲ ਸ੍ਰੀ ਅਕਾਲ ਤਖਤ ਸਾਹਿਬ ਵਿਖੇ 6 ਸਤੰਬਰ ਨੂੰ ਸਮਾਗਮ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਭਾਈ ਜਸਵੰਤ ਸਿੰਘ ਖਾਲੜਾ ਸਮੇਤ ਪੰਜਾਬ ਦੇ ਹਜ਼ਾਰਾਂ ਸ਼ਹੀਦਾਂ ਦੀ ਯਾਦ ਵਿੱਚ ਜੋ ਹਰੀਕੇ ਵਿਖੇ ਸ਼ਹੀਦੀ ਪੱਤਣ ਯਾਦਗਾਰ ਬਣਾਈ ਜਾਣੀ ਹੈ ਉਸ ਲਈ ਵੀ ਜ਼ਮੀਨ ਲੱਭਣ ਦਾ ਕੰਮ ਚੱਲ ਰਿਹਾ ਹੈ ਅਤੇ ਯਾਦਗਾਰ ਦਾ ਕਾਰਜ ਵੀ ਛੇਤੀ ਹੀ ਸ਼ੁਰੂ ਹੋਵੇਗਾ।

## ਬੰਦੀ ਸਿੰਘਾਂ ਦੀ ਰਿਹਾਈ ਕਰੇ ਸਰਕਾਰ: ਗੜਗੱਜ

ਕਰਹਾਲੀ ਸਾਹਿਬ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸਮੁੱਚਾ ਪੰਥ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘ ਆਪਣੀਆਂ ਕਾਨੂੰਨੀ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਹਨ। ਇਹ ਚਿੰਤਾ ਭਰਿਆ ਪ੍ਰਗਟਾਵਾ ਜਥੇਦਾਰ ਗੜਗੱਜ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਤੇ ਚੜ੍ਹਦੀ ਕਲਾ ਲਈ ਗੁਰਦੁਆਰਾ ਪਾਤਿਸ਼ਾਹੀ ਨੌਵੀਂ ਤੇ ਛੇਵੀਂ ਕਰਹਾਲੀ ਸਾਹਿਬ ( ਜ਼ਿਲ੍ਹਾ



ਪਟਿਆਲਾ) ਪਟਿਆਲਾ ਵਿੱਚ ਕਰਵਾਏ ਗਏ ਮੁੱਖ ਅਰਦਾਸ ਸਮਾਗਮ ਦੌਰਾਨ ਕੀਤਾ ਗਿਆ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਵੀ ਮੌਜੂਦ ਸਨ।ਜਥੇਦਾਰ ਗੜਗੱਜ ਨੇ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਅਰਦਾਸ ਸਮਾਗਮ ਦੀ ਗੱਲ ਕਰਦਿਆਂ ਕਿਹਾ ਕਿ (ਬਾਕੀ ਸਫ਼ਾ 27 'ਤੇ)

# ਬੰਦੀ ਸਿੱਖਾਂ ਦੀ ਰਿਹਾਈ ਲਈ 500 ਤੋਂ ਵੱਧ ਗੁਰਦੁਆਰਿਆਂ 'ਚ ਅਰਦਾਸ

## ਬੰਦੀ ਸਿੱਖ ਗੁਰਦੀਪ ਸਿੰਘ ਖੈੜਾ ਅਤੇ ਲਖਵਿੰਦਰ ਸਿੰਘ ਲੱਖਾ ਦੇ ਪਰਿਵਾਰਕ ਮੈਂਬਰਾਂ ਨੂੰ ਸ਼੍ਰੋਮਣੀ ਕਮੇਟੀ ਨੇ ਕੀਤਾ ਸਨਮਾਨਿਤ




ਅੰਮ੍ਰਿਤਸਰ/ਏ.ਟੀ.ਨਿਊਜ਼: ਬੰਦੀ ਸਿੱਖਾਂ ਦੀ ਰਿਹਾਈ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ 500 ਤੋਂ ਵੱਧ ਗੁਰਦੁਆਰਿਆਂ ਤੇ 100 ਤੋਂ ਵੱਧ ਵਿਦਿਅਕ ਅਦਾਰਿਆਂ ਵਿੱਚ ਅਰਦਾਸ ਕੀਤੀ ਗਈ। ਇਸ ਸਬੰਧੀ ਹਰਿਮੰਦਰ ਸਾਹਿਬ ਸਮੂਹ ਵਿੱਚ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ 'ਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਗੁਰਬਾਣੀ ਦਾ ਕੀਰਤਨ ਕੀਤਾ ਗਿਆ ਅਤੇ ਬੰਦੀ ਸਿੰਘਾਂ ਦੀ ਰਿਹਾਈ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਪਰਵਿੰਦਰਪਾਲ ਸਿੰਘ ਅਤੇ ਗਿਆਨੀ ਰਾਜਦੀਪ ਸਿੰਘ ਨੇ ਕਥਾ ਵਿਖਿਆਨ ਕੀਤਾ ਅਤੇ ਸੰਗਤਾਂ ਨੂੰ ਅਰਦਾਸ ਸਮਾਗਮ ਦੇ ਮੰਤਵ ਬਾਰੇ ਜਾਣੂ ਕਰਾਇਆ। ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਬੰਦੀ ਸਿੰਘ ਪਿਛਲੇ ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਹਨ। ਉਹ ਕਾਨੂੰਨ ਵੱਲੋਂ ਦਿੱਤੀਆਂ ਗਈਆਂ ਨਿਰਧਾਰਿਤ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਪਰ ਇਸ ਤੇ ਬਾਵਜੂਦ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ, ਜੋ ਕਿ ਮਨੁੱਖੀ ਅਧਿਕਾਰਾਂ ਦਾ ਘਾਣ ਹੈ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਰਿਹਾਈ ਲਈ ਲਗਾਤਾਰ ਯਤਨਸ਼ੀਲ ਹੈ। ਇਸ ਮੌਕੇ ਸਮਾਗਮ ਵਿੱਚ ਪੁੱਜੇ ਬੰਦੀ ਸਿੱਖ ਗੁਰਦੀਪ ਸਿੰਘ ਖੈੜਾ ਅਤੇ ਲਖਵਿੰਦਰ ਸਿੰਘ ਲੱਖਾ ਦੇ ਪਰਿਵਾਰਕ ਮੈਂਬਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ।

# ਰਾਜੋਆਣਾ ਵੱਲੋਂ ਦਿਲਾਵਰ ਸਿੰਘ ਨੂੰ 'ਕੌਮੀ ਸ਼ਹੀਦ' ਵਜੋਂ ਸ਼ਰਧਾਂਜਲੀ ਦੇਣ ਨਾਲ ਗਰਮਾਏ ਪੰਥਕ ਮੁੱਦੇ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਕਰੀਬ 31 ਸਾਲਾਂ ਬਾਅਦ, ਫਾਂਸੀ ਦੀ ਸਜ਼ਾ ਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਵੱਲੋਂ ਆਪਣੀ ਭੈਣ ਰਾਹੀਂ ਅਖ਼ਬਾਰੀ ਇਸ਼ਤਿਹਾਰ ਦੇ ਕੇ ਆਪਣੇ ਸਾਥੀ ਦਿਲਾਵਰ ਸਿੰਘ ਨੂੰ 'ਕੌਮੀ ਸ਼ਹੀਦ' ਵਜੋਂ ਸ਼ਰਧਾਂਜਲੀ ਦੇਣ ਦੇ ਮਾਮਲੇ ਨੇ ਪੰਜਾਬ ਦੇ ਇਤਿਹਾਸਿਕ ਅਤੇ ਗੰਭੀਰ ਪੰਥਕ ਮੁੱਦਿਆਂ ਨੂੰ ਇੱਕ ਵਾਰ ਫਿਰ ਸਿਆਸੀ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ। ਪਟਿਆਲਾ ਸੈਂਟਰਲ ਜੇਲ੍ਹ ਵਿੱਚ ਬੰਦ ਰਾਜੋਆਣਾ ਨੂੰ 1995 ਦੇ ਬੇਅੰਤ ਸਿੰਘ ਕਤਲ ਕੇਸ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ, ਜਿਸ ਵਿੱਚ ਪੰਜਾਬ ਪੁਲਿਸ ਦੇ ਸਾਬਕਾ ਕਾਂਸਟੇਬਲ ਦਿਲਾਵਰ ਸਿੰਘ ਨੇ ਮਨੁੱਖੀ ਬੰਬ ਵਜੋਂ ਭੂਮਿਕਾ ਨਿਭਾਈ ਸੀ।



ਰਾਜੋਆਣਾ ਦਾ ਇਹ ਸੁਨੇਹਾ ਅਜਿਹੇ ਸਮੇਂ ਆਇਆ ਹੈ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਾਜੋਆਣਾ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਤੇਜ਼ ਕੀਤੇ ਗਏ ਹਨ ਅਤੇ ਕੁਝ ਦਿਨ ਪਹਿਲਾਂ ਹੀ ਪੰਜਾਬ ਭਰ ਦੇ ਗੁਰਦੁਆਰਿਆਂ ਵਿੱਚ ਰਿਹਾਈ ਲਈ ਅਰਦਾਸ ਕੀਤੀ ਗਈ ਹੈ। ਇਸ ਦੇ ਨਾਲ ਹੀ ਸਰਵਉੱਚ ਅਦਾਲਤ (ਸੁਪਰੀਮ ਕੋਰਟ) ਵੀ ਸਜ਼ਾ ਵਿੱਚ ਦੇਰੀ ਦੇ ਆਧਾਰ 'ਤੇ ਰਾਜੋਆਣਾ ਦੀ ਰਹਿਮ ਦੀ ਪਟੀਸ਼ਨ 'ਤੇ ਸੁਣਵਾਈ ਲਈ ਸਹਿਮਤ ਹੋਈ ਹੈ। ਇਹ ਸ਼ਰਧਾਂਜਲੀ ਸਿਰਫ਼ ਇੱਕ ਸਾਲਾਨਾ ਬਿਆਨ ਨਹੀਂ ਹੈ, ਸਗੋਂ ਰਾਜੋਆਣਾ ਦੇ ਉਸ ਪੁਰਾਣੇ ਸਟੈਂਡ ਦੀ ਪੁਸ਼ਟੀ ਹੈ ਜਿਸ 'ਤੇ ਉਹ ਅੱਜ ਵੀ ਕਾਇਮ ਹੈ।

ਇਹ ਬਿਆਨ ਉਸ ਸਮੇਂ ਹੋਰ ਮਹੱਤਵਪੂਰਨ ਹੋ ਜਾਂਦਾ ਹੈ ਜਦੋਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਇਸੇ ਕੇਸ ਦੇ ਇੱਕ ਹੋਰ ਦੋਸ਼ੀ ਜਗਤਾਰ ਸਿੰਘ ਹਵਾਰਾ ਦੀ ਬਜ਼ੁਰਗ ਅਤੇ ਬਿਮਾਰ ਮਾਤਾ ਦੀ ਹਾਲਤ ਦਾ ਹਵਾਲਾ ਦਿੰਦਿਆਂ 10 ਦਿਨਾਂ ਦੀ ਪੈਰੋਲ ਲਈ ਪਹਿਲਕਦਮੀ ਕੀਤੀ ਹੈ। ਆਮ ਆਦਮੀ ਪਾਰਟੀ ਦੇ ਇਸ ਕਦਮ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿੱਖ ਵੋਟਰਾਂ ਤੱਕ ਪਹੁੰਚ ਬਣਾਉਣ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ। ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਬਾਰ-ਬਾਰ ਮਿਲ ਰਹੀ ਪੈਰੋਲ ਦੇ ਮੁਕਾਬਲੇ ਬੰਦੀ ਸਿੰਘਾਂ ਦੀ ਲੰਮੀ ਹਿਰਾਸਤ ਨੂੰ ਲੈ ਕੇ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਅਸਮਾਨ ਵਿਵਹਾਰ ਦੇ ਲਾਏ ਜਾ ਰਹੇ ਦੋਸ਼ਾਂ ਨੇ ਇਸ ਬਹਿਸ ਨੂੰ ਹੋਰ ਤਿੱਖਾ ਕਰ ਦਿੱਤਾ ਹੈ।

ਇਨ੍ਹਾਂ ਘਟਨਾਕ੍ਰਮਾਂ ਨਾਲ ਰਾਜਨੀਤਿਕ ਧਿਰਾਂ ਲਈ ਸਮੀਕਰਨ ਉਲਝ ਗਏ ਹਨ। ਆਮ ਆਦਮੀ ਪਾਰਟੀ ਵੱਲੋਂ ਹਵਾਰਾ ਦੀ ਪੈਰੋਲ ਦੀ ਹਮਾਇਤ ਕਰਨਾ ਜਿੱਥੇ ਇਨਸਾਨੀਅਤ ਦਾ ਪੱਖ ਦਿਖਾਉਂਦਾ ਹੈ, ਉੱਥੇ ਵਿਰੋਧੀ ਧਿਰਾਂ ਇਸ ਨੂੰ ਚੋਣ ਸਿਆਸਤ ਨਾਲ ਜੋੜ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਲਈ ਆਪਣੇ ਪਰੰਪਰਾਗਤ ਪੰਥਕ ਮੁੱਦਿਆਂ 'ਤੇ ਹੱਕ ਜਤਾਈ ਰੱਖਣਾ ਚੁਣੌਤੀ ਬਣ ਰਿਹਾ ਹੈ, ਜਦੋਂਕਿ ਕਾਂਗਰਸ ਬੇਅੰਤ ਸਿੰਘ ਸਰਕਾਰ ਦੇ ਦੌਰ ਨਾਲ ਜੁੜੀ ਹੋਣ ਕਾਰਨ ਬਚਾਅ ਦੇ ਮੁਦਰਾ 'ਚ ਹੈ ਅਤੇ ਭਾਜਪਾ ਨੂੰ ਕੇਂਦਰ ਸਰਕਾਰ ਕੋਲ ਲਮਕ ਰਹੀਆਂ ਰਹਿਮ ਦੀ ਪਟੀਸ਼ਨਾਂ 'ਤੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਦੋਹਰੀ ਆਰਥਿਕ ਵੰਡ

ਵਿਸ਼ਵ ਦੇ ਵੱਡੀ ਗਿਣਤੀ ਦੇਸ਼ਾਂ ਵਿੱਚ ਇਸ ਸਮੇਂ ਲੋਕਤੰਤਰ ਦੀ ਸਥਾਪਨਾ ਹੋਣ ਦੇ ਬਾਵਜੂਦ ਉਥੇ 'ਪੂੰਜੀਵਾਦ' ਆਪਣੇ ਪੈਰ ਪਸਾਰ ਚੁੱਕਿਆ ਹੈ। ਪੂੰਜੀਵਾਦੀ ਸਮਾਜ ਵਿੱਚ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੁੰਦੇ ਜਾਂਦੇ ਹਨ, ਜਿਸ ਕਾਰਨ ਅਮੀਰਾਂ ਅਤੇ ਆਮ ਲੋਕਾਂ ਵਿਚਾਲੇ ਵੱਡਾ ਆਰਥਿਕ ਪਾੜਾ ਪੈਦਾ ਹੋ ਜਾਂਦਾ ਹੈ। ਇਸ ਸਮੇਂ ਪੂਰੇ ਵਿਸ਼ਵ ਵਿੱਚ ਅਜੀਬ ਕਿਸਮ ਦੀ ਆਰਥਿਕ ਸਥਿਤੀ ਬਣੀ ਹੋਈ ਹੈ। ਇੱਕ ਪਾਸੇ ਅੰਤਰਰਾਸ਼ਟਰੀ ਪੱਧਰ 'ਤੇ ਆਰਥਿਕ ਮੰਦੀ ਦਾ ਰੁਝਾਨ ਸਾਹਮਣੇ ਆ ਰਿਹਾ ਹੈ, ਪਰ ਦੂਜੇ ਪਾਸੇ 'ਆਰਥਿਕ ਗ੍ਰੋਥ' ਅਤੇ 'ਜੀ.ਡੀ.ਪੀ.' ਵਿੱਚ ਵਾਧਾ ਹੋ ਰਿਹਾ ਹੈ। ਇਹ ਦੋਵੇਂ ਗੱਲਾਂ 'ਆਪਾ ਵਿਰੋਧੀ' ਹਨ ਪਰ ਇਸ ਸਮੇਂ ਇਹ ਦੋਵੇਂ ਗੱਲਾਂ ਹੀ ਪੂਰੀ ਦੁਨੀਆ ਦੇ ਲੋਕਾਂ ਸਾਹਮਣੇ ਆ ਰਹੀਆਂ ਹਨ, ਜਿਸ ਕਾਰਨ ਆਮ ਲੋਕਾਂ ਲਈ ਵਿਰੋਧਮਈ ਸਥਿਤੀ ਪੈਦਾ ਹੋ ਗਈ ਹੈ।

ਆਰਥਿਕ ਮਾਹਿਰ ਕਹਿੰਦੇ ਹਨ ਕਿ ਅਸੀਂ ਇਸ ਸਮੇਂ ਅਜਿਹੇ ਦੌਰ ਵਿੱਚ ਦਾਖਲ ਹੋ ਰਹੇ ਹਾਂ, ਜਿਸ ਨੂੰ 'ਗੇਟੇਡ ਰਿਸੇਸ਼ਨ' ਕਿਹਾ ਜਾਂਦਾ ਹੈ। ਇਹ ਅਜਿਹੀ ਸਥਿਤੀ ਹੈ , ਜਿਸ ਵਿੱਚ ਕੁਝ ਸਮੂਹ ਜਾਂ ਖੇਤਰ ਮੰਦੀ ਵਿਚੋਂ ਲੰਘਦੇ ਹਨ, ਜਦੋਂ ਕਿ ਅਮੀਰ ਲਗਾਤਾਰ ਹੋਰ ਅਮੀਰ ਹੁੰਦੇ ਜਾਂਦੇ ਹਨ। ਇਸ ਨਾਲ 'ਓਵਰਆਲ ਆਰਥਿਕ ਇੰਡੀਕੇਟਰ' ਚੰਗੇ ਦਿਖਾਈ ਦਿੰਦੇ ਹਨ।

ਸਿਰਫ਼ ਭਾਰਤ ਹੀ ਨਹੀਂ ਬਲਕਿ ਵਿਸ਼ਵ ਦੇ ਵੱਖ- ਵੱਖ ਮੁਲਕਾਂ ਵਿੱਚ ਨੌਕਰੀਆਂ ਦੀ ਘਾਟ ਆ ਗਈ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਦੇਸ਼ਾਂ ਵਿੱਚ ਨਵੇਂ ਵਰਕਰ ਭਰਤੀ ਕਰਨ ਦੀ ਥਾਂ ਵੱਖ- ਵੱਖ ਅੰਤਰਰਾਸ਼ਟਰੀ ਕੰਪਨੀਆਂ ਪੁਰਾਣੇ ਵਰਕਰਾਂ ਦੀ ਛਾਂਟੀ ਜਾਂ ਜਬਰੀ ਰਿਟਾਇਰ ਕਰ ਰਹੀਆਂ ਹਨ। ਜਿਸ ਕਾਰਨ ਅੰਤਰਰਾਸ਼ਟਰੀ ਕਿਰਤ ਬਾਜ਼ਾਰ ਵਿੱਚ ਮੰਦੀ ਦਾ ਰੁਝਾਨ ਸ਼ੁਰੂ ਹੋ ਗਿਆ ਹੈ। ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਵੱਖ- ਵੱਖ ਉਦਯੋਗਪਤੀ, ਵੱਡੇ ਵਪਾਰੀ ਅਤੇ ਕੰਪਨੀਆਂ ਦਿਨੋਂ ਦਿਨ ਅਮੀਰ ਹੁੰਦੇ ਜਾ ਰਹੇ ਹਨ, ਜਿਸ ਕਾਰਨ ਅਰਥ ਵਿਵਸਥਾ ਮਜ਼ਬੂਤ ਦਿਖਾਈ ਦਿੰਦੀ ਹੈ।

ਜੇ ਸਿਰਫ਼ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਭਾਰਤ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚੋਂ ਪੜ੍ਹਾਈ ਪੂਰੀ ਕਰ ਕੇ ਨਿਕਲੇ ਨੌਜਵਾਨਾਂ ਲਈ ਨੌਕਰੀਆਂ ਦੀ ਵੱਡੀ ਕਿੱਲਤ ਹੈ। ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦਰ ਸਾਲ 2025 ਵਿੱਚ 2.1 ਫੀਸਦੀ ਅੰਕ ਵੱਧ ਕੇ 17.7 ਫੀਸਦੀ ਹੋ ਗਈ। ਜਿਸ ਕਾਰਨ ਕਈ ਨੌਜਵਾਨ ਨੌਜਵਾਨ ਅਤੇ ਉਹਨਾਂ ਦੇ ਪਰਿਵਾਰ ਅਸਲ ਆਮਦਨ ਵਿੱਚ ਗਿਰਾਵਟ ਦਾ ਸਾਹਮਣਾ ਕਰ ਰਹੇ ਹਨ ਪਰ ਦੂਜੇ ਪਾਸੇ ਅਰਥ ਵਿਵਸਥਾ ਵੀ ਤੇਜ਼ੀ ਨਾਲ ਵੱਧ ਰਹੀ ਹੈ ਅਤੇ ਸਾਲ 2025 ਵਿੱਚ ਪ੍ਰਤੀ ਵਿਅਕਤੀ ਜੀ.ਡੀ.ਪੀ. ਵਿੱਚ 6.6 ਫੀਸਦੀ ਦਾ ਵਾਧਾ ਹੋਇਆ ਸੀ। ਕਿਹਾ ਜਾ ਰਿਹਾ ਹੈ ਕਿ ਇੱਥੇ ਵੀ ਅੰਕੜੇ ਅਸਲੀ ਤਸਵੀਰ ਨੂੰ ਛੁਪਾਉਂਦੇ ਹਨ ਕਿਉਂਕਿ ਆਬਾਦੀ ਦੇ ਇੱਕ ਛੋਟੇ ਹਿੱਸੇ ਦੀ ਆਮਦਨ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ ਪਰ ਵੱਡੀ ਗਿਣਤੀ ਵਿੱਚ ਲੋਕ ਆਰਥਿਕ ਸੰਕਟ ਨਾਲ ਜੂਝ ਰਹੇ ਹਨ।

ਏਨੀ ਵੱਡੀ ਆਰਥਿਕ ਵੰਡ ਨੂੰ ਬਣੇ ਰਹਿਣ ਦੇਣਾ ਸਰਕਾਰ ਦੀ ਨੀਤੀਗਤ ਅਸਫ਼ਲਤਾ ਹੈ। ਘੱਟ ਅਤੇ ਮੱਧਮ ਆਮਦਨ ਵਾਲੇ ਦੇਸ਼ ਦੇ ਰੂਪ ਵਿੱਚ ਭਾਰਤ ਸਹੀ ਨੀਤੀਆਂ ਦੇ ਸਹਾਰੇ ਆਪਣੇ ਨੌਜਵਾਨਾਂ ਲਈ ਲੋੜੀਂਦਾ ਰੁਜ਼ਗਾਰ ਪੈਦਾ ਕਰ ਸਕਦਾ ਹੈ। ਇਹ ਗੱਲ ਉਸ ਸਮੇਂ ਵੀ ਸਹੀ ਸਾਬਤ ਹੁੰਦੀ ਹੈ ਜਦੋਂ ਕਿਰਤ ਬਾਜ਼ਾਰ ਦੇ ਮੌਜੂਦਾ ਰੁਝਾਨ ਏ.ਆਈ. ਅਤੇ ਹੋਰ ਡਿਜੀਟਲ ਤਕਨੀਕਾਂ ਨਾਲ ਪ੍ਰਭਾਵਿਤ ਹੋ ਰਹੇ ਹਨ,ਜੋ ਮਨੁੱਖ ਕਿਰਤ ਦੀ ਮੰਗ ਘਟਾਉਂਦੀਆਂ ਹਨ ਅਤੇ ਮੁਨਾਫ਼ੇ ਨੂੰ ਕੁਝ ਹੱਥਾਂ ਵਿੱਚ ਕੇਂਦਰਿਤ ਕਰਦੀਆਂ ਹਨ। ਪੂਰੇ ਵਿਸ਼ਵ ਵਿੱਚ ਇੱਕ ਪਾਸੇ ਕਿਰਤੀ ਵਰਗ ਆਰਥਿਕ ਨੁਕਸਾਨ ਉਠਾ ਰਿਹਾ ਹੈ, ਦੂਜੇ ਪਾਸੇ ਜਿਨ੍ਹਾਂ ਲੋਕਾਂ ਦੀ ਆਮਦਨ ਸ਼ੇਅਰ ਬਾਜ਼ਾਰ ਅਤੇ ਕਾਰਪੋਰੇਟ 'ਤੇ ਆਧਾਰਿਤ ਹੈ, ਉਹ ਮੁਨਾਫ਼ਾ ਕਮਾ ਰਹੇ ਹਨ। ਉਹਨਾਂ ਲਈ ਤੇਜ਼ੀ ਦਾ ਦੌਰ ਚੱਲ ਰਿਹਾ ਹੈ। ਨੌਕਰੀਆਂ ਜਾਣ ਅਤੇ ਕਿਰਤ ਬਾਜ਼ਾਰ ਦੀ ਸਥਿਤੀ ਵਿਗੜਨ ਦੀਆਂ ਖ਼ਬਰਾਂ ਦੇ ਨਾਲ ਹੀ ਅਮਰੀਕੀ ਸ਼ੇਅਰ ਬਾਜ਼ਾਰ ਵਿੱਚ ਉਲਟਾ ਤੇਜ਼ੀ ਆਈ ਹੈ। ਬਿਊਰੋ ਆਫ਼ ਲੇਬਰ ਸਟੈਟਿਸਟਿਕਸ ਵੱਲੋਂ ਜਾਰੀ ਕੀਤੇ ਗਏ ਨਵੇਂ ਅੰਕੜਿਆਂ ਅਨੁਸਾਰ, ਜੁਲਾਈ ਮਹੀਨੇ ਦੌਰਾਨ ਅਮਰੀਕੀ ਕਿਰਤ ਬਾਜ਼ਾਰ ਵਿੱਚ ਉਥਲ ਪੁੱਥਲ ਰਹੀ ਤੇ 23,000 ਨੌਕਰੀਆਂ ਖਤਮ ਹੋ ਗਈਆਂ ਹਾਲਾਂ ਕਿ ਬੇਰੁਜ਼ਗਾਰੀ ਦਰ 4.2% ਤੋਂ ਘੱਟ ਕੇ 4.1% ਹੋ ਗਈ। ਇਸ ਵਿਰੋਧਾਭਾਸ ਦਾ ਕਾਰਨ ਇਹ ਹੈ ਕਿ ਅਮਰੀਕਾ ਵਿੱਚ ਕਿਸੇ ਵਿਅਕਤੀ ਨੂੰ ਬੇਰੁਜ਼ਗਾਰ ਮੰਨੇ ਜਾਣ ਦੇ ਲਈ ਉਸ ਦਾ ਸਰਗਰਮ ਰੂਪ ਵਿੱਚ ਨੌਕਰੀ ਦੀ ਤਲਾਸ਼ ਕਰਨਾ ਜ਼ਰੂਰੀ ਹੈ ਪਰ ਅੱਜ ਕਿਰਤ ਬਾਜ਼ਾਰ ਦੀ ਸਥਿਤੀ ਏਨੀ ਨਿਰਾਸ਼ਾਜਨਕ ਹੋ ਚੁੱਕੀ ਹੈ ਕਿ ਵੱਡੀ ਗਿਣਤੀ ਲੋਕ ਨੌਕਰੀ ਲੱਭਣਾ ਹੀ ਛੱਡ ਰਹੇ ਹਨ। ਇੱਕ ਅੰਦਾਜ਼ੇ ਅਨੁਸਾਰ ਨਵੰਬਰ 2025 ਤੋਂ ਹੁਣ ਤੱਕ 20 ਲੱਖ ਤੋਂ ਵਧੇਰੇ ਲੋਕ ਅਮਰੀਕੀ ਵਰਕਫੋਰਸ ਤੋਂ ਬਾਹਰ ਹੋ ਚੁੱਕੇ ਹਨ। ਬਿਊਰੋ ਆਫ਼ ਲੇਬਰ ਸਟੈਟਿਸਟਿਕਸ ਦੇ ਅੰਕੜਿਆਂ ਅਨੁਸਾਰ ਅਮਰੀਕਾ 'ਚ ਮਈ ਮਹੀਨੇ ਦੌਰਾਨ ਨੌਕਰੀਆਂ ਦੇ ਨਵੇਂ ਮੌਕੇ 129,000 ਤੋਂ ਘੱਟ ਕੇ 66,000 ਰਹਿ ਗਏ। ਕਾਮਿਆਂ ਦੀ ਤਨਖਾਹ ਵਿੱਚ ਵਾਧਾ ਪੰਜ ਸਾਲਾਂ ਦੇ ਹੇਠਲੇ ਪੱਧਰ 'ਤੇ ਆ ਗਿਆ। ਰਿਪੋਰਟ ਅਨੁਸਾਰ ਅਰਥ-ਸ਼ਾਸਤਰੀਆਂ ਨੂੰ ਉਮੀਦ ਸੀ ਕਿ ਜੁਲਾਈ ਵਿੱਚ 95,000 ਨੌਕਰੀਆਂ ਦਾ ਵਾਧਾ ਹੋਵੇਗਾ ਪਰੰਤੂ ਵਾਧੇ ਦੀ ਬਜਾਏ ਅਰਥਵਿਵਸਥਾ 'ਚ ਨਿਘਾਰ ਆਇਆ ਹੈ।

ਇਸ ਸਮੇਂ ਕਿਸੇ ਪਾਰਟੀ ਜਾਂ ਸਰਕਾਰ ਨੂੰ ਦੋਸ਼ ਦੇਣ ਦਾ ਸਮਾਂ ਨਹੀਂ ਸਗੋਂ ਵਿਸ਼ਵ ਦੇ ਵੱਖ- ਵੱਖ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਜਿਹੀਆਂ ਨੀਤੀਆਂ ਬਣਾਉਣ ਦੀ ਲੋੜ ਹੈ, ਜਿਸ ਨਾਲ ਸੰਸਾਰ ਪੱਧਰ 'ਤੇ ਅਮੀਰਾਂ ਅਤੇ ਗਰੀਬਾਂ ਵਿਚਾਲੇ ਆਰਥਿਕ ਪਾੜਾ ਘੱਟ ਹੋਵੇ ਅਤੇ ਦੋਹਰੀ ਆਰਥਿਕ ਵੰਡ ਨੂੰ ਸਮਾਪਤ ਕੀਤਾ ਜਾ ਸਕੇ।

# ਸਿੱਖਿਆ 'ਤੇ ਘਟਦਾ ਨਿਵੇਸ਼: ਭਾਰਤ ਦੇ ਭਵਿੱਖ ਲਈ ਮਹਿੰਗਾ ਸਾਬਤ ਹੋ ਸਕਦਾ

ਲਾਡੀ ਜਗਤਾਰ



ਕਿਸੇ ਵੀ ਦੇਸ਼ ਦੀ ਤਰੱਕੀ ਦਾ ਅਸਲ ਆਧਾਰ ਉਸ ਦੀ ਸਿੱਖਿਆ ਪ੍ਰਣਾਲੀ ਹੁੰਦੀ ਹੈ। ਸੜਕਾਂ, ਪੁਲ, ਹਵਾਈ ਅੱਡੇ ਅਤੇ ਉਦਯੋਗ ਆਰਥਿਕ ਵਿਕਾਸ ਨੂੰ ਗਤੀ ਤਾਂ ਦੇ ਸਕਦੇ ਹਨ ਪਰ ਇੱਕ ਗਿਆਨ-ਆਧਾਰਿਤ ਸਮਾਜ ਦੀ ਨੀਂਹ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਵਿੱਚ ਹੀ ਰੱਖੀ ਜਾਂਦੀ ਹੈ। ਜਿਹੜੇ ਦੇਸ਼ਾਂ ਨੇ ਸਿੱਖਿਆ ਨੂੰ ਆਪਣੀ ਪਹਿਲੀ ਤਰਜੀਹ ਬਣਾਇਆ, ਉਹ ਅੱਜ ਵਿਗਿਆਨ, ਤਕਨਾਲੋਜੀ, ਖੋਜ ਅਤੇ ਆਰਥਿਕ ਵਿਕਾਸ ਦੇ ਖੇਤਰ ਵਿਚ ਵਿਸ਼ਵ ਦੀ ਅਗਵਾਈ ਕਰ ਰਹੇ ਹਨ। ਭਾਰਤ ਵੀ 2047 ਤੱਕ ਵਿਕਸਿਤ ਰਾਸ਼ਟਰ ਬਣਨ ਦਾ ਟੀਚਾ ਰੱਖਦਾ ਹੈ, ਪਰ ਇਹ ਟੀਚਾ ਉਦੋਂ ਹੀ ਹਾਸਿਲ ਹੋ ਸਕਦਾ ਹੈ ਜਦੋਂ ਸਿੱਖਿਆ ਨੂੰ ਨੀਤੀ ਅਤੇ ਬਜਟ ਦੋਵਾਂ ਵਿੱਚ ਕੇਂਦਰੀ ਸਥਾਨ ਦਿੱਤਾ ਜਾਵੇ। ਪਿਛਲੇ ਪੰਦਰਾਂ ਸਾਲਾਂ ਦੇ ਕੇਂਦਰੀ ਸਿੱਖਿਆ ਬਜਟਾਂ ਦਾ ਅਧਿਐਨ ਦੱਸਦਾ ਹੈ ਕਿ ਸਿੱਖਿਆ ਲਈ ਕੁੱਲ ਰਕਮ ਤਾਂ ਵਧੀ ਹੈ, ਪਰ ਕੇਂਦਰੀ ਬਜਟ ਵਿੱਚ ਹੋਏ ਕੁਲ ਵਾਧੇ ਦੇ ਅਨੁਪਾਤ ਵਿੱਚ ਇਸ ਦੀ ਹਿੱਸੇਦਾਰੀ ਘਟੀ ਹੈ। ਇਹ ਰੁਝਾਨ ਭਵਿੱਖ ਲਈ ਚਿੰਤਾ ਦਾ ਵਿਸ਼ਾ ਹੈ।

ਪਿਛਲੇ ਪੰਦਰਾਂ ਸਾਲਾਂ ਦੌਰਾਨ ਕੇਂਦਰ ਸਰਕਾਰ ਦੇ ਕੁੱਲ ਬਜਟ ਵਿੱਚ ਕਈ ਗੁਣਾ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਸਿੱਖਿਆ ਮੰਤਰਾਲੇ ਲਈ ਰੱਖੀ ਜਾਣ ਵਾਲੀ ਰਕਮ ਵੀ ਵਧੀ ਹੈ। 2010-11 ਵਿੱਚ ਉਸ ਵੇਲੇ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਲਈ ਲਗਭਗ 49,600 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਸੀ। 2025-26 ਤੱਕ ਇਹ ਵਧ ਕੇ 1.28 ਲੱਖ ਕਰੋੜ ਰੁਪਏ ਤੋਂ ਵੱਧ ਹੋ ਗਿਆ। ਪਹਿਲੀ ਨਜ਼ਰ ਵਿਚ ਇਹ ਵੱਡਾ ਵਾਧਾ ਲੱਗਦਾ ਹੈ, ਪਰ ਜਦੋਂ ਇਸ ਦੀ ਤੁਲਨਾ ਕੇਂਦਰੀ ਬਜਟ ਦੇ ਕੁੱਲ ਆਕਾਰ ਨਾਲ ਕੀਤੀ ਜਾਂਦੀ ਹੈ ਤਾਂ ਤਸਵੀਰ ਬਦਲ ਜਾਂਦੀ ਹੈ। 2010 ਦੇ ਸ਼ੁਰੂਆਤੀ ਸਾਲਾਂ ਵਿੱਚ ਕੇਂਦਰੀ ਬਜਟ ਦਾ ਲਗਭਗ 4.5 ਫ਼ੀਸਦੀ ਹਿੱਸਾ ਸਿੱਖਿਆ ਲਈ ਰੱਖਿਆ ਜਾਂਦਾ ਸੀ, ਜਦਕਿ 2025-26 ਵਿਚ ਇਹ ਘਟ ਕੇ ਲਗਭਗ 2.5 ਫ਼ੀਸਦੀ ਰਹਿ ਗਿਆ। ਇਸ ਦਾ ਮਤਲਬ ਹੈ ਕਿ ਭਾਵੇਂ ਰਕਮ ਵਧੀ ਹੈ, ਪਰ ਸਰਕਾਰੀ ਤਰਜੀਹਾਂ ਵਿਚ ਸਿੱਖਿਆ ਦੀ ਹਿੱਸੇਦਾਰੀ ਘਟੀ ਹੈ।

ਜੇ ਸਾਲ-ਵਾਰ ਰੁਝਾਨ ਵੇਖਿਆ ਜਾਵੇ ਤਾਂ 2010-11 ਵਿੱਚ ਸਿੱਖਿਆ ਲਈ ਕੇਂਦਰੀ ਬਜਟ ਦੀ ਹਿੱਸੇਦਾਰੀ ਲਗਭਗ 4.3 ਤੋਂ 4.5 ਫ਼ੀਸਦੀ ਸੀ। 2013-14 ਤੱਕ ਇਹ 4.5 ਫ਼ੀਸਦੀ ਦੇ ਆਸ-ਪਾਸ ਰਹੀ। ਇਸ ਤੋਂ ਬਾਅਦ ਇਹ ਹਿੱਸੇਦਾਰੀ ਹੌਲੀ-ਹੌਲੀ ਘਟਦੀ ਗਈ। 2015-16 ਵਿੱਚ ਇਹ ਲਗਭਗ 3.9 ਫ਼ੀਸਦੀ, 2018-19 ਵਿੱਚ 3.5 ਫ਼ੀਸਦੀ, 2020-21 ਵਿੱਚ 3.3 ਫ਼ੀਸਦੀ, 2022-23 ਵਿੱਚ ਲਗਭਗ 2.6 ਫ਼ੀਸਦੀ ਅਤੇ 2025-26 ਵਿੱਚ ਕਰੀਬ 2.5 ਫ਼ੀਸਦੀ ਰਹਿ ਗਈ। ਇਹ ਅੰਕੜੇ ਦਰਸਾਉਂਦੇ ਹਨ ਕਿ ਸਿੱਖਿਆ ਨੂੰ ਮਿਲਣ ਵਾਲੀ ਕੁੱਲ ਰਕਮ ਨਾਲੋਂ ਵੱਧ ਮਹੱਤਵਪੂਰਨ ਉਸ ਦੀ ਬਜਟ ਵਿਚਲੀ ਤਰਜੀਹ ਹੈ, ਜੋ ਲਗਾਤਾਰ ਘਟਦੀ ਨਜ਼ਰ ਆ ਰਹੀ ਹੈ।

ਸਕੂਲੀ ਅਤੇ ਉੱਚ ਸਿੱਖਿਆ ਦੀ ਵੱਖ-ਵੱਖ ਤਸਵੀਰ ਵੀ ਧਿਆਨ ਖਿੱਚਦੀ ਹੈ। 2024-25 ਦੇ ਬਜਟ ਵਿੱਚ ਸਕੂਲੀ ਸਿੱਖਿਆ ਵਿਭਾਗ ਲਈ 78



ਹਜ਼ਾਰ ਕਰੋੜ ਰੁਪਏ ਤੋਂ ਵੱਧ ਅਤੇ ਉੱਚ ਸਿੱਖਿਆ ਲਈ 50 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਰਕਮ ਰਾਹੀਂ ਸਮਗਰ ਸਿੱਖਿਆ ਅਭਿਆਨ, ਪੀਐਮ-ਸ਼੍ਰੀ ਸਕੂਲ, ਡਿਜੀਟਲ ਸਿੱਖਿਆ, ਕ੍ਰਿਤ੍ਰਿਮ ਬੁੱਧੀ , ਹੁਨਰ ਵਿਕਾਸ ਅਤੇ ਨਵੀਂ ਸਿੱਖਿਆ ਨੀਤੀ ਨਾਲ ਸਬੰਧਿਤ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਪਰ ਹਕੀਕਤ ਇਹ ਵੀ ਹੈ ਕਿ ਦੇਸ਼ ਦੇ ਹਜ਼ਾਰਾਂ ਸਰਕਾਰੀ ਸਕੂਲ ਅਜੇ ਵੀ ਅਧਿਆਪਕਾਂ ਦੀ ਘਾਟ, ਵਿਗਿਆਨ ਲੈਬਾਂ ਦੀ ਕਮੀ, ਪੁਸਤਕਾਲਿਆਂ ਦੀ ਘਾਟ, ਕੰਪਿਊਟਰਾਂ ਦੀ ਅਣਉਪਲਬਧਤਾ ਅਤੇ ਬੁਨਿਆਦੀ ਢਾਂਚੇ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਕਈ ਰਾਜ ਯੂਨੀਵਰਸਿਟੀਆਂ ਵਿਚ ਖੋਜ ਲਈ ਲੋੜੀਂਦੇ ਸਰੋਤ ਅਜੇ ਵੀ ਸੀਮਤ ਹਨ। ਨਵੀਂ ਸਿੱਖਿਆ ਨੀਤੀ ਨੇ ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਵਿਆਪਕ ਬਦਲਾਅ ਦਾ ਰਾਹ ਦਿਖਾਇਆ ਹੈ। ਇਸ ਵਿਚ ਬਹੁ-ਵਿਸ਼ਾ ਸਿੱਖਿਆ, ਮਾਤ ਭਾਸ਼ਾ ਵਿੱਚ ਪੜ੍ਹਾਈ, ਡਿਜੀਟਲ ਸਿੱਖਿਆ, ਹੁਨਰ ਵਿਕਾਸ, ਖੋਜ ਅਤੇ ਨਵੀਨਤਾ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਪਰ ਇਨ੍ਹਾਂ ਟੀਚਿਆਂ ਨੂੰ ਹਾਸਲ ਕਰਨ ਲਈ ਵੱਡੇ ਵਿੱਤੀ ਨਿਵੇਸ਼ ਦੀ ਲੋੜ ਹੈ। ਜੇ ਬਜਟ ਵਿੱਚ ਸਿੱਖਿਆ ਦੀ ਹਿੱਸੇਦਾਰੀ ਲਗਾਤਾਰ ਘਟਦੀ ਰਹੇਗੀ ਤਾਂ ਨੀਤੀ ਦੇ ਕਈ ਉਦੇਸ਼ ਕਾਗਜ਼ਾਂ ਤੱਕ ਹੀ ਸੀਮਤ ਰਹਿ ਸਕਦੇ ਹਨ।

ਭਾਰਤ ਵਿੱਚ ਸਿੱਖਿਆ ਉੱਤੇ ਸਰਕਾਰੀ ਖਰਚ ਲੰਮੇ ਸਮੇਂ ਤੋਂ ਚਰਚਾ ਦਾ ਵਿਸ਼ਾ ਰਿਹਾ ਹੈ। ਕੋਠਾਰੀ ਕਮਿਸ਼ਨ ਨੇ 1966 ਵਿੱਚ ਹੀ ਸਿਫ਼ਾਰਸ਼ ਕੀਤੀ ਸੀ ਕਿ ਦੇਸ਼ ਨੂੰ ਆਪਣੇ ਕੁੱਲ ਘਰੇਲੂ ਉਤਪਾਦ ਦਾ ਘੱਟੋ-ਘੱਟ 6 ਫ਼ੀਸਦੀ ਸਿੱਖਿਆ ਉੱਤੇ ਖਰਚ ਕਰਨਾ ਚਾਹੀਦਾ ਹੈ। ਨਵੀਂ ਸਿੱਖਿਆ ਨੀਤੀ ਨੇ ਵੀ ਇਸੇ ਟੀਚੇ ਨੂੰ ਦੁਹਰਾਇਆ ਹੈ। ਪਰ ਮੌਜੂਦਾ ਸਮੇਂ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਮਿਲਾ ਕੇ ਵੀ ਭਾਰਤ ਦਾ ਕੁੱਲ ਸਰਕਾਰੀ ਸਿੱਖਿਆ ਖਰਚ ਲਗਭਗ 4 ਫ਼ੀਸਦੀ ਤੋਂ ਕੁਝ ਹੀ ਵੱਧ ਹੈ। ਇਹ ਦਰਸਾਉਂਦਾ ਹੈ ਕਿ ਛੇ ਦਹਾਕਿਆਂ ਬਾਅਦ ਵੀ ਦੇਸ਼ ਆਪਣੇ ਹੀ ਨਿਰਧਾਰਤ ਟੀਚੇ ਤੋਂ ਪਿੱਛੇ ਹੈ। ਵਿਕਸਿਤ ਦੇਸ਼ਾਂ ਦੇ ਤਜਰਬੇ ਸਾਡੇ ਲਈ ਸਬਕ ਹਨ। ਫਿਨਲੈਂਡ ਨੇ ਆਪਣੇ ਸਿੱਖਿਆ ਮਾਡਲ ਨੂੰ ਮਜ਼ਬੂਤ ਕਰਕੇ ਵਿਸ਼ਵ ਵਿੱਚ ਵੱਖਰੀ ਪਛਾਣ ਬਣਾਈ ਹੈ। ਦੱਖਣੀ ਕੋਰੀਆ ਨੇ ਸਿੱਖਿਆ ਅਤੇ ਖੋਜ ਵਿੱਚ ਨਿਵੇਸ਼ ਕਰਕੇ ਕੁਝ ਹੀ ਦਹਾਕਿਆਂ ਵਿੱਚ ਆਪਣੇ ਆਪ ਨੂੰ ਤਕਨਾਲੋਜੀ ਦੇ ਖੇਤਰ ਵਿੱਚ ਮਹਾਂਸ਼ਕਤੀ ਵਿੱਚ ਬਦਲ ਲਿਆ ਹੈ। ਚੀਨ ਨੇ ਵੀ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਵਿਚ ਵੱਡੇ ਪੱਧਰ 'ਤੇ ਨਿਵੇਸ਼ ਕਰਕੇ ਵਿਸ਼ਵ ਪੱਧਰ ਦੀਆਂ ਸੰਸਥਾਵਾਂ ਖੜ੍ਹੀਆਂ ਕੀਤੀਆਂ ਹਨ। ਇਨ੍ਹਾਂ ਦੇਸ਼ਾਂ ਦੀ ਸਫ਼ਲਤਾ ਇਹ ਸਾਬਤ ਕਰਦੀ ਹੈ ਕਿ ਸਿੱਖਿਆ 'ਤੇ ਕੀਤਾ ਗਿਆ ਨਿਵੇਸ਼ ਖਰਚ ਨਹੀਂ, ਸਗੋਂ ਸਭ ਤੋਂ ਵੱਡੀ ਪੂੰਜੀ ਹੈ। ਭਾਰਤ ਦੀ ਸਭ ਤੋਂ ਵੱਡੀ ਤਾਕਤ ਉਸ ਦੀ ਨੌਜਵਾਨ ਅਬਾਦੀ ਹੈ। ਦੁਨੀਆ ਦੇ ਸਭ ਤੋਂ ਵੱਧ ਨੌਜਵਾਨਾਂ ਵਾਲੇ ਦੇਸ਼ ਵਿੱਚ ਜੇ ਸਿੱਖਿਆ ਅਤੇ ਹੁਨਰ ਵਿਕਾਸ 'ਤੇ ਪੂਰਾ ਧਿਆਨ ਨਾ ਦਿੱਤਾ ਗਿਆ ਤਾਂ ਇਹ ਜਨਸੰਖਿਆਕ ਲਾਭ ਇੱਕ ਬੋਝ ਵਿੱਚ ਵੀ ਬਦਲ ਸਕਦਾ ਹੈ। ਬੇਰੁਜ਼ਗਾਰੀ, ਹੁਨਰ ਦੀ ਘਾਟ, ਘੱਟ ਉਤਪਾਦਕਤਾ ਅਤੇ ਵਿਦੇਸ਼ਾਂ ਵੱਲ ਪ੍ਰਤਿਭਾ ਦਾ ਰੁਖ ਇਸ ਦੇ ਨਤੀਜੇ ਹੋ ਸਕਦੇ ਹਨ। ਹਰ ਸਾਲ ਲੱਖਾਂ ਭਾਰਤੀ ਵਿਦਿਆਰਥੀ ਉੱਚ ਸਿੱਖਿਆ ਲਈ ਵਿਦੇਸ਼ ਜਾਂਦੇ ਹਨ ਅਤੇ ਅਰਬਾਂ ਰੁਪਏ ਵਿਦੇਸ਼ੀ ਸੰਸਥਾਵਾਂ ਨੂੰ ਅਦਾ ਕਰਦੇ ਹਨ। ਜੇ ਭਾਰਤ ਵਿੱਚ ਹੀ ਵਿਸ਼ਵ ਪੱਧਰੀ ਸਿੱਖਿਆ ਅਤੇ ਖੋਜ ਦੇ ਮੌਕੇ ਉਪਲਬਧ ਹੋਣ ਤਾਂ ਇਹ ਪ੍ਰਤਿਭਾ ਅਤੇ ਪੂੰਜੀ ਦੋਵੇਂ ਦੇਸ਼ ਦੇ ਅੰਦਰ ਹੀ ਰਹਿ ਸਕਦੇ ਹਨ। ਇਹ ਵੀ ਸੱਚ ਹੈ ਕਿ ਕੇਂਦਰ ਸਰਕਾਰ ਨੇ ਪਿਛਲੇ ਕੁਝ ਸਾਲਾਂ ਵਿੱਚ ਪੀਐਮ-ਸ਼੍ਰੀ ਸਕੂਲ, ਡਿਜੀਟਲ ਯੂਨੀਵਰਸਿਟੀ, ਰਾਸ਼ਟਰੀ ਖੋਜ ਪਹਿਲਾਂ ਅਤੇ ਹੁਨਰ ਵਿਕਾਸ ਵਰਗੀਆਂ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਹਨ। ਇਹ ਸਕਾਰਾਤਮਕ ਕਦਮ ਹਨ। ਪਰ ਕਿਸੇ ਵੀ ਨੀਤੀ ਦੀ ਸਫ਼ਲਤਾ ਉਸ ਲਈ ਉਪਲਬਧ ਵਿੱਤੀ ਸਰੋਤਾਂ 'ਤੇ ਨਿਰਭਰ ਕਰਦੀ ਹੈ। ਜੇ ਸਿੱਖਿਆ ਨੂੰ ਲੰਬੇ ਸਮੇਂ ਲਈ ਯੋਗ ਵਿੱਤੀ ਸਹਾਇਤਾ ਨਾ ਮਿਲੇ ਤਾਂ ਇਨ੍ਹਾਂ ਯੋਜਨਾਵਾਂ ਦੇ ਉਮੀਦ ਅਨੁਸਾਰ ਨਤੀਜੇ ਮਿਲਣੇ ਔਖੇ ਹੋ ਸਕਦੇ ਹਨ। 2047 ਦੇ ਵਿਕਸਿਤ ਭਾਰਤ ਦਾ ਸੁਪਨਾ ਸਿਰਫ਼ ਵੱਡੇ ਐਕਸਪ੍ਰੈੱਸਵੇਅ, ਉਦਯੋਗਿਕ ਗਲਿਆਰਿਆਂ ਜਾਂ ਹਵਾਈ ਅੱਡਿਆਂ ਨਾਲ ਪੂਰਾ ਨਹੀਂ ਹੋਵੇਗਾ।

ਇਕ ਵਿਕਸਿਤ ਰਾਸ਼ਟਰ ਲਈ ਗੁਣਵੱਤਾ ਵਾਲੇ ਸਕੂਲ, ਸਮਰੱਥ ਯੂਨੀਵਰਸਿਟੀਆਂ, ਉੱਚ ਪੱਧਰੀ ਖੋਜ, ਤਰਬੀਅਤਯਾਫ਼ਤਾ ਅਧਿਆਪਕ ਅਤੇ ਹੁਨਰਮੰਦ ਨੌਜਵਾਨ ਸਭ ਤੋਂ ਵੱਡੀ ਲੋੜ ਹਨ। ਅਰਥਸ਼ਾਸਤਰੀ ਵੀ ਮੰਨਦੇ ਹਨ ਕਿ ਮਨੁੱਖੀ ਪੂੰਜੀ ਵਿੱਚ ਕੀਤਾ ਗਿਆ ਨਿਵੇਸ਼ ਸਭ ਤੋਂ ਵੱਧ ਸਮਾਜਿਕ ਅਤੇ ਆਰਥਿਕ ਲਾਭ ਦਿੰਦਾ ਹੈ। ਇਸ ਲਈ ਜੇ ਸਿੱਖਿਆ ਨੂੰ ਕੇਂਦਰੀ ਬਜਟ ਵਿੱਚ ਮੁੜ ਵਧੇਰੇ ਤਰਜੀਹ ਦਿੱਤੀ ਜਾਵੇ ਅਤੇ ਸਿੱਖਿਆ 'ਤੇ ਸਰਕਾਰੀ ਖ਼ਰਚ ਨੂੰ ਹੌਲ਼ੀ-ਹੌਲ਼ੀ ਜੀ.ਡੀ.ਪੀ ਦੇ 6 ਫ਼ੀਸਦੀ ਟੀਚੇ ਵੱਲ ਲਿਆਂਦਾ ਜਾਵੇ ਤਾਂ ਭਾਰਤ ਦਾ ਵਿਕਾਸ ਹੋਰ ਟਿਕਾਊ, ਸ਼ਮੂਲੀਅਤ ਵਾਲਾ ਅਤੇ ਗਿਆਨ-ਆਧਾਰਿਤ ਹੋ ਸਕਦਾ ਹੈ।

ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਪਿਛਲੇ ਪੰਦਰਾਂ ਸਾਲਾਂ ਵਿੱਚ ਸਿੱਖਿਆ ਲਈ ਕੁੱਲ ਬਜਟ ਰਕਮ ਵਧੀ ਹੈ, ਪਰ ਕੇਂਦਰੀ ਬਜਟ ਵਿੱਚ ਉਸ ਦੀ ਹਿੱਸੇਦਾਰੀ ਘਟੀ ਹੈ। ਇਹ ਦੋਵੇਂ ਗੱਲਾਂ ਇਕੱਠਿਆਂ ਸਹੀ ਹੋ ਸਕਦੀਆਂ ਹਨ ਅਤੇ ਇਨ੍ਹਾਂ ਨੂੰ ਵੱਖ-ਵੱਖ ਸਮਝਣ ਦੀ ਲੋੜ ਹੈ। ਭਾਰਤ ਜੇ ਆਪਣੀ ਨੌਜਵਾਨ ਅਬਾਦੀ ਨੂੰ ਅਸਲ ਤਾਕਤ ਵਿੱਚ ਬਦਲਣਾ ਚਾਹੁੰਦਾ ਹੈ ਤਾਂ ਸਿੱਖਿਆ ਨੂੰ ਖਰਚ ਨਹੀਂ, ਸਗੋਂ ਭਵਿੱਖ ਦਾ ਸਭ ਤੋਂ ਵੱਡਾ ਪੂੰਜੀ ਨਿਵੇਸ਼ ਸਮਝਣਾ ਹੋਵੇਗਾ। ਅੱਜ ਸਿੱਖਿਆ ਵਿੱਚ ਕੀਤਾ ਗਿਆ ਨਿਵੇਸ਼ ਹੀ ਕੱਲ੍ਹ ਦੇ ਮਜ਼ਬੂਤ ਲੋਕਤੰਤਰ, ਖ਼ੁਸ਼ਹਾਲ ਆਰਥਿਕਤਾ, ਵਿਗਿਆਨਕ ਸੋਚ ਅਤੇ ਸਮਾਜਿਕ ਬਰਾਬਰੀ ਦੀ ਬੁਨਿਆਦ ਬਣੇਗਾ। ਇਹੀ ਉਹ ਚਿਤਾਵਨੀ ਹੈ, ਜਿਸ ਨੂੰ ਨਜ਼ਰਅੰਦਾਜ਼ ਕਰਨਾ ਭਾਰਤ ਦੇ ਭਵਿੱਖ ਲਈ ਮਹਿੰਗਾ ਸਾਬਤ ਹੋ ਸਕਦਾ।

# ਕਿਉਂ ਬਦਲ ਰਹੀ ਹੈ ਭਾਰਤ ਦੀ ਰਾਜਨੀਤਕ ਫ਼ਿਜ਼ਾ ?



ਸਤਨਾਮ ਮਾਣਕ
ਸੀਨੀਅਰ ਪੱਤਰਕਾਰ




ਦਿੱਲੀ ਜੰਤਰ-ਮੰਤਰ ’ਤੇ 6 ਜੂਨ, 2026 ਨੂੰ ਕਾਕਰੋਚ ਜਨਤਾ ਪਾਰਟੀ ਵੱਲੋਂ ਨੀਟ ਪੇਪਰ ਲੀਕ ਅਤੇ ਸਿੱਖਿਆ ਨਾਲ ਸੰਬੰਧਿਤ ਹੋਰ ਮੰਗਾਂ ਨੂੰ ਲੈ ਕੇ ਆਰੰਭ ਹੋਏ ਜਨਤਕ ਅੰਦੋਲਨ ਅਤੇ ਇਸ ਦੇ ਸਿੱਟੇ ਵਜੋਂ 26 ਜੁਲਾਈ ਨੂੰ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਵੱਲੋਂ ਅਸਤੀਫ਼ਾ ਦੇਣ ਦੇ ਵਾਪਰੇ ਘਟਨਾਕ੍ਰਮ ਨੇ ਦੇਸ਼ ਦੀ ਰਾਜਨੀਤੀ ’ਤੇ ਵੱਡਾ ਪ੍ਰਭਾਵ ਪਾਇਆ ਹੈ। ਜਿਸ ਸਮੇਂ ਇਹ ਅੰਦੋਲਨ ਸ਼ੁਰੂ ਹੋਇਆ ਸੀ, ਉਸ ਸਮੇਂ ਬਹੁਤੇ ਰਾਜਨੀਤਕ ਵਿਸ਼ਲੇਸ਼ਣਕਾਰਾਂ ਅਤੇ ਰਾਜਨੀਤਕ ਆਗੂਆਂ ਨੂੰ ਇਹ ਆਸ ਨਹੀਂ ਸੀ ਕਿ ਇਹ ਅੰਦੋਲਨ ਏਨਾ ਲੰਮਾ ਚੱਲੇਗਾ ਅਤੇ ਅਖ਼ੀਰ ਵਿਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੌਮੀ ਲੋਕਤੰਤਰਿਕ ਗੱਠਜੋੜ ਦੀ ਸਰਕਾਰ, ਜਿਸ ਬਾਰੇ ਰਾਜਨਾਥ ਸਿੰਘ ਨੇ ਕਿਹਾ ਸੀ ਕਿ ਇਸ ਸਰਕਾਰ ਵਿਚ ਅਸਤੀਫ਼ੇ ਨਹੀਂ ਹੁੰਦੇ, ਨੂੰ ਆਪਣੇ ਸਿੱਖਿਆ ਮੰਤਰੀ ਦਾ ਅਸਤੀਫ਼ਾ ਲੈਣ ਲਈ ਮਜਬੂਰ ਕਰ ਦੇਵੇਗਾ। ਉਸ ਸਮੇਂ ਕਿਸੇ ਨੇ ਇਹ ਵੀ ਅੰਦਾਜ਼ਾ ਨਹੀਂ ਲਾਇਆ ਸੀ ਕਿ ਇਸ ਅੰਦੋਲਨ ਤੋਂ ਬਾਅਦ ਸਿੱਖਿਆ ਸੁਧਾਰਾਂ ਸੰਬੰਧੀ ਦੇਸ਼ ਵਿੱਚ ਇੱਕ ਲਹਿਰ ਖੜ੍ਹੀ ਹੋਵੇਗੀ। ਪਰ ਅਜਿਹਾ ਸਭ ਕੁਝ ਹੁਣ ਹਕੀਕਤ ਵਿਚ ਨਜ਼ਰ ਆ ਰਿਹਾ ਹੈ।

ਕਾਕਰੋਚ ਜਨਤਾ ਪਾਰਟੀ ਨੇ ਆਪਣੇ ਇਸ ਅੰਦੋਲਨ ਦੀ ਸਫ਼ਲਤਾ ਤੋਂ ਬਾਅਦ ਵੱਖ-ਵੱਖ ਰਾਜਾਂ ਵਿੱਚ ਜਾ ਕੇ ਸਰਕਾਰੀ ਸਕੂਲਾਂ ਦੀ ਸਥਿਤੀ ਸੰਬੰਧੀ ਪੜਚੋਲ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਸਕੂਲਾਂ ਵਿੱਚ ਇਮਾਰਤਾਂ ਦੀ ਖ਼ਸਤਾ ਹਾਲਤ, ਅਧਿਆਪਕਾਂ ਦੀ ਕਮੀ ਅਤੇ ਬਹੁਤ ਸਾਰੇ ਸਕੂਲਾਂ ਵਿੱਚ ਬਾਥਰੂਮਾਂ ਅਤੇ ਪੀਣ ਵਾਲੇ ਪਾਣੀ ਦੀ ਵਿਵਸਥਾ ਵੀ ਨਾ ਹੋਣ ਦੀਆਂ ਕੌੜੀਆਂ ਸੱਚਾਈਆਂ ਸਾਹਮਣੇ ਲਿਆਂਦੀਆਂ ਹਨ। ਸ਼ੁਰੂ ਹੋਏ ਇਸ ਸਿਲਸਿਲੇ ਕਾਰਨ ਵੱਖ-ਵੱਖ ਰਾਜਾਂ ਵਿੱਚ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਕਾਫ਼ੀ ਪ੍ਰੇਸ਼ਾਨੀ ਮਹਿਸੂਸ ਕਰ ਰਹੀਆਂ ਹਨ। ਕਈ ਥਾਵਾਂ ’ਤੇ ਭਾਰਤੀ ਜਨਤਾ ਪਾਰਟੀ ਨਾਲ ਸੰਬੰਧਿਤ ਲੋਕਾਂ ਨੇ ਕਾਕਰੋਚ ਜਨਤਾ ਪਾਰਟੀ ਦੇ ਸਮਰਥਕਾਂ ਦੇ ਸਕੂਲਾਂ ਵਿਚ ਪੜਤਾਲ ਲਈ ਆਉਣ ਦੇ ਪ੍ਰਤੀਕਰਮ ਵਜੋਂ ਉਨ੍ਹਾਂ ’ਤੇ ਹਮਲੇ ਵੀ ਕੀਤੇ ਹਨ। ਪਹਿਲੀ ਇਸ ਤਰ੍ਹਾਂ ਦੀ ਘਟਨਾ ਪੱਛਮੀ ਬੰਗਾਲ ਵਿਚ ਵਾਪਰੀ ਹੈ। ਇਕ ਅਬਦੁੱਲਾ ਨਾਂਅ ਦਾ ਨੌਜਵਾਨ, ਜੋ ਜੰਤਰ-ਮੰਤਰ ’ਤੇ ਕਾਕਰੋਚ ਜਨਤਾ ਪਾਰਟੀ ਦੇ ਅੰਦੋਲਨ ਵਿੱਚ ਸ਼ਾਮਿਲ ਹੋਇਆ ਸੀ, ਨੇ ਪੱਛਮੀ ਬੰਗਾਲ ਵਿੱਚ ਜਾ ਕੇ ਆਪਣੇ ਪਿੰਡ ਦੇ ਸਕੂਲ ਦੀ ਪੜਤਾਲ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਉਸ ’ਤੇ ਭਾਜਪਾ ਸਮਰਥਕਾਂ ਵੱਲੋਂ ਉਸ ਦੇ ਘਰ ਜਾ ਕੇ ਹਮਲਾ ਕੀਤਾ ਗਿਆ। ਉਸ ਦੀ ਅਤੇ ਉਸ ਦੇ ਪਿਤਾ ਦੀ ਖ਼ੂਬ ਕੁੱਟਮਾਰ ਕੀਤੀ ਗਈ, ਜਿਸ ਦੇ ਸਿੱਟੇ ਵਜੋਂ ਅਬਦੁੱਲਾ ਦੇ ਪਿਤਾ ਦੀ ਮੌਤ ਹੋ ਗਈ।

ਅਜਿਹੀ ਹੀ ਘਟਨਾ ਬੀਤੇ ਦਿਨੀਂ ਰਾਜਸਥਾਨ ਦੇ ਇੱਕ ਪਿੰਡ ਵਿੱਚ ਵਾਪਰੀ ਹੈ, ਜਿੱਥੇ ਕਾਕਰੋਚ ਜਨਤਾ ਪਾਰਟੀ ਦੇ ਸੀਨੀਅਰ ਆਗੂ ਆਸ਼ੂਤੋਸ਼ ਰਾਂਕਾ ਪਿੰਡ ਦੇ ਲੋਕਾਂ ਦੇ ਸੱਦੇ ’ਤੇ ਸਕੂਲ ਦੇ ਨਿਰੀਖਣ ਲਈ ਗਏ ਸਨ। ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ’ਤੇ ਭਾਜਪਾ ਸਮਰਥਕਾਂ ਨੇ ਹਮਲਾ ਕਰ ਦਿੱਤਾ। ਇਸ ਵਿੱਚ ਕਾਕਰੋਚ ਜਨਤਾ ਪਾਰਟੀ ਦੇ ਕਈ ਸਮਰਥਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਅਤੇ ਕਾਕਰੋਚ ਜਨਤਾ ਪਾਰਟੀ ਦੇ ਸਮਰਥਕਾਂ ਦੇ ਵਾਹਨਾਂ ਦੀ ਵੀ ਭੰਨ-ਤੋੜ ਕੀਤੀ ਗਈ। ਇਸ ਦੇ ਪ੍ਰਤੀਕਰਮ ਵਜੋਂ ਕਾਕਰੋਚ ਜਨਤਾ ਪਾਰਟੀ ਨੇ ਰਾਜਸਥਾਨ ਵਿੱਚ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ।

ਕਾਕਰੋਚ ਜਨਤਾ ਪਾਰਟੀ ਦੇ ਸਕੂਲ ਸੁਧਾਰਾਂ ਲਈ ਸ਼ੁਰੂ ਕੀਤੇ ਗਏ ਇਸ ਪ੍ਰੋਗਰਾਮ ਤੋਂ ਇਲਾਵਾ ਆਪ-ਮੁਹਾਰੇ ਵੀ ਦੇਸ਼ ਭਰ ਵਿੱਚ ਵੱਖ-ਵੱਖ ਰਾਜਾਂ ਵਿੱਚ ਸਕੂਲੀ ਵਿਦਿਆਰਥੀ, ਜਿਨ੍ਹਾਂ ਨੂੰ ਜ਼ੈੱਨ-ਅਲਫ਼ਾ ਵੀ ਕਿਹਾ ਜਾ ਰਿਹਾ ਹੈ, ਵੱਲੋਂ ਵੀ ਵਿਖਾਵੇ ਅਤੇ ਡਿਪਟੀ ਕਮਿਸ਼ਨਰਾਂ ਦੇ ਘਿਰਾਓ ਕਰਨੇ ਸ਼ੁਰੂ ਕਰ ਦਿੱਤੇ ਗਏ ਹਨ। ਸਕੂਲਾਂ ਦੇ ਵਿਦਿਆਰਥੀ ਪੂਰੇ ਅਧਿਆਪਕਾਂ, ਬਿਹਤਰ ਇਮਾਰਤਾਂ, ਪੀਣ ਵਾਲੇ ਪਾਣੀ ਅਤੇ ਚੰਗੀਆਂ ਲਾਇਬ੍ਰੇਰੀਆਂ ਦੀ ਵੀ ਮੰਗ ਕਰ ਰਹੇ ਹਨ। ਇਸ ਤੋਂ ਇਲਾਵਾ ਵਿਦਿਆਰਥੀ ਸਕੂਲਾਂ ਨੂੰ ਜਾਂਦੀਆਂ ਖ਼ਸਤਾ ਹਾਲਤ ਸੜਕਾਂ ਦੇ ਸੁਧਾਰ ਦਾ ਮੁੱਦਾ ਵੀ ਉਠਾ ਰਹੇ ਹਨ। ਉੱਤਰ ਪ੍ਰਦੇਸ਼ ਦੀ ਇੱਕ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਵਿੱਚ ਪੁਲਿਸ ਅਧਿਕਾਰੀ ਸੜਕ ’ਤੇ ਬੈਠੇ ਵਿਦਿਆਰਥੀਆਂ ਨੂੰ ਲੱਤਾਂ ਮਾਰ ਕੇ ਉਠਾਉਂਦੇ ਹੋਏ ਨਜ਼ਰ ਆ ਰਹੇ ਹਨ। ਵਿਦਿਆਰਥੀਆਂ ਦਾ ਸਕੂਲਾਂ ਦੇ ਸੁਧਾਰਾਂ ਸੰਬੰਧੀ ਇਹ ਅੰਦੋਲਨ ਸੱਤਾਧਾਰੀ ਸਰਕਾਰਾਂ ਲਈ ਇੰਨੀ ਵੱਡੀ ਚੁਣੌਤੀ ਬਣ ਗਿਆ ਹੈ ਕਿ ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੀਆਂ ਸਰਕਾਰਾਂ ਨੇ ਸਕੂਲਾਂ ਵਿਚ ਕਿਸੇ ਵੀ ਬਾਹਰੀ ਵਿਅਕਤੀਆਂ ਜਾਂ ਪੱਤਰਕਾਰਾਂ ਦਾ ਦਾਖ਼ਲਾ ਬੰਦ ਕਰ ਦਿੱਤਾ ਹੈ। ਸਕੂਲਾਂ ਵਿਚਲੀਆਂ ਤਰੁੱਟੀਆਂ ਸੰਬੰਧੀ ਵੀਡੀਓਜ਼ ਬਣਾਉਣ ’ਤੇ ਵੀ ਰੋਕ ਲਗਾ ਦਿੱਤੀ ਹੈ।

ਦੂਜੇ ਪਾਸੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਰਾਹੁਲ ਗਾਂਧੀ, ਜਿਨ੍ਹਾਂ ਨੇ ਕਾਕਰੋਚ ਜਨਤਾ ਪਾਰਟੀ ਦੇ ਅੰਦੋਲਨ ਤੋਂ ਵੀ ਪਹਿਲਾਂ ‘ਛਾਤਰੋਂ ਕੀ ਗੂੰਜ’ ਨਾਂਅ ਦੇ ਨੀਟ ਪੇਪਰ ਲੀਕ ਵਿਰੁੱਧ ਪ੍ਰੋਗਰਾਮ ਸ਼ੁਰੂ ਕਰ ਦਿੱਤੇ ਸਨ, ਨੇ ਵੀ ਵੱਖ-ਵੱਖ ਥਾਵਾਂ ’ਤੇ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਨੇ ਜਾਰੀ ਰੱਖੇ ਹੋਏ ਹਨ। 22 ਅਗਸਤ ਨੂੰ ਉਨ੍ਹਾਂ ਵੱਲੋਂ ਪੂਨੇ ਵਿੱਚ ਅਜਿਹਾ ਪ੍ਰੋਗਰਾਮ ਕੀਤਾ ਗਿਆ ਹੈ। ਪਹਿਲਾਂ ਉਹ ਰਾਜਸਥਾਨ ਦੇ ਸ਼ਹਿਰ ਕੋਟਾ, ਉੱਤਰਾਖੰਡ ਦੇ ਸ਼ਹਿਰ ਦੇਹਰਾਦੂਨ ਅਤੇ ਉੱਤਰ ਪ੍ਰਦੇਸ਼ ਦੇ ਸ਼ਹਿਰ ਪ੍ਰਯਾਗਰਾਜ ਵਿਚ ਅਜਿਹੇ ਪ੍ਰੋਗਰਾਮ ਕਰ ਚੁੱਕੇ ਹਨ, ਜਿੱਥੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਉਨ੍ਹਾਂ ਨੂੰ ਸੁਣਨ ਆਏ ਹਨ।

ਦੇਸ਼ ਦਾ ਇਹ ਘਟਨਾਕ੍ਰਮ ਦੱਸਦਾ ਹੈ ਕਿ ਰਾਜਨੀਤਕ ਫ਼ਿਜ਼ਾ ਬਦਲ ਰਹੀ ਹੈ। ਪਿਛਲੇ ਲੰਮੇ ਸਮੇਂ ਤੋਂ ਖ਼ਾਸ ਕਰ ਕੇ 2014 ਤੋਂ ਬਾਅਦ ਦੋ ਵਾਰ ਹੋਈਆਂ ਲੋਕ ਸਭਾ ਦੀਆਂ ਚੋਣਾਂ ਅਤੇ ਇਸ ਅਰਸੇ ਦੌਰਾਨ ਬਹੁਤ ਸਾਰੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਹੋਈਆਂ ਚੋਣਾਂ ਵਿਚ ਸਿਹਤ, ਸਿੱਖਿਆ ਤੇ ਰੁਜ਼ਗਾਰ ਆਦਿ ਦੇ ਮੁੱਦੇ ਘੱਟ-ਵੱਧ ਹੀ ਰਾਜਨੀਤਕ ਪਾਰਟੀਆਂ ਦੇ ਏਜੰਡੇ ’ਤੇ ਆਏ ਸਨ। ਪਰ ਹੁਣ ਕਾਕਰੋਚ ਜਨਤਾ ਪਾਰਟੀ ਦੇ ਅੰਦੋਲਨ ਤੋਂ ਬਾਅਦ ਵੱਖ-ਵੱਖ ਦਾਖ਼ਲਾ ਪ੍ਰੀਖਿਆਵਾਂ ਦੇ ਵਾਰ-ਵਾਰ ਲੀਕ ਹੁੰਦੇ ਪੇਪਰ ਅਤੇ ਇਸ ਦੇ ਨਾਲ ਹੀ ਸਕੂਲੀ ਸਿੱਖਿਆ ਤੋਂ ਲੈ ਕੇ ਉਚੇਰੀ ਸਿੱਖਿਆ ਤੱਕ ਦੇ ਮੁੱਦੇ ਜਨਤਕ ਵਿਚਾਰ-ਚਰਚਾ ਦਾ ਵੱਡੀ ਪੱਧਰ ’ਤੇ ਹਿੱਸਾ ਬਣਦੇ ਨਜ਼ਰ ਆ ਰਹੇ ਹਨ।

ਇਸ ਸੰਬੰਧ ਵਿੱਚ ਇੱਕ ਮਹੱਤਵਪੂਰਨ ਗੱਲ ਇਹ ਵੀ ਹੋਈ ਹੈ ਕਿ 2014 ਤੋਂ ਬਾਅਦ ਲਗਾਤਾਰ ਦੇਸ਼ ਦੇ ਰਾਜਨੀਤਕ ਬਿਰਤਾਂਤ ’ਤੇ ਇੱਕ ਤਰ੍ਹਾਂ ਨਾਲ ਸੱਤਾਧਾਰੀ ਪਾਰਟੀ ਦਾ ਹੀ ਕਬਜ਼ਾ ਰਿਹਾ ਹੈ। ਵੱਡੀ ਪੱਧਰ ’ਤੇ ਮੁੱਖਧਾਰਾ ਦਾ ਮੀਡੀਆ ਸੱਤਾਧਾਰੀ ਪਾਰਟੀ ਦੇ ਬਿਰਤਾਂਤ ਨੂੰ ਹੀ ਚਲਾਉਂਦਾ ਤੇ ਪ੍ਰਚਾਰਦਾ ਰਿਹਾ ਹੈ। ਸਮੇਂ-ਸਮੇਂ ’ਤੇ ਜੇ ਵਿਰੋਧੀ ਪਾਰਟੀਆਂ ਵੱਲੋਂ ਕੁਝ ਮੰਗਾਂ ਤੇ ਮਸਲੇ ਰੱਖੇ ਵੀ ਗਏ ਤਾਂ ਉਹ ਸੱਤਾਧਾਰੀ ਪਾਰਟੀ ਦੇ ਬਿਰਤਾਂਤ ਅਤੇ ਉਸ ਦੇ ਸਮਰਥਕ ਮੀਡੀਆ ਦੇ ਸ਼ੋਰ ਵਿਚ ਦੱਬ ਕੇ ਰਹਿ ਗਏ। ਦੇਸ਼ ਦੀਆਂ ਵੱਖ-ਵੱਖ ਏਜੰਸੀਆਂ, ਜਿਨ੍ਹਾਂ ਵਿੱਚ ਈ.ਡੀ., ਸੀ.ਬੀ.ਆਈ. ਅਤੇ ਇਨਕਮ ਟੈਕਸ ਵਿਭਾਗ ਆਦਿ ਸ਼ਾਮਿਲ ਹਨ, ਦੇ ਛਾਪਿਆਂ ਦਾ ਰੁਖ਼ ਵੀ ਵਿਰੋਧੀ ਧਿਰਾਂ ਵੱਲ ਹੀ ਰਿਹਾ। ਇਨ੍ਹਾਂ ਏਜੰਸੀਆਂ ਦੇ ਭੈਅ ਨਾਲ ਅਜਿਹਾ ਵਾਤਾਵਰਨ ਪੈਦਾ ਹੋਇਆ, ਜਿਸ ਵਿੱਚ ਸੱਤਾਧਾਰੀ ਧਿਰ ਨੂੰ ਦੂਜੀਆਂ ਪਾਰਟੀਆਂ ਦੇ ਲੀਡਰਾਂ ਨੂੰ ਤੋੜ ਕੇ ਆਪਣੀ ਪਾਰਟੀ ਵਿੱਚ ਸ਼ਾਮਿਲ ਕਰਨ ਜਾਂ ਵਿਰੋਧੀ ਪਾਰਟੀਆਂ ਨੂੰ ਦੋ-ਫ਼ਾੜ ਕਰਨ ਵਿੱਚ ਚੋਖੀ ਮਦਦ ਮਿਲੀ। ਚੋਣ ਕਮਿਸ਼ਨ ਦੀ ਐਸ.ਆਈ.ਆਰ. ਦੀ ਪ੍ਰਕਿਰਿਆ, ਵਿਰੋਧੀ ਪਾਰਟੀਆਂ ਤੇ ਸੱਤਾਧਾਰੀ ਧਿਰ ਦੇ ਦਰਮਿਆਨ ਚੱਲ ਰਹੇ ਇਸ ਰਾਜਨੀਤਕ ਸੰਘਰਸ਼ ਵਿੱਚ ਨਿਆਂਪਾਲਿਕਾ ਦਾ ਪੱਲੜਾ ਵੀ ਸੱਤਾਧਾਰੀ ਧਿਰ ਦੇ ਪੱਖ ਵਿੱਚ ਹੀ ਝੁਕਦਾ ਨਜ਼ਰ ਆਇਆ।

ਇਸ ਸਭ ਕੁਝ ਕਾਰਨ ਕੁਝ ਦਿਨ ਪਹਿਲਾਂ ਤੱਕ ਅਜਿਹਾ ਲੱਗਦਾ ਸੀ ਕਿ ਭਾਰਤੀ ਜਨਤਾ ਪਾਰਟੀ ਦੀ ਦੇਸ਼ ਦੀ ਰਾਜਨੀਤੀ ਅਤੇ ਸਿਆਸੀ ਬਿਰਤਾਂਤ ’ਤੇ ਪਕੜ ਏਨੀ ਮਜ਼ਬੂਤ ਹੋ ਗਈ ਹੈ ਕਿ 2029 ਦੀਆਂ ਲੋਕ ਸਭਾ ਚੋਣਾਂ ਤੱਕ ਵਿਰੋਧੀ ਪਾਰਟੀਆਂ ਸੱਤਾਧਾਰੀ ਪਾਰਟੀ ਲਈ ਕੋਈ ਵੱਡੀ ਚੁਣੌਤੀ ਨਹੀਂ ਖੜ੍ਹੀ ਕਰ ਸਕਣਗੀਆਂ,

(ਬਾਕੀ ਸਫ਼ਾ 27 ’ਤੇ)

# ਭਾਰਤ ਦੀ ਜਨਸੰਖਿਆ ਵਿੱਚ ਤਬਦੀਲੀਆਂ: ਆਰਥਿਕ ਅਤੇ ਸਮਾਜਿਕ ਪ੍ਰਭਾਵ



ਡਾ. ਕੇਸਰ ਸਿੰਘ ਭੰਗੂ
ਸਾਬਕਾ ਪ੍ਰੋਫੈਸਰ ਤੇ ਡੀਨ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਦੇਸ਼ ਦੀ ਆਬਾਦੀ ਵਿੱਚ ਹੋਈਆਂ ਅਤੇ ਹੋ ਰਹੀਆਂ ਤਬਦੀਲੀਆਂ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਅਤੇ ਮਹੱਤਵਪੂਰਨ ਵਿਸ਼ਿਆਂ ਵਿਚੋਂ ਹੈ। ਭਾਰਤ ਸਮੇਤ ਦੁਨੀਆ ਦੇ ਦੇਸ਼ ਆਪਣੀ-ਆਪਣੀ ਆਬਾਦੀ ਵਿੱਚ ਬਹੁਤ ਤਰ੍ਹਾਂ-ਤਰ੍ਹਾਂ ਦੀਆਂ ਵੱਡੀਆਂ ਅਤੇ ਹੈਰਾਨੀਜਨਕ ਤਬਦੀਲੀਆਂ ਦਾ ਅਨੁਭਵ ਕਰ ਰਹੇ ਹਨ। ਉਦਾਹਰਨ ਦੇ ਤੌਰ ’ਤੇ ਦੇਸ਼ ਦੇ ਕਈ ਸੂਬਿਆਂ ਜਿਵੇਂ ਕਿ ਰਾਜਸਥਾਨ, ਆਂਧਰਾ ਪ੍ਰਦੇਸ਼, ਤਿਲੰਗਾਨਾ ਅਤੇ ਮਹਾਰਾਸ਼ਟਰ ਨੇ ਸਥਾਨਕ ਇਕਾਈਆਂ ਦੀਆਂ ਚੋਣਾਂ ਵਿਚ ਜਿਨ੍ਹਾਂ ਦੇ ਦੋ ਤੋਂ ਵੱਧ ਬੱਚੇ ਹਨ, ਉਨ੍ਹਾਂ ਨੂੰ ਚੋਣਾਂ ਲੜਨ ਤੋਂ ਅਯੋਗ ਕਰਾਰ ਦਿੱਤਾ ਹੋਇਆ ਸੀ। ਹੁਣੇ ਹੀ ਸੁਪਰੀਮ ਕੋਰਟ ਨੇ ਮਹਾਰਾਸ਼ਟਰ ਦੇ ਇੱਕ ਕੇਸ ਵਿੱਚ ਸਰਕਾਰ ਦੇ ਇਸ ਨਿਯਮ ਉਤੇ ਸਵਾਲ ਖੜ੍ਹੇ ਕੀਤੇ ਹਨ ਅਤੇ ਸਰਕਾਰ ਨੂੰ ਇਸ ਨੂੰ ਬਦਲਣ ਦੀ ਸਲਾਹ ਦਿੱਤੀ ਹੈ। ਇਹ ਵਰਨਣਯੋਗ ਹੈ ਲੱਗਭਗ ਸਾਰੀਆਂ ਹੀ ਸੂਬਾ ਸਰਕਾਰਾਂ ਨੇ ਇਹ ਨਿਯਮ ਬਦਲ ਦਿੱਤੇ ਹਨ ਅਤੇ ਆਂਧਰਾ ਪ੍ਰਦੇਸ਼ ਨੇ ਤਾਂ ਤੀਜੇ ਅਤੇ ਚੌਥੇ ਬੱਚੇ ਦੇ ਜਨਮ ਹੋਣ ’ਤੇ ਪਰਿਵਾਰ ਨੂੰ ਨਕਦ ਰਾਸ਼ੀ ਦੇਣ ਦਾ ਐਲਾਨ ਵੀ ਕੀਤਾ ਹੈ।

ਇਸ ਦੇ ਨਾਲ ਹੀ ਬਦਲਦੀਆਂ ਹਾਲਤਾਂ ਅਨੁਸਾਰ ਬਦਲਵੇਂ ਪ੍ਰਬੰਧ ਅਤੇ ਵਿਉਂਤਬੰਦੀ ਕੀਤੀ ਜਾਣੀ ਹੁੰਦੀ ਹੈ ਤਾਂ ਕਿ ਆਬਾਦੀ ਦੀਆਂ ਤਬਦੀਲੀਆਂ ਅਰਥਵਿਵਸਥਾ ਅਤੇ ਸਮਾਜ ਉੱਪਰ ਨਾਕਾਰਾਤਮਕ ਪ੍ਰਭਾਵ ਨਾ ਪਾ ਸਕਣ। ਦੇਸ਼ ਵਿੱਚ 1971 ਤੋਂ ਬਾਅਦ ਲਗਾਤਾਰ ਸੈਂਪਲ ਰਜਿਸਟ੍ਰੇਸ਼ਨ ਪ੍ਰਣਾਲੀ ਦੇਸ਼ ਅਤੇ ਸੂਬਿਆਂ ਦੀ ਆਬਾਦੀ ਵਿੱਚ ਹੋਣ ਵਾਲੀਆਂ ਮੁੱਖ ਤਬਦੀਲੀਆਂ ਦਾ ਅਧਿਐਨ ਕਰਨ ਲਈ ਸਭ ਤੋਂ ਕਾਰਗਰ ਅੰਕੜੇ ਪੇਸ਼ ਕਰਨ ਵਾਲਾ ਮੁੱਖ ਅਤੇ ਮਹੱਤਵਪੂਰਨ ਸਾਧਨ ਹੈ। ਮਈ 2026 ਵਿੱਚ 2024 ਤੱਕ ਆਬਾਦੀ ਵਿੱਚ ਆਈਆਂ ਤਬਦੀਲੀਆਂ ਦੀ ਸੈਂਪਲ ਰਜਿਸਟ੍ਰੇਸ਼ਨ ਪ੍ਰਣਾਲੀ ਦੀ ਤਾਜ਼ਾ ਰਿਪੋਰਟ ਜਾਰੀ ਕੀਤੀ ਗਈ ਹੈ। ਇਹ ਰਿਪੋਰਟ ਮੁੱਖ ਤੌਰ ’ਤੇ ਪ੍ਰਜਣਨ ਅਤੇ ਮੌਤ ਸਬੰਧੀ ਜਾਣਕਾਰੀ ਮੁਹੱਈਆ ਕਰਵਾਉਂਦੀਹੈ ਅਤੇ ਇਹ ਲੇਖ ਸੈਂਪਲ ਰਜਿਸਟ੍ਰੇਸ਼ਨ ਪ੍ਰਣਾਲੀ ਦੀ ਇਸ ਤਾਜ਼ਾ ਜਾਰੀ ਕੀਤੀ ਰਿਪੋਰਟ ’ਤੇ ਆਧਾਰਿਤ ਹੈ। ਦੁਨੀਆ ਪੱਧਰ ’ਤੇ ਆਬਾਦੀ ਦਾ ਅਧਿਐਨ ਕਰਨ ਵਾਲੀਆਂ ਸੰਸਥਾਵਾਂ ਅਤੇ ਮਾਹਿਰਾਂ ਵਲੋਂ ਕਿਹਾ ਜਾਂਦਾ ਹੈ ਕਿ ਜੇ ਔਰਤਾਂ ਵਿੱਚ ਪ੍ਰਜਣਨ ਦੀ ਦਰ 2.1 ਤੋਂ ਵੱਧ ਹੋਵੇ ਅਤੇ ਨਾਲ ਹੀ ਜਨਮ ਦਰ ਮੌਤ ਦਰ ਤੋਂ ਵੱਧ ਹੋਵੇ ਤਾਂ ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੁੰਦਾ ਹੈ। 1951 ਵਿਚ ਦੇਸ਼ ਵਿੱਚ ਔਰਤਾਂ ਵਿੱਚ ਪ੍ਰਜਣਨ ਦੀ ਦਰ ਲਗਭਗ 6 ਸੀ ਅਤੇ ਜਨਮ ਦਰ 40 ਪ੍ਰਤੀ 1000 ਵਿਅਕਤੀਆਂ ਪਿੱਛੇ ਅਤੇ ਮੌਤ ਦਰ 27 ਦੇ ਕਰੀਬ ਸੀ। ਨਤੀਜੇ ਵਜੋਂ 1951 ਤੋਂ ਬਾਅਦ ਲਗਾਤਾਰ ਦੇਸ਼ ਦੀ ਆਬਾਦੀ ਵਿਚ ਭਾਰੀ ਵਾਧਾ ਹੋਇਆ।



ਔਰਤਾਂ ਵਿੱਚ ਪ੍ਰਜਣਨ ਦੀ ਦਰ ਲਗਾਤਾਰ ਘਟਦੀ-ਘਟਦੀ 2024 ਵਿੱਚ 2.1 ਤੋਂ ਘਟ ਕੇ 1.9 ਰਹਿ ਗਈ ਜਿਸ ਦਾ ਸਪੱਸ਼ਟ ਸੰਕੇਤ ਹੈ ਕਿ ਆਉਣ ਵਾਲੇ ਸਮੇਂ ਵਿੱਚ ਦੇਸ਼ ਦੀ ਆਬਾਦੀ ਘਟੇਗੀ। ਇਸੇ ਹੀ ਤਰ੍ਹਾਂ ਦੋ ਹੋਰ ਸੂਚਕ, ਪਹਿਲਾਂ ਦੇਸ਼ ਵਿੱਚ ਜਨਮ ਦਰ ਘਟਦੀ-ਘਟਦੀ 2024 ਵਿੱਚ 18.3 ’ਤੇ ਆ ਗਈ ਹੈ, ਇਵੇਂ ਹੀ ਦੂਜਾ ਦੇਸ਼ ਵਿੱਚ ਮੌਤ ਦਰ ਵੀ ਘਟ ਕੇ 2024 ਵਿੱਚ 6.4 ਰਹਿ ਗਈ ਹੈ, ਵੀ ਸਪੱਸ਼ਟ ਕਰ ਰਹੇ ਹਨ ਕਿ ਭਵਿੱਖ ਵਿੱਚ ਦੇਸ਼ ਦੀ ਆਬਾਦੀ ਘਟੇਗੀ। ਜਦੋਂ ਔਰਤਾਂ ਵਿੱਚ ਪ੍ਰਜਣਨ ਦੀ ਦਰ ਵਿਸ਼ਵ ਪੱਧਰ ’ਤੇ ਵੇਖਦੇ ਹਾਂ ਤਾਂ ਇਹ ਦਰ ਅੱਜ ਕੱਲ੍ਹ 2.4 ਹੈ ਜਿਹੜੀ ਕਿ ਪਹਿਲਾਂ 5 ਦੇ ਆਸ-ਪਾਸ ਹੁੰਦੀ ਸੀ। ਪਰ ਕੁਝ ਦੇਸ਼ਾਂ ਵਿੱਚ ਇਹ ਦਰ ਬਹੁਤ ਹੀ ਘੱਟ ਹੋ ਗਈ ਹੈ ਜਿਵੇਂ ਕਿ ਦੱਖਣੀ ਕੋਰੀਆ ਵਿੱਚ 0.88, ਚੀਨ 0.9, ਜਾਪਾਨ ਵਿਚ 1.37 ਅਤੇ ਭਾਰਤ ਵਿੱਚ ਆਉਣ ਵਾਲੇ ਸਮੇਂ ਭਾਵ 2050 ਤੱਕ ਇਹ ਦਰ 1.3 ਰਹਿ ਜਾਣ ਦੇ ਅੰਦਾਜ਼ੇ ਹਨ। ਦਿੱਲੀ, ਪੰਜਾਬ, ਹਿਮਾਚਲ ਪ੍ਰਦੇਸ਼, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਪੱਛਮੀ ਬੰਗਾਲ, ਕੇਰਲ, ਜੰਮੂ ਅਤੇ ਕਸ਼ਮੀਰ, ਕਰਨਾਟਕ ਅਤੇ ਤਿਲੰਗਾਨਾ ਵਿੱਚ ਇਹ ਦਰ 1.2-1.5 ਦੇ ਵਿਚਕਾਰ ਹੈ

ਦੇਸ਼ ਦੀ ਆਬਾਦੀ ਵਿੱਚ ਇੱਕ ਹੋਰ ਖ਼ਾਸ ਅਤੇ ਮਹੱਤਵਪੂਰਨ ਤਬਦੀਲੀ ਵੇਖੀ ਜਾ ਸਕਦੀ ਹੈ, ਉਹ ਹੈ ਲਿੰਗ ਅਨੁਪਾਤ ਵਿੱਚ ਸੁਧਾਰ ਹੋਣਾ। ਦੇਸ਼ ਦੀ ਆਜ਼ਾਦੀ ਵੇਲੇ ਇਹ ਅਨੁਪਾਤ 1000 ਮਰਦਾਂ ਪਿੱਛੇ 946 ਔਰਤਾਂ ਸੀ ਪਰ ਇਸ ਅਨੁਪਾਤ ਵਿੱਚ ਵਿਗਾੜ ਪੈਣ ਕਾਰਨ ਇਹ 1991 ਵਿੱਚ ਸਭ ਤੋਂ ਨੀਵੇਂ ਪੱਧਰ 929 ਉਤੇ ਪਹੁੰਚ ਗਈ ਸੀ ਜਿਸ ਵਿੱਚ ਹੁਣ ਸੁਧਾਰ ਹੋਣ ਕਾਰਨ ਇਹ ਨੈਸ਼ਨਲ ਫੈਮਿਲੀ ਹੈਲਥ ਸਰਵੇਖਣ-5 ਦੇ ਅੰਦਾਜ਼ਿਆਂ ਮੁਤਾਬਕ ਲਗਭਗ ਬਰਾਬਰ-ਬਰਾਬਰ ਹੋ ਗਈ ਹੈ। ਪਰ ਜਦੋਂ ਲਿੰਗ ਅਨੁਪਾਤ ਸਬੰਧੀ ਸ਼ਹਿਰੀ ਅਤੇ ਪੇਂਡੂ ਖੇਤਰਾਂ ਵੱਲ ਨਿਗਾਹ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਦੇਸ਼ ਦੇ ਪੇਂਡੂ ਖੇਤਰਾਂ ਵਿੱਚ ਲਿੰਗ ਅਨੁਪਾਤ ਵਿੱਚ ਸੁਧਾਰ ਸ਼ਹਿਰੀ ਖੇਤਰਾਂ ਦੇ ਮੁਕਾਬਲੇ ਘੱਟ ਹੋਇਆ ਹੈ ਅਤੇ ਇਸ ਵੱਲ ਹੋਰ ਧਿਆਨ ਦੇਣ ਦੀ ਲੋੜ ਹੈ। ਦੇਸ਼ ਦੀ ਆਬਾਦੀ ਦੀ ਲਿੰਗ ਅਨੁਪਾਤ ਹੁਣ ਪੱਛਮ ਅਤੇ ਹੋਰ ਵਿਕਸਤ ਦੇਸ਼ਾਂ ਦੇ ਬਰਾਬਰ ਹੋ ਗਈ ਹੈ। ਭਵਿੱਖ ਵਿੱਚ ਇੱਕ ਹੋਰ ਮਹੱਤਵਪੂਰਨ ਤਬਦੀਲੀ ਦਾ ਜ਼ਿਕਰ ਕਰਨਾ ਜ਼ਰੂਰੀ ਹੋ ਜਾਂਦਾ ਹੈ ਕਿ ਦੇਸ਼ ਦੀ ਕੁੱਲ ਆਬਾਦੀ ਵਿੱਚ ਬਜ਼ੁਰਗਾਂ ਦਾ ਹਿੱਸਾ ਜਿਹੜਾ ਅੱਜ ਕੱਲ੍ਹ 10-11 ਪ੍ਰਤੀਸ਼ਤ ਹੈ, 2050 ਤੱਕ ਵਧ ਕੇ 20-21 ਪ੍ਰਤੀਸ਼ਤ ਹੋਣ ਦੀ ਸੰਭਾਵਨਾ ਹੈ ਜਿਸ ਨਾਲ ਕਿ ਆਬਾਦੀ ਦੇ ਇਸ ਹਿੱਸੇ ਲਈ ਦੇਖ-ਭਾਲ ਅਤੇ ਸਾਂਭ-ਸੰਭਾਲ ਦੀਆਂ ਸੇਵਾਵਾਂ ਦੀ ਵਧੀ ਮੰਗ ਨੂੰ ਪੂਰਾ ਕਰਨ ਲਈ ਹੋਰ ਵਿੱਤੀ ਅਤੇ ਲੋੜੀਂਦੇ ਸਾਧਨਾਂ ਦਾ ਪ੍ਰਬੰਧ ਕਰਨਾ ਪਵੇਗਾ।

ਆਬਾਦੀ ਵਿੱਚ ਤਬਦੀਲੀਆਂ ਲਈ ਮੌਤ ਦਰ ਵੀ ਇੱਕ ਮਹੱਤਵਪੂਰਨ ਸੂਚਕ ਮੰਨਿਆ ਜਾਂਦਾ ਹੈ ਕਿਉਂਕਿ ਆਬਾਦੀ ਦੇ ਵੱਖ-ਵੱਖ ਪਹਿਲੂਆਂ ਦਾ ਅਧਿਐਨ ਕਰਨ ਲਈ ਇਸ ਦੀ ਡੂੰਘਾਈ ਵਿੱਚ ਜਾਣਕਾਰੀ ਹੋਣਾ ਜ਼ਰੂਰੀ ਹੈ। ਦੇਸ਼ ਵਿੱਚ ਸਿਹਤ ਸਹੂਲਤਾਂ, ਸਿਹਤ ਸਿੱਖਿਆ ਅਤੇ ਸਿਹਤ ਸੰਬੰਧੀ ਪ੍ਰਸ਼ਾਸਨ ਨੂੰ ਚੁਸਤ-ਦਰੁਸਤ ਕਰਨ ਲਈ ਵੀ ਮੌਤ ਦਰ ਅਤੇ ਮੌਤ ਦਰ ਦੇ ਵੱਖ-ਵੱਖ ਪਹਿਲੂਆਂ ਦੀ ਚੰਗੀ ਜਾਣਕਾਰੀ ਹੋਣਾ ਵੀ ਜ਼ਰੂਰੀ ਹੈ। ਮੌਤ ਦਰ ਦੇ ਮੁੱਖ ਪਹਿਲੂ ਜਿਵੇਂ ਆਬਾਦੀ ਵਿੱਚ ਆਮ ਮੌਤ ਦਰ, ਬੱਚਿਆਂ ਦੀ 5 ਸਾਲ ਤੋਂ ਪਹਿਲਾਂ ਮੌਤ ਹੋਣ ਦੀ ਮੌਤ ਦਰ, ਇੱਕ ਸਾਲ ਤੋਂ ਪਹਿਲਾਂ ਬੱਚਿਆਂ ਦੀ ਮੌਤ ਹੋ ਜਾਣ ਦੀ ਮੌਤ ਦਰ ਅਤੇ ਇਸ ਨਾਲ ਸਬੰਧਿਤ ਕਈ ਹੋਰ ਪਹਿਲੂ ਵੀ ਆਬਾਦੀ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ ਇਨ੍ਹਾਂ ਦਾ ਅਧਿਐਨ ਕਰਨਾ ਵੀ ਜ਼ਰੂਰੀ ਅਤੇ ਮਹੱਤਵਪੂਰਨ ਕਾਰਜ ਹੈ। ਹਰ ਕਿਸਮ ਦੀ ਮੌਤ ਦਰ ਨੂੰ ਘਟਾਉਣ ਵਿੱਚ ਦੇਸ਼ ਨੇ ਬਹੁਤ ਵੱਡੇ ਮਾਅਰਕੇ ਮਾਰੇ ਹਨ ਪਰ ਵਿਕਸਤ ਦੇਸ਼ਾਂ ਦੇ ਮੁਕਾਬਲੇ ਇਹ ਹਾਲੇ ਵੀ ਕਾਫੀ ਪਿੱਛੇ ਹੈ ਅਤੇ ਆਬਾਦੀ ਦੇ ਇਸ ਪਹਿਲੂ ਸੰਬੰਧੀ ਹਾਲੇ ਬਹੁਤ ਕੁਝ ਕਰਨਾ ਚਾਹੀਦਾ ਹੈ ਤਾਂ ਕਿ ਭਾਰਤ ਮੌਤ ਦਰ ਦੇ ਮਾਮਲੇ ਵਿੱਚ ਦੁਨੀਆ ਦੇ ਉਪਰਲੇ ਦੇਸ਼ਾਂ ਵਿੱਚ ਸ਼ੁਮਾਰ ਹੋ ਸਕੇ।

(ਬਾਕੀ ਸਫ਼ਾ 27 ’ਤੇ)

# ਭਾਜਪਾ ਦੀ ਵਿਚਾਰਧਾਰਾ ਸਮਾਜਿਕ ਬਰਾਬਰੀ ਦੇ ਰਾਹ 'ਚ ਵੱਡਾ ਅੜਿੱਕਾ



ਆਸ਼ੂਤੋਸ਼ ਸੀਨੀਅਰ
ਪੱਤਰਕਾਰ



ਰਾਹੁਲ ਗਾਂਧੀ ਨੇ ਹਲਚਲ ਮਚਾਈ ਹੋਈ ਹੈ, ਉਹ ਜੋ ਵੀ ਕਹਿੰਦਾ ਹੈ ਉਹ ਖ਼ਬਰ ਬਣ ਜਾਂਦੀ ਹੈ। ਸੱਜੇ-ਪੱਖੀ ਟਿੱਡੀ ਦਲ ਵਾਂਗ ਉਸ 'ਤੇ ਟੁੱਟ ਪੈਂਦੇ ਹਨ। ਉਹ ਕਿਹੜੀ ਗੱਲ ਕਰਦਾ ਹੈ, ਜਿਸ ਤੋਂ ਸਮਾਜ ਦਾ ਇੱਕ ਖ਼ਾਸ ਵਰਗ ਪ੍ਰੇਸ਼ਾਨ ਹੋ ਜਾਂਦਾ ਹੈ? ਉਹ ਕਿਹੜੀ ਨਸ ਹੈ ਜਿਸ ਦੇ ਦਬ ਜਾਣ ਕਾਰਨ ਇੱਕ ਤਬਕਾ ਤੜਫ ਰਿਹਾ ਹੈ? ਸੋਸ਼ਲ ਮੀਡੀਆ 'ਤੇ ਖ਼ਬਰਾਂ 'ਚ ਰਾਹੁਲ 'ਤੇ ਇੰਨੇ ਹਮਲੇ ਕਿਉਂ ਹੁੰਦੇ ਹਨ? ਕੀ ਉਹ ਕੋਈ ਅਜਿਹੀ ਗੱਲ ਕਹਿ ਰਿਹਾ ਹੈ ਜੋ ਸਮਾਜ ਨੂੰ ਤਕਲੀਫ਼ ਦੇ ਰਹੀ ਹੈ ਜਾਂ ਉਸ ਦੀਆਂ ਗੱਲਾਂ ਇੰਨੀਆਂ ਮੂਰਖਤਾ ਭਰੀਆਂ ਹਨ ਕਿ ਉਹ ਲੋਕ ਬੇਚੈਨ ਹੋ ਜਾਂਦੇ ਹਨ ਜਾਂ ਇਹ ਉਨ੍ਹਾਂ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੀਆਂ ਹਨ, ਜਿਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਹੈ? ਕੀ ਰਾਹੁਲ ਇਸ ਦੇਸ਼ ਵਿੱਚ ਇੱਕ ਅਜਿਹੀ ਬਹਿਸ ਨੂੰ ਜਨਮ ਦੇ ਰਿਹਾ ਹੈ, ਜੋ ਸਮਾਜ ਦੇ ਸੱਤਾਵਾਦੀ ਵਰਗ ਨੂੰ ਸਵੀਕਾਰ ਨਹੀਂ ਹੈ? ਸਵਾਲ ਰਾਹੁਲ ਦਾ ਨਹੀਂ ਹੈ। ਅਸਲ ਸਵਾਲ ਇਹ ਹੈ ਕਿ ਏ.ਆਈ. ਦੇ ਯੁੱਗ ਵਿੱਚ ਕੀ ਸਾਨੂੰ ਪੁਰਾਣੀਆਂ ਗਲੀਆਂ-ਸੜੀਆਂ ਕਦਰਾਂ-ਕੀਮਤਾਂ ਨੂੰ ਛੱਡ ਕੇ ਅੱਗੇ ਵਧਣਾ ਚਾਹੀਦਾ ਹੈ ਜਾਂ ਸਾਨੂੰ ਖੂਹ ਦੇ ਡੱਡੂ ਬਣੇ ਰਹਿਣਾ ਚਾਹੀਦਾ ਹੈ?

ਸਮਾਜ ਬਹੁਤ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਤਕਨਾਲੋਜੀ ਨੇ ਪੂਰੀ ਦੁਨੀਆ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ, ਪਰ ਸਮਾਜ ਦਾ ਇੱਕ ਹਿੱਸਾ ਅਜੇ ਵੀ ਪੁਰਾਣੀ ਦੁਨੀਆ 'ਚ ਭਟਕ ਰਿਹਾ ਹੈ। ਉਹ ਏ.ਆਈ.-ਸੰਚਾਲਿਤ ਫ਼ੋਨ ਤੇ ਸੋਸ਼ਲ ਮੀਡੀਆ ਨਾਲ ਤਾਂ ਜੁੜੇ ਰਹਿਣਾ ਚਾਹੁੰਦੇ ਹਨ, ਪਰ ਆਪਣੇ ਸੋਚਣ ਦੇ ਤਰੀਕੇ ਨੂੰ ਨਹੀਂ ਬਦਲਣਾ ਚਾਹੁੰਦੇ। ਜੇਕਰ ਤਕਨਾਲੋਜੀ ਬਦਲੇਗੀ ਤਾਂ ਕਦਰਾਂ-ਕੀਮਤਾਂ ਵੀ ਬਦਲਣਗੀਆਂ; ਜੇਕਰ ਕਦਰਾਂ-ਕੀਮਤਾਂ ਬਦਲਣਗੀਆਂ ਤਾਂ ਸੱਭਿਆਚਾਰ ਤੇ ਸੰਸਕ੍ਰਿਤੀ 'ਚ ਵੀ ਬਦਲਾਅ ਆਵੇਗਾ। ਜਿਸ ਯੁੱਗ ਵਿੱਚ ਅਸੀਂ ਰਹਿ ਰਹੇ ਹਾਂ, ਉਹ ਸੱਭਿਅਤਾ ਦੇ ਬਦਲਾਅ ਦਾ ਯੁੱਗ ਹੋਣ ਕਰਕੇ ਕੁਝ ਬੁਨਿਆਦੀ ਬਦਲਾਅ ਹੋ ਰਹੇ ਹਨ। ਪਰ ਇਹ ਲੋਕ ਪੁਰਾਣੇ ਮੁੱਲਾਂ ਨੂੰ ਛੱਡਣ ਲਈ ਤਿਆਰ ਨਹੀਂ ਤੇ ਆਪਣੇ ਦਬਦਬੇ ਨੂੰ ਛੱਡਣ ਤੋਂ ਇਨਕਾਰੀ ਹੋਣ ਕਰਕੇ 'ਨਵੀਂ ਚੇਤਨਾ ਦੀ ਨਵੀਂ ਊਰਜਾ' ਨੂੰ ਰੋਕਣਾ ਚਾਹੁੰਦੇ ਹਨ। ਕਿਸੇ ਵੀ ਯੁੱਗ ਵਿੱਚ ਤਬਦੀਲੀ ਦੀਆਂ ਹਵਾਵਾਂ ਨਾ ਕਦੇ ਰੁਕੀਆਂ ਹਨ ਅਤੇ ਨਾ ਹੀ ਰੋਕੀਆਂ ਜਾ ਸਕਦੀਆਂ ਹਨ। ਭਾਜਪਾ ਦੀ ਰਾਜਨੀਤੀ ਸਮਾਜਕ ਤਬਦੀਲੀ ਵਾਲੀ ਨਾ ਹੋਣ ਕਰਕੇ ਟਕਰਾਅ ਅਟੱਲ ਹੈ। ਇਹ ਟਕਰਾਅ ਇੱਕ ਨਵੇਂ ਸਮਾਜ ਦਾ ਗਠਨ ਕਰਕੇ ਇੱਕ ਨਵਾਂ ਰਾਜਨੀਤਿਕ ਦ੍ਰਿਸ਼ ਬਣਾਏਗਾ।

ਰਾਹੁਲ ਗਾਂਧੀ ਕੋਈ ਨਵੀਂ ਕ੍ਰਾਂਤੀਕਾਰੀ ਗੱਲ ਨਹੀਂ ਕਰ ਰਹੇ, ਉਹ ਬਿਲਕੁਲ ਉਹੀ ਕਹਿ ਤੇ ਕਰ ਰਹੇ ਹਨ, ਜੋ ਬਾਬਾ ਸਾਹਿਬ ਅੰਬੇਡਕਰ ਨੇ ਕਿਹਾ ਸੀ ਅਤੇ ਜਿਸ ਵੱਲ ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਇਸ਼ਾਰਾ ਕਰ ਗਏ ਸਨ। ਪਰ ਬਦਲੇ ਹੋਏ ਸੰਦਰਭ ਦੇ ਚਲਦਿਆਂ ਇਹ ਸਾਨੂੰ ਤੇ ਤੁਹਾਨੂੰ ਇਨਕਲਾਬੀ ਜਾਪਦੇ ਹਨ। ਰਾਹੁਲ ਗਾਂਧੀ ਨੇ ਪੂਣੇ ਵਿੱਚ ਮਨੂਸਮ੍ਰਿਤੀ ਦਾ ਜ਼ਿਕਰ ਕਰਦਿਆਂ ਔਰਤਾਂ ਦੀ ਆਜ਼ਾਦੀ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਇੱਕ ਲੜਕੀ ਬੱਚੀ ਹੁੰਦੀ ਹੈ ਤਾਂ ਉਸ ਦਾ ਰਖਵਾਲਾ ਪਿਤਾ, ਵੱਡੀ ਹੋਣ 'ਤੇ ਉਸ ਦਾ ਪਤੀ ਤੇ ਬੁਢਾਪੇ 'ਚ ਉਸ ਦਾ ਪੁੱਤਰ ਹੁੰਦਾ ਹੈ। ਪਰ ਮਰਦਾਂ ਬਾਰੇ ਅਜਿਹਾ ਕਿਉਂ ਨਹੀਂ ਕਿਹਾ ਜਾਂਦਾ ਕਿ ਜਦੋਂ ਉਹ ਇੱਕ ਬੱਚਾ ਹੁੰਦਾ ਹੈ ਤਾਂ ਉਸ ਦੀ ਮਾਂ ਉਸ ਦੀ ਰੱਖਿਆ ਕਰਦੀ ਹੈ, ਉਸ ਦੇ ਵੱਡਾ ਹੋਣ 'ਤੇ ਪਤਨੀ ਉਸ ਦਾ ਸਾਥ ਦਿੰਦੀ ਹੈ ਤੇ ਬੁੱਢਾ ਹੋਣ 'ਤੇ ਬੇਟੀ ਉਸ ਦੀ ਦੇਖਭਾਲ ਕਰਦੀ ਹੈ? ਅਜਿਹਾ ਇਸ ਲਈ ਨਹੀਂ ਕਿਹਾ ਜਾਂਦਾ, ਕਿਉਂਕਿ ਸਮਾਜ ਦੀ ਸੰਰਚਨਾ ਇਸ ਤਰ੍ਹਾਂ ਨਾਲ ਕੀਤੀ ਗਈ ਹੈ ਕਿ ਔਰਤਾਂ ਗੁਲਾਮ ਤੇ ਕਮਜ਼ੋਰ ਹੁੰਦੀਆਂ ਹਨ, ਇਸ ਲਈ ਉਨ੍ਹਾਂ ਨੂੰ ਮਰਦਾਂ ਦੀ ਸੁਰੱਖਿਆ ਦੀ ਲੋੜ ਹੁੰਦੀ ਹੈ। ਇਹ ਹਰ ਸੱਭਿਅਤਾ ਦਾ ਬਿਰਤਾਂਤ ਹੈ ਅਤੇ ਇਸ ਬਿਰਤਾਂਤ ਰਾਹੀਂ ਮਰਦਾਂ ਨੇ ਸਮਾਜ ਦੇ ਅੱਧੇ ਹਿੱਸੇ 'ਤੇ ਆਪਣਾ ਦਬਦਬਾ ਕਾਇਮ ਕੀਤਾ ਹੋਇਆ ਹੈ। ਇਹ ਦਰਅਸਲ ਅਧਿਕਾਰਵਾਦੀ ਤਬਕੇ ਦੀ ਇਕ ਯੋਜਨਾਬੱਧ ਤੇ ਆਪਣੇ ਦਬਦਬੇ ਨੂੰ ਬਣਾਈ ਰੱਖਣ ਦੀ ਸਾਜ਼ਿਸ਼ ਹੈ। ਹਰ ਸਮਾਜ ਤੇ ਸੱਭਿਅਤਾ ਵਿੱਚ ਇਹ ਗੁਣ ਪਾਏ ਜਾਂਦੇ ਹਨ।

ਭਾਰਤ ਵਿੱਚ ਦਲਿਤਾਂ ਤੇ ਪਛੜੇ ਵਰਗਾਂ 'ਤੇ ਆਪਣਾ ਦਬਦਬਾ ਸਥਾਪਤ ਕਰਨ ਲਈ ਜਾਤੀ ਪ੍ਰਥਾ ਦੀ ਖੋਜ ਕੀਤੀ ਗਈ ਤੇ ਕਿਹਾ ਗਿਆ ਕਿ ਉੱਚ ਵਰਗ ਸਰਬਸ਼ਕਤੀਮਾਨ ਹੈ ਤੇ ਹੇਠਲੇ ਵਰਗਾਂ ਦਾ ਉਨ੍ਹਾਂ ਦੀ ਸੇਵਾ ਕਰਨਾ ਫ਼ਰਜ਼ ਹੈ। ਇਹ ਉਹੀ ਦਲੀਲ ਹੈ ਜੋ ਪੱਛਮੀ ਸਾਮਰਾਜਵਾਦੀ ਸ਼ਕਤੀਆਂ ਨੇ ਏਸ਼ੀਆ ਤੇ ਅਫ਼ਰੀਕੀ ਦੇਸ਼ਾਂ ਨੂੰ ਜਿੱਤਣ ਲਈ ਵਰਤਦਿਆਂ ਦਾਅਵਾ ਕੀਤਾ ਸੀ, ਕਿ ਉਹ ਭਾਰਤ ਵਰਗੇ ਦੇਸ਼ਾਂ 'ਤੇ ਰਾਜ ਕਰਨ ਲਈ ਨਹੀਂ ਸਗੋਂ ਇਨ੍ਹਾਂ ਨੂੰ ਸੱਭਿਅਕ ਬਣਾਉਣ ਲਈ ਆਏ ਸਨ ਅਤੇ ਸਾਨੂੰ ਉਨ੍ਹਾਂ ਦੇ ਧੰਨਵਾਦੀ ਹੋਣਾ ਚਾਹੀਦਾ ਹੈ। ਇਸ ਦਲੀਲ ਨੂੰ ਤੀਜੀ ਦੁਨੀਆ ਦੇ ਗੁਲਾਮ ਦੇਸ਼ਾਂ ਨੇ ਉਠਾ ਕੇ ਪਰ੍ਹੇ ਸੁੱਟ ਦਿੱਤਾ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬਸਤੀਵਾਦੀ ਸ਼ਕਤੀਆਂ ਵਿਰੁੱਧ ਬਗਾਵਤ ਨੇ ਦੁਨੀਆ ਨੂੰ ਨਵਾਂ ਆਕਾਰ ਦਿੰਦਿਆਂ ਦਰਜਨਾਂ ਦੇਸ਼ਾਂ ਨੇ ਆਜ਼ਾਦੀ ਪ੍ਰਾਪਤ ਕੀਤੀ। ਗਾਂਧੀ ਜੀ ਇਸ ਬਗਾਵਤ ਦੇ ਪ੍ਰੇਰਨਾ ਸਰੋਤ ਬਣੇ ਤੇ ਉਨ੍ਹਾਂ ਨੂੰ ਆਪਣਾ ਰੋਲ ਮਾਡਲ ਬਣਾ ਕੇ ਨੈਲਸਨ ਮੰਡੇਲਾ ਨੇ ਦੱਖਣੀ ਅਫ਼ਰੀਕਾ 'ਚੋਂ ਨਸਲਵਾਦੀ ਸੱਤਾ ਨੂੰ ਉਖਾੜ ਸੁੱਟਿਆ, ਮਾਰਟਿਨ ਲੂਥਰ ਕਿੰਗ ਨੇ ਪੱਕੇ ਰੰਗ (ਕਾਲੇ) ਦੇ ਲੋਕਾਂ ਲਈ ਬਰਾਬਰਤਾ ਪ੍ਰਾਪਤ ਕਰਕੇ ਅਮਰੀਕਾ ਨੂੰ ਸਹੀ ਅਰਥਾਂ 'ਚ ਲੋਕਤੰਤਰੀ ਬਣਾਇਆ। ਇਸ ਦਾ ਮਤਲਬ ਇਹ ਨਹੀਂ ਹੈ ਕਿ ਅਮਰੀਕਾ ਵਿਚ ਨਸਲਵਾਦ ਮੌਜੂਦ ਨਹੀਂ ਹੈ ਜਾਂ ਔਰਤ ਵਿਰੋਧੀ ਕਦਰਾਂ-ਕੀਮਤਾਂ ਪੂਰੀ ਤਰ੍ਹਾਂ ਖ਼ਤਮ ਹੋ ਗਈਆਂ ਹਨ। ਪਰ ਅੱਜ ਅਮਰੀਕਾ ਜਾਂ ਪੱਛਮੀ ਸੱਭਿਅਤਾ ਵਿੱਚ ਕੋਈ ਵੀ ਕਾਲੇ ਲੋਕਾਂ ਵਿਰੁੱਧ ਖੁੱਲ੍ਹ ਕੇ ਬੋਲ ਨਹੀਂ ਸਕਦਾ ਜਾਂ ਔਰਤਾਂ ਦਾ ਸ਼ੋਸ਼ਣ ਨਹੀਂ ਕਰ ਸਕਦਾ।

ਬਦਕਿਸਮਤੀ ਨਾਲ ਭਾਰਤ ਵਿੱਚ ਅਜੇ ਵੀ ਅਜਿਹੀ ਚੇਤਨਾ/ਸਮਝ ਦਾ ਵਿਸਥਾਰ ਨਹੀਂ ਹੋ ਸਕਿਆ, ਜਿੰਨਾ ਹੋਣਾ ਚਾਹੀਦਾ ਸੀ। ਡਾ. ਅੰਬੇਡਕਰ ਦੀ ਪੂਰੀ ਲੜਾਈ ਉਸ ਵਿਵਸਥਾ ਖ਼ਿਲਾਫ਼ ਸੀ, ਜੋ ਜਨਮ ਦੇ ਆਧਾਰ 'ਤੇ ਲੋਕਾਂ ਨੂੰ ਗੁਲਾਮ ਬਣਾ ਕੇ ਉਨ੍ਹਾਂ ਨੂੰ ਬਰਾਬਰੀ ਦਾ ਦਰਜਾ ਦੇਣ ਤੋਂ ਇਨਕਾਰੀ ਸੀ। ਬਾਬਾ ਸਾਹਿਬ ਨੂੰ ਦਲਿਤਾਂ ਨੂੰ ਤਲਾਬ ਦਾ ਪਾਣੀ ਪੀਣ ਦੀ ਇਜਾਜ਼ਤ ਦਿਵਾਉਣ ਲਈ 'ਮਹਾਦ ਅੰਦੋਲਨ' ਤੇ ਦਲਿਤਾਂ ਦੇ ਮੰਦਰ 'ਚ ਦਾਖ਼ਲੇ ਲਈ 'ਕਾਲਾ ਰਾਮ ਮੰਦਰ ਅੰਦੋਲਨ' ਕਰਨਾ ਪਿਆ। ਪੇਰੀਆਰ ਨੇ ਕੇਰਲਾ ਵਿੱਚ 'ਵੈਕੋਮ ਅੰਦੋਲਨ' ਕਰਕੇ ਯਕੀਨੀ ਬਣਾਇਆ ਕਿ ਦਲਿਤਾਂ ਤੇ ਪਛੜੇ ਵਰਗਾਂ ਦੇ ਲੋਕਾਂ ਨੂੰ ਮੰਦਰ ਵੱਲ ਜਾਣ ਵਾਲੀ ਸੜਕ 'ਤੇ ਚੱਲਣ ਦੀ ਇਜਾਜ਼ਤ ਮਿਲ ਸਕੇ।

ਸੰਵਿਧਾਨ ਬਣਿਆ ਤਾਂ ਪਹਿਲੀ ਵਾਰ ਭਾਰਤੀ ਸਮਾਜ ਵਿੱਚ ਸਾਰਿਆਂ ਨੂੰ ਬਰਾਬਰੀ ਦਾ ਦਰਜਾ ਮਿਲਿਆ, ਪਰ ਇਹ ਗੱਲ ਉਨ੍ਹਾਂ ਲੋਕਾਂ ਨੂੰ ਪਸੰਦ ਨਹੀਂ ਆਈ ਜੋ ਹਜ਼ਾਰਾਂ ਸਾਲਾਂ ਤੋਂ ਸੱਤਾ ਦੇ ਸਿਖਰ 'ਤੇ ਕਾਬਜ਼ ਹੋਣ ਕਰਕੇ ਧਰਮ 'ਤੇ ਆਪਣਾ ਸਦੀਵੀ ਕਬਜ਼ਾ ਸਮਝਦੇ ਸਨ। ਇਨ੍ਹਾਂ ਤਾਕਤਾਂ ਨੇ ਹਿੰਦੂ ਕੋਡ ਬਿੱਲ ਦਾ ਵਿਰੋਧ ਕਰਦਿਆਂ ਨਹਿਰੂ ਤੇ ਅੰਬੇਡਕਰ ਦੇ ਪੁਤਲੇ ਸਾੜੇ। ਬਾਬਾ ਸਾਹਿਬ ਨਾਲ ਦੁਰਵਿਵਹਾਰ ਕਰਦਿਆਂ ਰਾਖਵੇਂਕਰਨ ਦਾ ਵਿਰੋਧ ਕੀਤਾ। ਇਹ ਵਰਗ ਅੱਜ ਵੀ ਰਾਖਵੇਂਕਰਨ ਦਾ ਵਿਰੋਧੀ ਹੈ ਤੇ ਛੂਤਛਾਤ ਨੂੰ ਮੰਨਦਾ ਹੈ। ਉੱਚ ਤੇ ਨੀਵੀਂ ਜਾਤੀ ਵਿਚਕਾਰ ਵਿਤਕਰਾ ਅਜੇ ਵੀ ਮੌਜੂਦ ਹੈ, ਇਸ ਲਈ ਰਾਖਵਾਂਕਰਨ ਵੀ ਜ਼ਰੂਰੀ ਹੈ।

(ਬਾਕੀ ਸਫ਼ਾ 27 'ਤੇ)

# ਕਿਸਾਨਾਂ ਦੀ ਆਮਦਨ ਨੂੰ ਕਿਵੇਂ ਵਧਾਇਆ ਜਾਵੇ?

ਭਗਵਾਨ ਦਾਸ

ਪੰਜਾਬ ਦੀ ਬਹੁਗਿਣਤੀ ਵਸੋਂ ਦਾ ਵਿਕਾਸ ਤੇ ਰੋਜ਼ੀ-ਰੋਟੀ ਦਾ ਆਧਾਰ ਖੇਤੀ ਹੈ। ਪੰਜਾਬ 'ਚ 65% ਦੇ ਕਰੀਬ ਲੋਕ ਖੇਤੀ ਤੋਂ ਆਪਣੀ ਰੋਜ਼ੀ-ਰੋਟੀ ਕਮਾ ਰਹੇ ਹਨ। ਇਹ ਜਨਸੰਖਿਆ ਮੁਲਕ ਦੀ ਔਸਤ ਨਾਲੋਂ ਵੱਧ ਹੈ। ਜੀ.ਡੀ.ਪੀ. 'ਚ ਖੇਤੀ ਦਾ ਯੋਗਦਾਨ ਘਟਦਾ ਜਾ ਰਿਹਾ ਹੈ। ਪਿਛਲੇ ਚਾਰ ਦਹਾਕਿਆਂ ਤੋਂ ਵੱਧ ਅਰਸੇ ਤੋਂ ਵਾਹੀ ਦਾ ਰਕਬਾ ਤਕਰੀਬਨ ਇਕੋ ਥਾਂ ਖੜ੍ਹਾ ਹੈ। ਭਾਵੇਂ ਝੋਨੇ ਦੀ ਕਾਸ਼ਤ ਥੱਲੇ ਥੋੜ੍ਹਾ-ਬਹੁਤ ਰਕਬਾ ਹਰ ਸਾਲ ਵਧ ਰਿਹਾ ਹੈ। ਸਿੰਜਾਈ ਵਾਲਾ ਰਕਬਾ ਅਲਬੱਤਾ ਜ਼ਰੂਰ ਵਧਿਆ ਹੈ ਤੇ ਨਹਿਰੀ ਪਾਣੀ ਵੀ ਖੇਤਾਂ ਨੂੰ ਮੁਹੱਈਆ ਕਰਾਇਆ ਗਿਆ ਹੈ। ਖੇਤੀ 'ਚ 99% ਰਕਬਾ ਸਿੰਜਾਈ ਅਧੀਨ ਹੈ। ਪਰ ਇਸ ਦੇ ਬਾਵਜੂਦ ਜ਼ਮੀਨ ਦੀ ਉਪਜਾਊ ਸ਼ਕਤੀ ਘਟ ਰਹੀ ਹੈ, ਜੋ ਗੰਭੀਰ ਸਮੱਸਿਆ ਹੈ, ਜਿਸ ਨੂੰ ਰੋਕਣ ਦੀ ਲੋੜ ਹੈ। ਇਸ ਸਾਲ ਖ਼ਰੀਫ਼ 'ਚ ਝੋਨੇ ਦੀ ਫ਼ਸਲ ਬੜੀ ਆਸ਼ਾਜਨਕ ਖੜ੍ਹੀ ਹੈ, ਜਿਸ ਨਾਲ ਉਤਪਾਦਨ ਤੇ ਉਤਪਾਦਕਤਾ ਵਧਣ ਦੀ ਸੰਭਾਵਨਾ ਹੈ।

ਪੰਜਾਬ ਦੇ ਬਹੁਤੇ ਬਲਾਕਾਂ 'ਚ ਜ਼ਮੀਨੀ ਪਾਣੀ ਦਾ ਪੱਧਰ ਡਿਗਦਾ ਜਾ ਰਿਹਾ ਹੈ, ਜਿੱਥੇ ਨਵੇਂ ਟਿਊਬਵੈੱਲ ਨਹੀਂ ਲੱਗ ਸਕਦੇ। ਪੰਜਾਬ 'ਚ ਝੋਨੇ ਤੇ ਕਣਕ ਦੀ ਉਤਪਾਦਕਤਾ ਦੂਜੇ ਰਾਜਾਂ ਨਾਲੋਂ ਭਾਵੇਂ ਵੱਧ ਹੈ ਪਰ ਹੁਣ ਦੂਜੇ ਰਾਜ ਜਿਵੇਂ ਮੱਧ ਪ੍ਰਦੇਸ਼, ਯੂ.ਪੀ. ਆਦਿ ਵੀ ਉਤਪਾਦਨ ਪੱਖੋਂ ਅੱਗੇ ਆ ਰਹੇ ਹਨ। ਪੰਜਾਬ ਦੀ ਉਤਪਾਦਕਤਾ 'ਚ ਸਥਿਰਤਾ ਲਿਆਉਣ ਲਈ ਉਪਰਾਲਿਆਂ ਦੀ ਲੋੜ ਹੈ।

ਪਹਿਲੇ ਸਬਜ਼ ਇਨਕਲਾਬ ਦੌਰਾਨ ਖੇਤੀ ਦਾ ਵਿਕਾਸ ਤਾਂ ਹੋਇਆ ਪਰ ਇਹ ਹੰਡਣਸਾਰ ਨਹੀਂ ਸੀ। 1980-85 ਦਰਮਿਆਨ ਤਾਂ ਖੇਤੀ ਵਿਕਾਸ ਦਰ ਮੁਲਕ ਦੀ ਆਰਥਿਕਤਾ ਦੀ ਵਿਕਾਸ ਦਰ ਨਾਲੋਂ ਵੱਧ ਰਹੀ, ਪਰ 1997-98 'ਚ ਇਹ ਘਟ ਗਈ। 2002-03 'ਚ ਭਾਰਤ ਨੇ ਕਣਕ ਬਰਾਮਦ ਕੀਤੀ, ਫਿਰ 2007-08 'ਚ ਬਾਹਰੋਂ ਮੰਗਵਾਈ। ਉਸ ਤੋਂ ਬਾਅਦ ਭਾਵੇਂ ਮੁਲਕ ਆਤਮਨਿਰਭਰ ਹੀ ਨਹੀਂ, ਸਗੋਂ ਬਰਾਮਦ ਕਰਨ ਦੇ ਯੋਗ ਹੋ ਗਿਆ।

ਪੰਜਾਬ ਦੀ ਖੇਤੀ ਆਰਥਿਕਤਾ ਝੋਨੇ ਤੇ ਕਣਕ 'ਤੇ ਹੀ ਆਧਾਰਿਤ ਹੈ। ਉਤਪਾਦਕਤਾ ਤੇ ਉਤਪਾਦਨ ਵਧਾਉਣ 'ਚ ਬੀਜਾਂ ਦਾ ਅਹਿਮ ਸਥਾਨ ਹੈ। ਬੀਜਾਂ ਤੇ ਨਵੀਆਂ ਕਿਸਮਾਂ ਸੰਬੰਧੀ ਚੇਤਨਾ ਵਧੀ ਹੈ ਪਰ ਅਜੇ ਵੀ ਬੀਜ ਬਦਲ ਦਰ ਘੱਟ ਹੈ। ਪਿਛਲੇ ਦੋ ਸਾਲਾਂ 'ਚ ਇਹ ਵੇਖਿਆ ਗਿਆ ਕਿ ਡੀਲਰਾਂ ਤੇ ਹੋਰ ਸੰਸਥਾਵਾਂ ਕੋਲ ਬੀਜਾਂ ਦੀ ਵਿਕਰੀ ਬਹੁਤ ਘੱਟ ਹੋਈ ਹੈ ਅਤੇ ਕਿਸਾਨ ਆਪਣਾ ਬੀਜ ਹੀ ਇਸਤੇਮਾਲ ਕਰ ਰਹੇ ਹਨ। ਇਸ ਝੁਕਾਅ ਨੂੰ ਰੋਕਣ ਦੀ ਲੋੜ ਹੈ। ਹੁਣ 82% ਬਿਜਾਈ ਅਧੀਨ ਰਕਬੇ 'ਚੋਂ 32-33 ਲੱਖ ਹੈਕਟੇਅਰ ਰਕਬੇ 'ਤੇ ਝੋਨਾ, ਬਾਸਮਤੀ ਅਤੇ 35 ਲੱਖ ਹੈਕਟੇਅਰ ਰਕਬੇ 'ਤੇ ਕਣਕ ਦੀ ਕਾਸ਼ਤ ਕੀਤੀ ਜਾਂਦੀ ਹੈ। ਪੰਜਾਬ ਦਾ ਕੇਂਦਰੀ ਪੂਲ 'ਚ ਕਣਕ ਦਾ ਯੋਗਦਾਨ 40% ਤੇ ਚੌਲਾਂ ਦਾ 23% ਤੱਕ ਹੈ। ਕਣਕ ਦੀ ਔਸਤ ਉਤਪਾਦਕਤਾ 50 ਕੁਇੰਟਲ ਪ੍ਰਤੀ ਹੈਕਟੇਅਰ ਅਤੇ ਝੋਨੇ ਦੀ ਔਸਤ ਉਤਪਾਦਕਤਾ 70 ਕੁਇੰਟਲ ਪ੍ਰਤੀ ਹੈਕਟੇਅਰ ਤੱਕ ਰਹੀ। ਸੁਧਰੇ ਬੀਜਾਂ ਦਾ ਇਸਤੇਮਾਲ ਕਰਨਾ ਤੇ ਬੀਜ ਬਦਲ ਦਰ ਵਧਣ ਨਾਲ ਉਤਪਾਦਕਤਾ ਹੋਰ ਵਧ ਸਕਦੀ ਹੈ। ਸੁਧਰੇ ਬੀਜ ਵੱਧ ਕਿਸਾਨਾਂ ਤੱਕ ਕਿਸਾਨ ਮੇਲਿਆਂ ਤੇ ਕਿਸਾਨ ਸਿਖਲਾਈ ਕੈਂਪਾਂ ਰਾਹੀਂ ਪਹੁੰਚਦੇ ਹਨ। ਬੀਜ ਵੰਡ ਪ੍ਰਬੰਧਨ ਦੀ ਪੂਰਨ ਯੋਜਨਾਬੰਦੀ ਦੀ ਲੋੜ ਹੈ, ਤਾਂ ਜੋ ਛੋਟੇ ਕਿਸਾਨਾਂ ਤੱਕ ਦੂਰ-ਦੁਰਾਡੇ ਪਿੰਡਾਂ ਤੱਕ ਪਹੁੰਚਾਏ ਜਾ ਸਕਣ। ਪੀ.ਏ.ਯੂ. ਲੁਧਿਆਣਾ ਤੇ ਹੋਰ ਅਦਾਰਿਆਂ ਵਲੋਂ ਅਜਿਹੇ ਯਤਨ ਕੀਤੇ ਜਾ ਰਹੇ ਹਨ। ਆਈ.ਸੀ.ਏ.ਆਰ.-ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਦੇ ਸੰਯੁਕਤ ਡਾਇਰੈਕਟਰ (ਖੋਜ) ਡਾ. ਵਿਸ਼ਵਾਨਾਥਨ ਸੀ. ਕਹਿੰਦੇ ਹਨ ਕਿ ਆਈ.ਏ.ਆਰ.ਆਈ. ਵਲੋਂ ਪੰਜਾਬ ਨੂੰ ਵਧੇਰੇ ਝਾੜ ਦੇਣ ਵਾਲੀਆਂ ਹੋਰ ਕਿਸਮਾਂ ਵਿਕਸਿਤ ਕਰਕੇ ਦਿੱਤੇ ਜਾਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਕਣਕ ਅਤੇ ਬਾਸਮਤੀ ਦੀਆਂ ਸਫ਼ਲ ਕਿਸਮਾਂ ਦੇ ਬੀਜ ਕਿਸਾਨਾਂ ਨੂੰ ਦੇਣ ਲਈ ਆਈ.ਏ.ਆਰ.ਆਈ. ਦਾ ਪ੍ਰਭਾਵਸ਼ਾਲੀ ਯੋਗਦਾਨ ਹੈ।



ਖੇਤੀ ਨੂੰ ਵਪਾਰਕ ਤੌਰ 'ਤੇ ਲਾਹੇਵੰਦ ਬਣਾਉਣ ਦੀ ਲੋੜ ਹੈ। ਖੇਤੀ ਦਾ ਧੰਦਾ ਮੁਨਾਫ਼ੇ ਲਈ ਅਪਣਾਇਆ ਜਾਵੇ, ਕੇਵਲ ਗੁਜ਼ਾਰੇ ਲਈ ਨਹੀਂ। ਲਗਾਤਾਰ ਪੀੜ੍ਹੀ ਦਰ ਪੀੜ੍ਹੀ ਜ਼ਮੀਨੀ ਵੰਡਾਂ ਕਾਰਨ ਖੇਤਾਂ ਦਾ ਆਕਾਰ ਛੋਟਾ ਹੁੰਦਾ ਜਾ ਰਿਹਾ ਹੈ। ਤਕਰੀਬਨ 60% ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ। ਇਸ ਲਈ ਕਿਸਾਨਾਂ ਦੀ ਖੇਤੀ ਆਮਦਨ ਘੱਟ ਹੈ, ਜਿਸ ਕਾਰਨ ਕਿਸਾਨਾਂ 'ਚ ਨਿਰਾਸ਼ਾ ਹੈ। ਲੇਜ਼ਰ ਕਰਾਹੇ ਦੀ ਵਰਤੋਂ ਨੂੰ ਵੱਡੇ ਪੱਧਰ 'ਤੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਤਕਨੀਕ ਨਾਲ ਖੇਤ ਪੱਧਰੇ ਕਰਨ ਉਪਰੰਤ ਪਾਣੀ ਇਕਸਾਰ ਲਗਦਾ ਹੈ ਅਤੇ ਖ਼ਾਦਾਂ ਦੀ ਵਰਤੋਂ ਵਿਸ਼ੇਸ਼ ਕਰਕੇ ਯੂਰੀਏ ਦੀ ਖ਼ਪਤ ਬੜੀ ਨਿਪੁੰਨਤਾ ਨਾਲ ਹੁੰਦੀ ਹੈ। ਪ੍ਰਤੀ ਹੈਕਟੇਅਰ ਝਾੜ 'ਚ ਵਾਧਾ ਹੁੰਦਾ ਹੈ। ਪਾਣੀ ਦੀ ਬੱਚਤ ਲਈ ਫ਼ਸਲਾਂ ਦੀ ਪੈਦਾਵਾਰ ਬੈੱਡ ਪਲਾਂਟਿੰਗ ਜਿਹੀ ਤਕਨੀਕ ਅਪਣਾ ਕੇ ਵੀ ਕੀਤੀ ਜਾ ਸਕਦੀ ਹੈ ਅਤੇ ਝੋਨੇ ਦੀ ਸਿੱਧੀ ਬਿਜਾਈ ਜੋ ਇਸ ਸਾਲ ਵਧੀ ਹੈ, ਹੋਰ ਵਧਾਈ ਜਾ ਸਕਦੀ ਹੈ। ਕਿਸਾਨਾਂ ਦਾ ਨਿਸ਼ਾਨਾ ਆਮਦਨ 'ਚ ਵਾਧਾ ਕਰਨਾ ਹੋਣਾ ਚਾਹੀਦਾ ਹੈ, ਜਿਸ ਲਈ ਸਰਕਾਰ ਉਨ੍ਹਾਂ ਦੀ ਸਹਾਇਤਾ ਕਰੇ। ਜ਼ਮੀਨ ਦੀ ਉਪਜਾਊ ਸ਼ਕਤੀ ਦਾ ਘਟਣਾ, ਪਾਣੀ ਦੇ ਪੱਧਰ ਦਾ ਥੱਲੇ ਜਾਣਾ, ਵਾਤਾਵਰਨ ਦਾ ਪ੍ਰਦੂਸ਼ਿਤ ਹੋਣਾ ਅਤੇ ਮੌਸਮ 'ਚ ਤਬਦੀਲੀ ਪੰਜਾਬ ਵਿਚ ਖੇਤੀ ਦੀਆਂ ਗੰਭੀਰ ਸਮੱਸਿਆਵਾਂ ਹਨ। ਖੇਤੀ 'ਚ ਸਰਕਾਰੀ ਲਾਗਤ ਵਧਾਉਣ ਦੀ ਲੋੜ ਹੈ। ਕਿਸਾਨ ਪਹਿਲਾਂ ਹੀ ਕਰਜ਼ੇ ਹੇਠ ਦੱਬੇ ਪਏ ਹਨ ਅਤੇ ਪੰਜਾਬ 'ਚ ਪ੍ਰਤੀ ਜੀਅ ਕਰਜ਼ਾ ਦੋ ਰਾਜਾਂ ਨੂੰ ਛੱਡ ਕੇ ਤੀਜੇ ਨੰਬਰ 'ਤੇ ਹੈ। ਕਿਸਾਨਾਂ ਦੀ ਆਮਦਨ ਵਧਾਉਣ ਅਤੇ ਫ਼ਸਲੀ ਭਿੰਨਤਾ ਲਈ ਕਣਕ-ਝੋਨੇ ਤੋਂ ਇਲਾਵਾ ਦੂਜੀਆਂ ਫ਼ਸਲਾਂ 'ਤੇ ਐਮ.ਐਸ.ਪੀ. ਅਤੇ ਸਰਕਾਰੀ ਖ਼ਰੀਦ ਹੋਣੀ ਜ਼ਰੂਰੀ ਹੈ। ਇਸ ਨਾਲ ਫ਼ਸਲੀ ਭਿੰਨਤਾ ਵੀ ਆਵੇਗੀ ਤੇ ਕਿਸਾਨਾਂ ਦੀ ਆਮਦਨ ਵੀ ਵਧੇਗੀ। ਖੇਤੀ ਖੋਜ 'ਚ ਲਾਗਤ ਵਧਾ ਕੇ ਇਸ ਨੂੰ ਮਜ਼ਬੂਤ ਕੀਤਾ ਜਾਵੇ। ਮੁੱਖ ਸਮੱਸਿਆ ਇਹ ਹੈ ਕਿ ਸਰਕਾਰੀ ਨੀਤੀਆਂ ਖ਼ਪਤਕਾਰ-ਪੱਖੀ ਵਧੇਰੇ ਹਨ ਤੇ ਕਿਸਾਨ ਸਹਾਇਕ ਘੱਟ। ਇਹ ਕਿਸਾਨ ਤੇ ਉਤਪਾਦਕਾਂ ਪੱਖੀ ਹੋਣੀਆਂ ਚਾਹੀਦੀਆਂ ਹਨ।

# ਬਾਬਾ ਬਕਾਲਾ ਤੋਂ ਭਾਜਪਾ ਦਾ ਨਵਾਂ ਸਿਆਸੀ ਸੰਕੇਤ

## ਵੱਡੇ ਇਕੱਠ ਤੋਂ ਬਾਅਦ ਹੁਣ ਜ਼ਮੀਨ 'ਤੇ ਤਾਕਤ ਦਿਖਾਉਣ ਦੀ ਕਸੌਟੀ



ਪ੍ਰੋ. ਸਰਚਾਂਦ ਸਿੰਘ ਖਿਆਲਾ

ਰੱਖੜ ਪੁੰਨਿਆ ਦੇ ਮੌਕੇ ਬਾਬਾ ਬਕਾਲਾ ਸਾਹਿਬ ਦੀ ਧਰਤੀ 'ਤੇ ਭਾਜਪਾ ਵੱਲੋਂ ਕੀਤੀ ਗਈ ਪਲੇਠੀ ਸੁਤੰਤਰ ਸਿਆਸੀ ਕਾਨਫ਼ਰੰਸ ਪੰਜਾਬ ਦੀ ਸਿਆਸਤ ਵਿੱਚ ਸਿਰਫ਼ ਇੱਕ ਹੋਰ ਰੈਲੀ ਨਹੀਂ ਰਹੀ। ਇਸ ਨੇ ਸੂਬੇ ਦੀ ਬਦਲ ਰਹੀ ਸਿਆਸੀ ਤਸਵੀਰ ਵਿੱਚ ਇੱਕ ਨਵਾਂ ਰੰਗ ਭਰਨ ਦੇ ਨਾਲ ਇਹ ਸੰਕੇਤ ਦਿੱਤਾ ਹੈ ਕਿ ਭਾਜਪਾ ਹੁਣ ਪੰਜਾਬ ਵਿੱਚ ਆਪਣੀ ਪੁਰਾਣੀ ਗੱਠਜੋੜ-ਕੇਂਦਰਿਤ ਭੂਮਿਕਾ ਤੋਂ ਅੱਗੇ ਵਧ ਕੇ ਆਪਣੀ ਸੁਤੰਤਰ ਸਿਆਸੀ ਪਛਾਣ, ਆਪਣਾ ਜਨ ਆਧਾਰ ਅਤੇ ਆਪਣੀ ਸੰਗਠਨਾਤਮਿਕ ਤਾਕਤ ਖੜ੍ਹੀ ਕਰਨ ਦੇ ਪੜਾਅ ਵਿੱਚ ਕਾਫ਼ੀ ਅੱਗੇ ਵੱਧ ਚੁੱਕੀ ਹੈ।

ਅਕਾਲੀ ਦਲ ਨਾਲ ਲੰਮੇ ਸਮੇਂ ਤੱਕ ਰਹੇ ਗੱਠਜੋੜ ਦੇ ਦੌਰ ਵਿੱਚ ਪੰਜਾਬ ਵਿੱਚ ਭਾਜਪਾ ਦੀ ਸਿਆਸੀ ਸਰਗਰਮੀ ਮੁੱਖ ਤੌਰ 'ਤੇ ਨਿਰਧਾਰਤ 23 ਵਿਧਾਨ ਸਭਾ ਚੋਣ ਖੇਤਰਾਂ ਅਤੇ ਸਾਂਝੇ ਸਿਆਸੀ ਮੰਚ ਤੱਕ ਸੀਮਤ ਰਹੀ ਸੀ। ਉਸ ਸਮੇਂ ਪੰਜਾਬ ਦੀ ਸਿਆਸਤ ਵਿੱਚ ਭਾਜਪਾ ਦੀ ਆਪਣੀ ਸਟੇਜ ਨਾਲੋਂ ਗੱਠਜੋੜ ਦੀ ਸਾਂਝੀ ਸਿਆਸੀ ਪਛਾਣ ਵਧੇਰੇ ਦਿਖਾਈ ਦਿੰਦੀ ਸੀ। ਬਾਬਾ ਬਕਾਲਾ ਵਿੱਚ ਵੱਖਰੀ ਸਟੇਜ ਲਗਾਉਣਾ ਇਸ ਪੁਰਾਣੇ ਸਿਆਸੀ ਦੌਰ ਤੋਂ ਅੱਗੇ ਵਧਣ ਦਾ ਸਪਸ਼ਟ ਸੰਕੇਤ ਹੈ।

ਇਸ ਕਦਮ ਦੀ ਮਹੱਤਤਾ ਸਿਰਫ਼ ਇਸ ਲਈ ਨਹੀਂ ਕਿ ਇਹ ਪਹਿਲੀ ਸੁਤੰਤਰ ਕਾਨਫ਼ਰੰਸ ਸੀ, ਸਗੋਂ ਇਸ ਲਈ ਵੀ ਹੈ ਕਿ ਇਸ ਲਈ ਪੰਜਾਬ ਦੀ ਅਜਿਹੀ ਧਰਤੀ ਚੁਣੀ ਗਈ ਜੋ ਸਿੱਖ ਇਤਿਹਾਸ, ਪੰਥਕ ਪਰੰਪਰਾ ਅਤੇ ਪੰਜਾਬੀ ਸਮਾਜਕ ਚੇਤਨਾ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ। ਰੱਖੜ ਪੁੰਨਿਆ ਦੇ ਮੌਕੇ ਬਾਬਾ ਬਕਾਲਾ ਵਿੱਚ ਸਿਆਸੀ ਮੌਜੂਦਗੀ ਦਰਜ ਕਰਾਉਣਾ ਆਪਣੇ ਆਪ ਵਿੱਚ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਹੈ ਕਿ ਭਾਜਪਾ ਪੰਜਾਬ ਨੂੰ ਸਿਰਫ਼ ਇੱਕ ਚੋਣ ਇਕਾਈ ਵਜੋਂ ਨਹੀਂ, ਸਗੋਂ ਆਪਣੀ ਡੂੰਘੀ ਇਤਿਹਾਸਕ, ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਪਛਾਣ ਵਾਲੇ ਸੂਬੇ ਵਜੋਂ ਸਮਝਣ ਅਤੇ ਉਸ ਨਾਲ ਸੰਵਾਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਕਾਨਫ਼ਰੰਸ ਦੀ ਸਭ ਤੋਂ ਉਲੇਖਣਯੋਗ ਪ੍ਰਾਪਤੀ ਸਿਰਫ਼ ਇਕੱਠ ਦਾ ਆਕਾਰ ਨਹੀਂ, ਸਗੋਂ ਇਸ ਨਾਲ ਪਾਰਟੀ ਦੇ ਅੰਦਰ ਪੈਦਾ ਹੋਇਆ ਆਤਮਵਿਸ਼ਵਾਸ ਅਤੇ ਸਿਆਸੀ ਉਤਸ਼ਾਹ ਹੈ। ਸਮਾਗਮ ਦਾ ਮਾਹੌਲ ਸ਼ਾਂਤਮਈ, ਅਨੁਸ਼ਾਸਿਤ ਅਤੇ ਸੁਚੱਜਾ ਰਿਹਾ। ਲੰਮੇ ਸਮੇਂ ਤੋਂ ਸਿਆਸੀ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਵਰਕਰਾਂ ਲਈ ਇਹ ਇਕੱਠ ਮਨੋਵਿਗਿਆਨਕ ਤੌਰ 'ਤੇ ਵੀ ਮਹੱਤਵਪੂਰਨ ਰਿਹਾ। ਉਨ੍ਹਾਂ ਨੂੰ ਇਹ ਮਹਿਸੂਸ ਹੋਇਆ ਕਿ ਪਾਰਟੀ ਹੁਣ ਪੰਜਾਬ ਵਿੱਚ ਸਿਰਫ਼ ਆਪਣੀ ਹਾਜ਼ਰੀ ਦਰਜ ਕਰਾਉਣ ਨਹੀਂ, ਸਗੋਂ ਆਪਣੀ ਗੱਲ ਆਪਣੇ ਬਲਬੂਤੇ 'ਤੇ ਵੱਡੇ ਪੱਧਰ 'ਤੇ ਰੱਖਣ ਦੀ ਸਮਰੱਥਾ ਹਾਸਲ ਕਰ ਰਹੀ ਹੈ।

ਮੀਡੀਆ ਵਿੱਚ ਵੀ ਕਾਨਫ਼ਰੰਸ ਨੂੰ ਸਿਰਫ਼ ਭੀੜ ਜਾਂ ਸ਼ਕਤੀ ਪ੍ਰਦਰਸ਼ਨ ਦੇ ਤੌਰ 'ਤੇ ਨਹੀਂ ਦੇਖਿਆ ਗਿਆ। ਇਸ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਦੀ ਸਿਆਸੀ ਦਿਸ਼ਾ ਅਤੇ ਸੰਗਠਨਾਤਮਿਕ ਤਿਆਰੀ ਦੇ ਸੰਕੇਤ ਵਜੋਂ ਚਰਚਾ ਮਿਲੀ। ਖ਼ਾਸ ਕਰਕੇ ਪੇਂਡੂ ਪੰਜਾਬ ਵਿੱਚ ਪਾਰਟੀ ਦੀ ਵਧ ਰਹੀ ਸਰਗਰਮੀ, ਕਿਸਾਨੀ ਨਾਲ ਨਵੇਂ ਸਿਰੇ ਤੋਂ ਸੰਵਾਦ ਅਤੇ ਪੰਥਕ ਖੇਤਰਾਂ ਵਿੱਚ ਪਹੁੰਚ ਬਣਾਉਣ ਦੀ ਕੋਸ਼ਿਸ਼ ਨੂੰ ਇਸ ਦੇ ਮਹੱਤਵਪੂਰਨ ਪੱਖਾਂ ਵਜੋਂ ਦੇਖਿਆ ਗਿਆ।

ਸਥਾਨਕ ਪੱਧਰ 'ਤੇ ਮਿਲ ਰਹੀ ਪ੍ਰਤੀਕਿਰਿਆ ਵੀ ਇਸ ਪੱਖੋਂ ਧਿਆਨਯੋਗ ਹੈ ਕਿ ਜੇ ਭਾਜਪਾ ਪਿੰਡਾਂ, ਧਾਰਮਿਕ ਸਥਾਨਾਂ ਅਤੇ ਇਤਿਹਾਸਕ ਮੇਲਿਆਂ ਵਿੱਚ ਇਸੇ ਤਰ੍ਹਾਂ ਲਗਾਤਾਰ ਆਪਣੀ ਮੌਜੂਦਗੀ ਵਧਾਉਂਦੀ ਰਹੀ ਤਾਂ ਇਸ ਦੀ ਰਵਾਇਤੀ ਸ਼ਹਿਰੀ ਪਾਰਟੀ ਵਾਲੀ ਛਵੀ ਵਿੱਚ ਤਬਦੀਲੀ ਆ ਸਕਦੀ ਹੈ। ਪੰਜਾਬ ਦੀ ਸਿਆਸਤ ਵਿੱਚ ਇਹ ਤਬਦੀਲੀ ਛੋਟੀ ਗੱਲ ਨਹੀਂ ਹੋਵੇਗੀ, ਕਿਉਂਕਿ ਸੂਬੇ ਦੀ ਚੋਣ ਰਾਜਨੀਤੀ ਵਿੱਚ ਪੇਂਡੂ ਸਮਾਜ, ਕਿਸਾਨੀ ਅਤੇ ਪੰਥਕ ਭਾਵਨਾਵਾਂ ਦੀ ਭੂਮਿਕਾ ਹਮੇਸ਼ਾ ਨਿਰਣਾਇਕ ਰਹੀ ਹੈ।

ਕੁਝ ਸਥਾਨਕ ਪ੍ਰਤੀਕਿਰਿਆਵਾਂ ਵਿੱਚ ਇਹ ਗੱਲ ਵੀ ਸਾਹਮਣੇ ਆਈ ਕਿ ਕਾਂਗਰਸ, ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੂੰ ਮੌਕਾ ਦੇਖਣ ਤੋਂ ਬਾਅਦ ਹੁਣ ਭਾਜਪਾ ਨੂੰ ਵੀ ਇੱਕ ਵਿਕਲਪ ਵਜੋਂ ਪਰਖਿਆ ਜਾ ਸਕਦਾ ਹੈ। ਕੁਝ ਲੋਕਾਂ ਨੇ ਇਹ ਭਾਵਨਾ ਵੀ ਪ੍ਰਗਟ ਕੀਤੀ ਕਿ ਉਹ ਭਾਜਪਾ ਪ੍ਰਤੀ ਹਮਦਰਦੀ ਜਾਂ ਸਹਿਮਤੀ ਰੱਖਦੇ ਹਨ, ਪਰ ਆਪਣੀ ਸਿਆਸੀ ਪਸੰਦ ਨੂੰ ਕਿਸੇ 'ਡਰ' ਕਾਰਨ ਜਨਤਕ ਤੌਰ 'ਤੇ ਪ੍ਰਗਟ ਕਰਨ ਤੋਂ ਸੰਕੋਚ ਕਰਦੇ ਹਨ। ਅਜਿਹੀ 'ਖਾਮੋਸ਼ ਸਹਿਮਤੀ' ਨੂੰ ਚੋਣੀ ਸਮਰਥਨ ਦਾ ਅੰਤਿਮ ਸਬੂਤ ਨਹੀਂ ਮੰਨਿਆ ਜਾ ਸਕਦਾ, ਪਰ ਸਿਆਸਤ ਵਿੱਚ ਲੋਕਾਂ ਦੀ ਚੁੱਪ ਵੀ ਕਈ ਵਾਰ ਬਦਲ ਰਹੀ ਮਨੋਵਿਰਤੀ ਦਾ ਸੰਕੇਤ ਹੁੰਦੀ ਹੈ। ਇਸ ਦੀ ਅਸਲ ਪਰਖ ਹੁਣ ਲਗਾਤਾਰ ਜਨ ਸੰਪਰਕ ਅਤੇ ਚੋਣ ਪ੍ਰਕਿਰਿਆ ਵਿੱਚ ਹੋਵੇਗੀ।

ਇਸ ਪੂਰੇ ਘਟਨਾਕ੍ਰਮ ਦੇ ਪਿੱਛੇ ਸੂਬਾਈ ਲੀਡਰਸ਼ਿਪ ਅਤੇ ਸੰਗਠਨ ਦੀ ਲੰਮੇ ਸਮੇਂ ਤੋਂ ਚੱਲ ਰਹੀ ਜ਼ਮੀਨੀ ਮਿਹਨਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਵੱਲੋਂ ਪੰਜਾਬ ਦੇ ਸਥਾਨਕ ਮੁੱਦਿਆਂ ਨੂੰ ਪਾਰਟੀ ਦੇ ਸਿਆਸੀ ਨੈਰੇਟਿਵ ਨਾਲ ਜੋੜਨ ਅਤੇ ਸੰਗਠਨ ਨੂੰ ਲਗਾਤਾਰ ਸਰਗਰਮ ਰੱਖਣ ਦੀ ਭੂਮਿਕਾ ਦੇ ਨਾਲ ਸੰਗਠਨ ਮੰਤਰੀ ਸ੍ਰੀ ਨਿਵਾਸੁਲੂ ਵੱਲੋਂ ਪਿੰਡਾਂ, ਮੰਡਲਾਂ ਅਤੇ ਬੂਥ ਪੱਧਰ ਤੱਕ ਕੀਤੀ ਜਾ ਰਹੀ ਮਿਹਨਤ ਨੇ ਅਜਿਹੇ ਇਕੱਠ ਲਈ ਜ਼ਮੀਨ ਤਿਆਰ ਕਰਨ ਵਿੱਚ ਭੂਮਿਕਾ ਨਿਭਾਈ ਹੈ। ਇਸ ਲਈ ਬਾਬਾ ਬਕਾਲਾ ਦੀ ਕਾਨਫ਼ਰੰਸ ਇੱਕ ਦਿਨ ਦੀ ਤਿਆਰੀ ਨਹੀਂ, ਸਗੋਂ ਲੰਮੇ ਸਮੇਂ ਦੀ ਸੰਗਠਨਾਤਮਿਕ ਮਿਹਨਤ ਦਾ ਪ੍ਰਗਟਾਵਾ ਹੈ।

ਕਾਨਫ਼ਰੰਸ ਵਿੱਚ ਕਿਸਾਨੀ ਨੂੰ ਮਿਲੀ ਤਰਜੀਹ ਭਾਜਪਾ ਦੀ ਪੰਜਾਬੀ ਰਣਨੀਤੀ ਦਾ ਇੱਕ ਹੋਰ ਮਹੱਤਵਪੂਰਨ ਪੱਖ ਰਹੀ। ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੀ ਮੌਜੂਦਗੀ ਅਤੇ ਕਿਸਾਨ ਹਿੱਤਾਂ ਦੀ ਰੱਖਿਆ ਸਬੰਧੀ ਦਿੱਤੇ ਭਰੋਸੇ ਨੇ ਇਸ ਸੰਵਾਦ ਨੂੰ ਸਿਆਸੀ ਮਹੱਤਤਾ ਦਿੱਤੀ। ਭਵਿੱਖ ਦੇ ਵਪਾਰਕ ਸਮਝੌਤਿਆਂ ਵਿੱਚ ਕਿਸਾਨ ਹਿੱਤਾਂ ਨੂੰ ਤਰਜੀਹ ਦੇਣ ਦਾ ਸੰਦੇਸ਼ ਵੀ ਇਸੇ ਕੋਸ਼ਿਸ਼ ਦਾ ਹਿੱਸਾ ਰਿਹਾ।

ਪਰ ਪੰਜਾਬ ਦੇ ਕਿਸਾਨ ਨਾਲ ਰਿਸ਼ਤਾ ਸਿਰਫ਼ ਬਿਆਨਾਂ ਨਾਲ ਨਹੀਂ, ਭਰੋਸੇ ਨਾਲ ਬਣੇਗਾ; ਅਤੇ ਭਰੋਸਾ ਲਗਾਤਾਰ ਸੰਵਾਦ ਨਾਲ ਬਣੇਗਾ। ਕਰਜ਼ਾ, ਖੇਤੀ ਦੀ ਲਾਗਤ, ਆਮਦਨ, ਮੰਡੀ ਪ੍ਰਬੰਧ, ਫ਼ਸਲੀ ਵਿਭਿੰਨਤਾ, ਪਾਣੀ ਅਤੇ ਖੇਤੀ ਦੀ ਲੰਮੇ ਸਮੇਂ ਦੀ ਆਰਥਿਕ ਸਥਿਰਤਾ ਵਰਗੇ ਮੁੱਦਿਆਂ 'ਤੇ ਪਿੰਡ ਪੱਧਰ ਤੱਕ ਪਹੁੰਚ ਕਰਨੀ ਹੋਵੇਗੀ। ਬਾਬਾ ਬਕਾਲਾ ਦੀ ਸਟੇਜ ਨੇ ਇੱਕ ਦਰਵਾਜ਼ਾ ਖੋਲ੍ਹਿਆ ਹੈ; ਹੁਣ ਉਸ ਦਰਵਾਜ਼ੇ ਰਾਹੀਂ ਕਿਸਾਨ ਦੇ ਖੇਤ ਅਤੇ ਘਰ ਤੱਕ ਪਹੁੰਚ ਬਣਾਉਣਾ ਅਸਲ ਚੁਣੌਤੀ ਹੈ।

ਪੰਥਕ ਪੱਖੋਂ ਵੀ ਬਾਬਾ ਬਕਾਲਾ ਦਾ ਸਿਆਸੀ ਸੰਦੇਸ਼ ਮਹੱਤਵਪੂਰਨ ਹੈ। ਸਿੱਖ ਗੁਰੂ ਸਾਹਿਬਾਨ, ਸਿੱਖ ਇਤਿਹਾਸ, ਪੰਜਾਬ ਦੀ ਵਿਰਾਸਤ ਅਤੇ ਸਿੱਖ ਸਮਾਜ ਦੇ ਯੋਗਦਾਨ ਦਾ ਜ਼ਿਕਰ ਭਾਜਪਾ ਦੇ ਨੈਰੇਟਿਵ ਨੂੰ ਪੰਜਾਬ ਦੀ ਇਤਿਹਾਸਕ ਅਤੇ ਸੱਭਿਆਚਾਰਕ ਚੇਤਨਾ ਨਾਲ ਜੋੜਨ ਦੀ ਕੋਸ਼ਿਸ਼ ਵਜੋਂ ਦੇਖਿਆ ਗਿਆ। ਪਰ ਪੰਥਕ ਖੇਤਰ ਵਿੱਚ ਸਵੀਕ੍ਰਿਤੀ ਸਿਰਫ਼ ਇਤਿਹਾਸਕ ਹਵਾਲਿਆਂ ਨਾਲ ਨਹੀਂ ਮਿਲੇਗੀ। ਇਸ ਲਈ ਵਿਦਵਾਨਾਂ, ਧਾਰਮਿਕ ਸ਼ਖ਼ਸੀਅਤਾਂ, ਸਮਾਜਿਕ ਸੰਸਥਾਵਾਂ ਅਤੇ ਵੱਖ-ਵੱਖ ਪੰਥਕ ਵਰਗਾਂ ਨਾਲ ਨਿਰੰਤਰ ਅਤੇ ਸੰਵੇਦਨਸ਼ੀਲ ਸੰਵਾਦ ਦੀ ਲੋੜ ਰਹੇਗੀ। ਪੰਜਾਬ ਦੇ ਦਿਲ ਨੂੰ ਸਮਝਣ ਲਈ ਪੰਜਾਬ ਦੀਆਂ ਭਾਵਨਾਵਾਂ ਨੂੰ ਸੁਣਨ ਦੀ ਚੇਸ਼ਟਾ ਭਾਜਪਾ 'ਚ ਪ੍ਰਬਲ ਦੇਖੀ ਜਾ ਸਕਦੀ ਹੈ।

ਇਸ ਦੇ ਨਾਲ ਹੀ ਨਸ਼ਾ, ਗੈਂਗਸਟਰਵਾਦ, ਕਾਨੂੰਨ-ਵਿਵਸਥਾ, ਬੇਰੋਜ਼ਗਾਰੀ, ਪੰਜਾਬ ਦਾ ਕਰਜ਼ਾ, ਉਦਯੋਗ, ਨਿਵੇਸ਼, ਵਿਕਾਸ ਅਤੇ ਨੌਜਵਾਨਾਂ ਦੇ ਭਵਿੱਖ ਵਰਗੇ ਮੁੱਦਿਆਂ 'ਤੇ ਆਮ ਆਦਮੀ ਪਾਰਟੀ ਸਰਕਾਰ ਨੂੰ ਘੇਰਦਿਆਂ ਭਾਜਪਾ ਨੇ ਲੋਕ-ਕੇਂਦਰਿਤ ਸਿਆਸੀ ਨੈਰੇਟਿਵ ਬਣਾਉਣ ਦੀ ਕੋਸ਼ਿਸ਼ ਕੀਤੀ। ਇਹ ਮੁੱਦੇ ਪੰਜਾਬ ਦੇ ਹਰ ਉਸ ਪਰਿਵਾਰ ਦੀ ਚਿੰਤਾ ਨਾਲ ਜੁੜੇ ਹਨ ਜੋ ਆਪਣੇ ਬੱਚਿਆਂ ਲਈ ਸੁਰੱਖਿਅਤ ਭਵਿੱਖ, ਰੋਜ਼ਗਾਰ ਅਤੇ ਸਨਮਾਨਯੋਗ ਜੀਵਨ ਚਾਹੁੰਦਾ ਹੈ।

ਇਸ ਲਈ ਅਗਲਾ ਸਵਾਲ ਸਿਰਫ਼ ਇਹ ਨਹੀਂ ਕਿ ਸਰਕਾਰ ਕਿੱਥੇ ਨਾਕਾਮ ਰਹੀ; ਸਵਾਲ ਇਹ ਵੀ ਹੋਵੇਗਾ ਕਿ ਭਾਜਪਾ ਪੰਜਾਬ ਲਈ ਕੀ ਕਰੇਗੀ? ਪੰਜਾਬ ਦੇ ਕਰਜ਼ੇ ਤੋਂ ਖੇਤੀ ਤੱਕ, ਉਦਯੋਗ ਤੋਂ ਨਿਵੇਸ਼ ਤੱਕ, ਨੌਜਵਾਨਾਂ ਦੇ ਰੋਜ਼ਗਾਰ ਤੋਂ ਨਸ਼ਾ ਮੁਕਤੀ ਤੱਕ ਅਤੇ ਸਿੱਖਿਆ, ਸਿਹਤ ਤੇ ਕਾਨੂੰਨ-ਵਿਵਸਥਾ ਤੋਂ ਬੁਨਿਆਦੀ ਢਾਂਚੇ ਤੱਕ ਇੱਕ ਸਪਸ਼ਟ 'ਵਿਕਸਿਤ ਪੰਜਾਬ ਰੋਡਮੈਪ' ਪੇਸ਼ ਕਰਨਾ ਪਾਰਟੀ ਦੇ ਵਿਕਲਪਕ ਨੈਰੇਟਿਵ ਨੂੰ ਹੋਰ ਮਜ਼ਬੂਤ ਕਰ ਸਕਦਾ ਹੈ।

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਹਰਿਆਣਾ ਦੀ ਕਾਰਗੁਜ਼ਾਰੀ ਦਾ ਹਵਾਲਾ ਵੀ ਇਸੇ ਤੁਲਨਾਤਮਿਕ ਵਿਕਾਸ ਦੀ ਚਰਚਾ ਨੂੰ ਅੱਗੇ ਲਿਜਾਣ ਦੀ ਕੋਸ਼ਿਸ਼ ਸੀ। ਕੇਂਦਰ ਅਤੇ ਰਾਜ ਵਿਚਕਾਰ ਸਹਿਯੋਗ, ਨਿਵੇਸ਼, ਬੁਨਿਆਦੀ ਢਾਂਚੇ ਅਤੇ ਪ੍ਰਸ਼ਾਸਨਿਕ ਕਾਰਗੁਜ਼ਾਰੀ ਨੂੰ ਵਿਕਾਸ ਨਾਲ ਜੋੜਿਆ ਗਿਆ। ਪਰ ਪੰਜਾਬ ਲਈ ਕਿਸੇ ਵੀ ਮਾਡਲ ਦੀ ਗੱਲ ਕਰਦਿਆਂ ਪੰਜਾਬ ਦੀ ਆਪਣੀ ਖੇਤੀਬਾੜੀ, ਉਦਯੋਗਿਕ ਅਤੇ ਸਮਾਜਿਕ ਹਕੀਕਤ ਨੂੰ ਕੇਂਦਰ ਵਿੱਚ ਰੱਖਣਾ ਲਾਜ਼ਮੀ ਹੋਵੇਗਾ।

ਬਾਬਾ ਬਕਾਲਾ ਦੀ ਵੱਖਰੀ ਸਟੇਜ ਨੇ ਅਕਾਲੀ ਦਲ ਨਾਲ ਭਾਜਪਾ ਦੇ ਭਵਿੱਖੀ ਸਿਆਸੀ ਸਮੀਕਰਨਾਂ ਬਾਰੇ ਵੀ ਚਰਚਾ ਨੂੰ ਤੇਜ਼ ਕੀਤਾ ਹੈ। ਇਸ ਨੂੰ ਫਿਲਹਾਲ ਕਿਸੇ ਅੰਤਿਮ ਸਿਆਸੀ ਫ਼ੈਸਲੇ ਵਜੋਂ ਦੇਖਣ ਦੀ ਬਜਾਏ ਆਪਣੀ ਸੁਤੰਤਰ ਤਾਕਤ ਨੂੰ ਪਰਖਣ ਅਤੇ ਭਵਿੱਖੀ ਸਿਆਸੀ ਗੱਲਬਾਤ ਵਿੱਚ ਆਪਣੀ ਸਥਿਤੀ ਮਜ਼ਬੂਤ ਕਰਨ ਦੀ ਰਣਨੀਤੀ ਵਜੋਂ ਦੇਖਣਾ ਵਧੇਰੇ ਉਚਿਤ ਹੋਵੇਗਾ। ਸਿਆਸਤ ਵਿੱਚ ਆਪਣੀ ਤਾਕਤ ਦਾ ਪਤਾ ਹੋਣਾ ਕਿਸੇ ਵੀ ਗੱਠਜੋੜ ਜਾਂ ਭਵਿੱਖੀ ਸਮੀਕਰਨ ਵਿੱਚ ਪਾਰਟੀ ਦੀ ਸਥਿਤੀ ਨੂੰ ਮਜ਼ਬੂਤ ਕਰਦਾ ਹੈ।

ਪਰ ਬਾਬਾ ਬਕਾਲਾ ਦੀ ਸਭ ਤੋਂ ਵੱਡੀ ਕਸੌਟੀ ਹੁਣ ਸ਼ੁਰੂ ਹੁੰਦੀ ਹੈ। ਵੱਡਾ ਇਕੱਠ ਇਤਿਹਾਸ ਬਣ ਸਕਦਾ ਹੈ, ਮੀਡੀਆ ਦੀ ਚਰਚਾ ਸਿਆਸੀ ਮਾਹੌਲ ਬਦਲ ਸਕਦੀ ਹੈ ਅਤੇ ਵਰਕਰਾਂ ਦਾ ਉਤਸ਼ਾਹ ਸੰਗਠਨ ਨੂੰ ਗਤੀ ਦੇ ਸਕਦਾ ਹੈ; ਪਰ ਚੋਣ ਤਾਕਤ ਪਿੰਡਾਂ, ਮੰਡਲਾਂ ਅਤੇ ਬੂਥਾਂ ਵਿੱਚ ਬਣਦੀ ਹੈ। (ਬਾਕੀ ਸਫ਼ਾ 27 'ਤੇ)



# ਜਮਹੂਰੀਅਤ ਦੀ ਰਾਖੀ ਲਈ ਪਹਿਰੇਦਾਰੀ ਜ਼ਰੂਰੀ

ਮਨਮੋਹਨ ਸਿੰਘ ਦਾਊਂ

ਸਾਲ 2027-ਪੰਜਾਬ ਵਿਧਾਨ ਸਭਾਵਾਂ ਚੋਣਾਂ ਪੰਜਾਬ ਦੀਆਂ ਬਰੂਹਾਂ 'ਤੇ ਹਨ। ਰਾਜਸੀ-ਪਾਰਟੀਆਂ ਪੱਬਾਂ ਭਾਰ ਹਨ। ਧੂਮ-ਧੜੱਕੇ ਦਾ ਮਾਹੌਲ ਪੈਦਾ ਹੋਣ ਵਾਲਾ ਹੈ। ਅਸੀਂ ਜਾਣਦੇ ਹਾਂ ਕਿ ਹਿੰਦੁਸਤਾਨ ਦੀ ਲੰਮੀ ਆਜ਼ਾਦੀ ਦੀ ਲੜਾਈ ਪਿੱਛੋਂ ਭਾਰਤ ਗਣ-ਤੰਤਰ ਰਾਜ ਬਣਨ ਦੇ ਸਮਰੱਥ ਹੋਇਆ। ਇਸ ਸੰਘਰਸ਼ 'ਚ ਅਨੇਕਾਂ ਯੋਧਿਆਂ, ਸੂਰਬੀਰਾਂ, ਦੇਸ਼ ਭਗਤਾਂ, ਰਾਜਸੀ-ਨੇਤਾਵਾਂ ਅਤੇ ਸ਼ਹੀਦਾਂ ਨੇ ਇਕਜੁਟ ਹੋ ਕੇ ਸੁਤੰਤਰ ਭਾਰਤ ਦੇ ਵਾਸੀ ਹੋਣ ਦਾ ਸਾਨੂੰ ਗੌਰਵ ਦਿੱਤਾ। ਡਾ. ਭੀਮ ਰਾਓ ਅੰਬੇਦਕਰ ਸਾਹਿਬ ਨੇ ਮਿਹਨਤ ਕਰਕੇ ਦੁਨੀਆਂ ਦੇ ਸੰਵਿਧਾਨਾਂ ਦਾ ਅਧਿਐਨ ਕਰਕੇ ਭਾਰਤ ਦੇ ਸੰਵਿਧਾਨ ਦੀ ਸਿਰਜਣਾ ਕੀਤੀ। ਭਾਰਤ 'ਚ ਲੋਕ-ਰਾਜ ਨੂੰ ਅਮਲੀ ਰੂਪ ਦੇਣ ਲਈ ਭਾਰਤ ਵਾਸੀਆਂ ਨੂੰ ਆਪਣੀ ਵੋਟ ਦੀ ਮਹੱਤਤਾ ਲਈ ਜਾਗਰੂਕ ਕੀਤਾ। ਭਾਰਤੀ ਗਣ-ਤੰਤਰ ਦੀ ਖ਼ੁਸ਼ਹਾਲੀ ਦੇ ਸੁਪਨੇ ਸਾਕਾਰ ਕਰਨ ਲਈ, ਚੋਣ-ਪ੍ਰਣਾਲੀ ਦੀ ਅਹਿਮੀਅਤ ਨਾਲ ਲੋਕ ਸ਼ਕਤੀ ਨੂੰ ਪ੍ਰਮੁੱਖਤਾ ਮਿਲੀ। ਪਿਛਲੇ ਬੀਤੇ 75 ਸਾਲਾਂ 'ਚ ਉਹ ਸੁਪਨੇ ਸਾਕਾਰ ਨਾ ਹੋ ਸਕੇ, ਜਿਨ੍ਹਾਂ ਲਈ ਸ਼ਹੀਦ ਭਗਤ ਸਿੰਘ ਵਰਗੇ ਸੂਰਬੀਰਾਂ ਨੇ ਆਪਣੇ ਖ਼ੂਨ ਦੀ ਆਹੂਤੀ ਦਿੱਤੀ। ਆਮ ਮਨੁੱਖ ਦੀ ਹੋਣੀ ਲਈ ਖ਼ੁਸ਼ਹਾਲੀ ਵਾਂਝੀ ਰਹੀ। ਪੂੰਜੀਪਤੀਆਂ ਦੇ ਹੱਥ ਰਾਜ-ਸੱਤਾ ਆਉਂਦੀ ਰਹੀ ਤੇ ਸਰਮਾਏਦਾਰੀ ਰਾਜ-ਸੱਤਾ 'ਤੇ ਭਾਰੂ ਹੁੰਦੀ ਗਈ। ਹਰ ਪੰਜ ਸਾਲ ਆਉਣ ਵਾਲੀਆਂ ਰਾਜਸੀ-ਪਾਰਟੀਆਂ ਦਾ ਬੋਲ-ਬਾਲਾ ਲੋਕਾਂ ਨੂੰ ਭਰਮਾ ਕੇ ਵੋਟਾਂ ਬਟੋਰਦਾ ਰਿਹਾ।

ਪੰਜਾਬ ਦੇ ਅਜੋਕੇ ਦੌਰ 'ਚ ਮੁੱਖ ਮੰਤਰੀ ਦੀ ਉੱਚ ਪਦਵੀ ਲਈ ਹਰ ਪਾਰਟੀ ਆਪੋ-ਆਪਣੇ ਢੰਗ ਨਾਲ ਰਾਜ-ਸੱਤਾ ਨੂੰ ਹਥਿਆਉਣ ਲਈ ਹੱਥ-ਕੰਡੇ ਵਰਤਣ ਤੋਂ ਗੁਰੇਜ਼ ਨਹੀਂ ਕਰ ਰਹੀ। ਆਮ ਮਨੁੱਖ ਇਸ ਵਰਤਾਰੇ ਲਈ ਬੇਵੱਸ ਹੋਇਆ ਕੇਵਲ ਵੋਟ ਦਾ ਪਾਤਰ ਬਣ ਕੇ ਰਹਿ ਗਿਆ। ਬੁੱਧੀ-ਜੀਵੀ ਤੇ ਸੰਵੇਦਨਸ਼ੀਲ ਵਿਅਕਤੀ ਸੋਚਾਂ 'ਚ ਡੁੱਬਿਆ, ਇਸ ਦੰਭੀ ਵਰਤਾਰੇ ਨੂੰ ਸਮਝਦਾ ਹੋਇਆ ਵੀ, ਨਿਮੋਸ਼ੀ ਦੀ ਸਥਿਤੀ 'ਚ ਜੀਅ ਰਿਹਾ ਹੈ। ਰਾਜਸੀ-ਪਿੜ 'ਚ ਉਹ ਆਦਰਸ਼ ਧੁੰਦਲੇ ਹੋਏ ਹਨ, ਜਿਨ੍ਹਾਂ ਬਾਰੇ ਸਾਡੇ ਪਹਿਲੇ ਆਗੂ ਆਪਣੀ ਵਚਨਬੱਧਤਾ 'ਤੇ ਪਹਿਰਾ ਦਿੰਦੇ ਸਨ, ਸਮਾਜ ਦੇ ਸੱਚੇ ਸੇਵਾਦਾਰ ਆਗੂ ਹੁੰਦੇ ਸਨ, ਜਿਨ੍ਹਾਂ ਨੂੰ ਸੁਣਨ ਲਈ ਲੋਕੀ ਵਹੀਰਾਂ ਘੱਤ ਕੇ ਸੁਣਨ ਜਾਂਦੇ ਸਨ। ਉਹ ਲੋਕਾਂ ਦੇ ਰਹਿਬਰ ਸਨ। ਹੁਣ ਸੁਆਰਥ ਤੇ ਪਦਾਰਥ ਥੱਲੇ ਅਣਖ਼, ਗ਼ੈਰਤ, ਜ਼ਮੀਰ ਤੇ ਇਨਸਾਨੀਅਤ ਲੰਗੜਾ ਗਏ ਹਨ। ਵਰਤਮਾਨ ਪੰਜਾਬ ਦੀ ਸਥਿਤੀ ਬਹੁਤ ਚੁਣੌਤੀਆਂ ਅਤੇ ਸਮੱਸਿਆਵਾਂ 'ਚ ਘਿਰੀ ਹੋਈ ਹੈ। ਪੰਜਾਬ ਨੂੰ ਭਾਰਤ ਦੀ ਖੜਗ ਭੁਜਾ ਸਮਝਿਆ ਜਾਂਦਾ ਰਿਹਾ ਹੈ। ਪ੍ਰੋ. ਮੋਹਨ ਸਿੰਘ ਦੀ ਕਵਿਤਾ ਯਾਦ ਆਉਂਦੀ ਹੈ, 'ਭਾਰਤ ਹੈ ਵਾਂਗ ਮੁੰਦਰੀ 'ਚ ਨਗ ਪੰਜਾਬ ਦਾ।' ਗੁਰੂਆਂ, ਪੀਰਾਂ ਤੇ ਸ਼ਹੀਦਾਂ ਦੀ ਸਮਝੀ ਜਾਂਦੀ ਧਰਤ ਪੰਜਾਬ ਅੱਜ ਮਧੋਲੀ ਜਾ ਰਹੀ ਹੈ। ਬੀਤੇ ਇਤਿਹਾਸ 'ਤੇ ਝਾਤੀ ਮਾਰਿਆਂ ਮਨ ਗ਼ਮਗੀਨ ਹੋ ਜਾਂਦਾ ਹੈ ਕਿ ਪੰਜਾਬ ਨਾਲ ਕੀ-ਕੀ ਨਹੀਂ ਹੋਇਆ। ਭਾਵੇਂ ਅਸੀਂ ਆਜ਼ਾਦ ਹੋ ਗਏ ਹਾਂ ਪਰ ਪੰਜਾਬ ਅਜੇ ਤੱਕ ਆਪਣੀ ਸਵੈ-ਹੋਂਦ ਬਰਕਰਾਰ ਕਰਨ 'ਚ ਮਕਬੂਜ਼ਾ ਸਰਕਾਰ ਤੋਂ ਇਨਸਾਫ਼ ਲੈਣ ਲਈ ਸਫਲ ਨਹੀਂ ਹੋ ਸਕਿਆ। ਜਿੱਥੇ ਤੱਕ ਪੰਜਾਬ ਦੀਆਂ ਵਰਤਮਾਨ ਅਸੈਂਬਲੀ ਚੋਣਾਂ ਦਾ ਸਵਾਲ ਹੈ, ਇਸ ਵੇਲੇ ਚੋਣ-ਪਿੜ ਪੂਰੇ ਸਿਖ਼ਰ 'ਤੇ ਹੈ। ਰਾਜ-ਕੁਰਸੀ ਪ੍ਰਾਪਤ ਕਰਨ ਲਈ ਜੋ ਹਾਲਾਤ ਬਣੇ ਹੋਏ ਹਨ, ਉਨ੍ਹਾਂ ਤੋਂ ਹਰ ਕੋਈ ਹੈਰਾਨੀ ਦੇ ਆਲਮ 'ਚ ਲੰਘ ਰਿਹਾ ਹੈ। ਰਾਜਸੀ-ਪੰਜ ਕੋਣ ਤੋਂ ਚੋਣ ਪ੍ਰਚਾਰ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ। ਲੋਕ-ਤੰਤਰ 'ਚ ਹਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਸੰਵਿਧਾਨਕ ਹੱਕ ਹੈ ਪਰ ਜਿਸ ਧੀਰਜ ਨਾਲ ਸੰਵਾਦ ਹੋਣਾ ਚਾਹੀਦਾ ਹੈ, ਉਹ ਗੁੰਮ ਹੈ, ਬੜਬੋਲਾਪਣ ਭਾਰੂ ਹੋ ਰਿਹਾ ਹੈ ਮੰਦੀ ਭਾਸ਼ਾ ਪ੍ਰਦੂਸ਼ਣ ਫੈਲਾਉਂਦੀ ਹੈ। ਅਪਜਨਕ, ਪਲੀਤ ਤੇ ਬਦਲਾ ਲਊ ਸ਼ਬਦ ਚੌਗਿਰਦੇ 'ਚ ਜ਼ਹਿਰ ਘੋਲਦੇ ਹਨ। ਕਿਸੇ ਪ੍ਰਤੀ ਬੋਲੇ ਮੰਦੇ ਸ਼ਬਦ, ਉਸ ਵਿਅਕਤੀ ਨੂੰ ਬੇਇੱਜ਼ਤ ਹੀ ਨਹੀਂ ਕਰਦੇ, ਸੁਣਨ ਵਾਲਿਆਂ ਨੂੰ ਵੀ ਪਰੇਸ਼ਾਨ ਕਰਦੇ ਹਨ। ਸਭਿਅਕ ਸਮਾਜ ਦੀ ਸਿਰਜਣਾ 'ਚ ਭਾਸ਼ਾ ਵੱਡਾ ਮਾਧਿਅਮ ਹੁੰਦੀ ਹੈ। ਇਕ ਦੂਜੇ 'ਤੇ ਅਤੇ ਰਾਜਸੀ-ਪਾਰਟੀਆਂ ਵਿਰੁੱਧ ਜੋ ਕੁਝ ਪ੍ਰਚਾਰ ਅਤੇ ਮੰਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਜਾ ਰਹੀ ਹੈ, ਉਸ ਦਾ ਮਾਰੂ ਪ੍ਰਭਾਵ ਸਾਡੀ ਨੌਜਵਾਨ ਪੀੜ੍ਹੀ 'ਤੇ ਕਿਹੋ ਜਿਹਾ ਹੋਵੇਗਾ, ਉਸ ਦਾ ਅੰਦਾਜ਼ਾ ਮਨੋ-ਵਿਗਿਆਨੀ ਵਧੇਰੇ ਦੱਸ ਸਕਦੇ ਹਨ। ਵੱਡਿਆਂ ਦਾ ਸਤਿਕਾਰ ਤੇ ਛੋਟਿਆਂ ਨੂੰ ਪਿਆਰ ਕਰਨ ਦੀ ਭਾਵਨਾ 'ਤੇ ਜੋਰ ਦਿੰਦੇ ਰਹੇ ਹਾਂ। ਕਰਨੀ ਤੇ ਕਥਨੀ 'ਤੇ ਚੱਲਣ ਦੀ ਸਿੱਖਿਆ ਦਿੰਦੇ ਰਹੇ ਹਾਂ। ਸਦਾ ਸੱਚ ਬੋਲੋ ਦਾ ਉਪਦੇਸ਼ ਅਪਣਾਉਣ ਲਈ ਪੜ੍ਹਾਉਂਦੇ ਰਹੇ ਹਾਂ। ਹੁਣ ਟੀਵੀ ਚੈਨਲਾਂ 'ਤੇ ਨੇਤਾਵਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਰਾਹੀਂ ਜੋ ਪਰੋਸਿਆ ਤੇ ਪ੍ਰਚਾਰਿਆ ਜਾ ਰਿਹਾ ਹੈ, ਸੁਣ ਕੇ ਸ਼ਰਮਿੰਦਗੀ ਹੀ ਨਹੀਂ ਆਉਂਦੀ, ਸਗੋਂ ਜੀਵਨ 'ਚ ਗਿਆਨਵਾਨ, ਵਿਦਵਾਨ ਤੇ ਚਿੰਤਕਾਂ ਦੇ ਕਥਨਾਂ ਨੂੰ ਮਿਸਾਲ ਦੇਣ ਤੋਂ ਵੀ ਝਿਜਕ ਆ ਰਹੀ ਹੈ। ਰਾਜਨੀਤੀਵਾਨ ਮਿਸਟਰ ਲਾਸਕੀ ਦੀ ਆਜ਼ਾਦੀ ਬਾਰੇ ਕੀਤੀ ਟਿੱਪਣੀ ਕੌਣ ਸੁਣਦਾ ਕਿ ਤੁਹਾਡੀ ਆਜ਼ਾਦੀ ਦੀ ਸੀਮਾ, ਤੁਹਾਡੀ ਫ਼ੜੀ ਡੰਡੇਰੀ (ਸਟਿਕ) ਦੀ ਸੀਮਾ ਤੀਕ ਹੈ, ਜਿੱਥੇ ਦੂਸਰੇ ਨੂੰ ਅੜਿਕਾ ਨਾ ਬਣੇ।

(ਬਾਕੀ ਸਫ਼ਾ 27 'ਤੇ)



# ਕਿੰਨੀ ਕੁ ਸਹੀ ਹੈ ਸ਼ਹਿਰਾਂ ਦੇ ਨਾਂਅ ਬਦਲਣ ਦੀ ਰਵਾਇਤ?




## ➤ ਭਾਰਤ 'ਚ ਬਦਲੇ ਜਾ ਚੁੱਕੇ ਨੇ ਵੱਖ- ਵੱਖ ਸ਼ਹਿਰਾਂ ਦੇ ਨਾਂਅ ➤ ਹੁਣ ਆਗਰਾ ਦਾ ਨਾਂਅ ਬਦਲਣ ਦੀ ਤਿਆਰੀ 'ਚ ਲੱਗੀ ਯੂ.ਪੀ. ਸਰਕਾਰ




ਜਗਮੋਹਨ ਸਿੰਘ 'ਲੱਕੀ'
9463819174

ਵੱਖ-ਵੱਖ ਸ਼ਹਿਰਾਂ ਦਾ ਵਿਕਾਸ ਹੋਣ ਦੇ ਨਾਲ਼-ਨਾਲ਼ ਇਹਨਾਂ ਦਾ ਭੂਗੋਲਿਕ ਢਾਂਚਾ ਵੀ ਤਬਦੀਲ ਹੁੰਦਾ ਰਿਹਾ ਹੈ। ਜਿੱਥੇ ਸ਼ਹਿਰਾਂ ਦੇ ਨਾਂਅ ਬਦਲੇ ਗਏ ਹਨ, ਉਥੇ ਸਮੇਂ ਦੇ ਨਾਲ ਹੀ ਸ਼ਹਿਰਾਂ ਦਾ ਘੇਰਾ ਵੱਡਾ ਹੋਣ ਕਰਕੇ ਸ਼ਹਿਰਾਂ ਦੇ ਅੰਦਰ ਬਣੀਆਂ ਸੜਕਾਂ, ਚੌਕਾਂ ਤੇ ਬਾਜ਼ਾਰਾਂ ਦਾ ਨਵੀਨੀਕਰਨ ਹੋਣ ਦੇ ਨਾਲ-ਨਾਲ ਸਮੇਂ ਦੇ ਹਾਕਮਾਂ ਵੱਲੋਂ ਉਨ੍ਹਾਂ ਦੇ ਨਾਂਵਾਂ 'ਚ ਵੀ ਤਬਦੀਲੀ ਕੀਤੀ ਜਾਂਦੀ ਰਹੀ ਹੈ।

ਮੌਜੂਦਾ ਸਮੇਂ ਸਾਡੇ ਦੇਸ਼ ਅੰਦਰ ਦਰਜਨ ਤੋਂ ਵੀ ਵੱਧ ਅਜਿਹੇ ਅਹਿਮ ਸ਼ਹਿਰ ਹਨ, ਜਿਨ੍ਹਾਂ ਦੇ ਸਮੇਂ ਦੀਆਂ ਸਰਕਾਰਾਂ ਵੱਲੋਂ ਨਾਂਅ ਬਦਲੇ ਗਏ ਹਨ ਪਰ ਇਨ੍ਹਾਂ ਸ਼ਹਿਰਾਂ ਦੇ ਪੁਰਾਣੇ ਨਾਂਅ ਲੋਕਾਂ ਦੇ ਦਿਲੋ-ਦਿਮਾਗ 'ਚ ਇਸ ਕਦਰ ਛਾਏ ਹੋਏ ਹਨ ਕਿ ਉਹ ਅਕਸਰ ਹੀ ਇਨ੍ਹਾਂ ਸ਼ਹਿਰਾਂ ਨੂੰ ਪੁਰਾਣੇ ਨਾਂਅ ਨਾਲ ਹੀ ਬੁਲਾਉਂਦੇ ਹਨ।

ਭਾਰਤ ਵਿੱਚ ਕਈ ਸਾਲ ਪਹਿਲਾਂ ਫ਼ਿਲਮ ਨਗਰੀ ਅਤੇ ਮੁਲਕ ਦੀ ਆਰਥਿਕ ਰਾਜਧਾਨੀ ਵਜੋਂ ਪ੍ਰਸਿੱਧ ਸ਼ਹਿਰ ਬੰਬਈ ਦਾ ਨਾਂਅ ਬਦਲ ਕੇ ਮੁੰਬਈ ਰੱਖ ਦਿੱਤਾ ਗਿਆ। ਇਸੇ ਤਰ੍ਹਾਂ ਮਦਰਾਸ ਦਾ ਨਾਂਅ ਬਦਲ ਕੇ ਚੇਨਈ ਕਰ ਦਿੱਤਾ ਗਿਆ। ਗੁੜਗਾਵਾਂ ਦਾ ਨਾਂਅ ਬਦਲ ਕੇ ਗੁਰੂਗ੍ਰਾਮ, ਇਲਾਹਾਬਾਦ ਦਾ ਨਾਂਅ ਬਦਲ ਕੇ ਪ੍ਰਯਾਗਰਾਜ ਤੇ ਫ਼ਿਰ ਬਨਾਰਸ ਦਾ ਵਾਰਾਨਸੀ, ਇਸ ਤੋਂ ਬਾਅਦ ਫ਼ੈਜ਼ਾਬਾਦ ਜ਼ਿਲ੍ਹੇ ਦਾ ਨਾਂਅ ਬਦਲ ਕੇ ਅਯੁੱਧਿਆ ਕਰ ਦਿੱਤਾ ਗਿਆ। ਇੰਨਾ ਹੀ ਨਹੀਂ ਮੁਗ਼ਲਸਰਾਏ ਸਟੇਸ਼ਨ ਦਾ ਨਾਂਅ ਬਦਲ ਕੇ ਪੰਡਤ ਦੀਨਦਿਆਲ ਉਪਾਧਿਆਇ ਜੰਕਸ਼ਨ ਕੀਤਾ ਜਾ ਚੁੱਕਿਆ ਹੈ। ਦਿੱਲੀ ਦੀ ਔਰੰਗਜ਼ੇਬ ਰੋਡ ਦਾ ਨਾਂਅ ਬਦਲ ਕੇ 'ਏਪੀਜੇ ਅਬਦੁਲ ਕਲਾਮ ਰੋਡ' ਕਰ ਦਿੱਤਾ ਗਿਆ। ਇਸੇ ਤਰ੍ਹਾਂ ਯੂ.ਪੀ. ਦੇ ਗੋਰਖਪੁਰ ਜ਼ਿਲ੍ਹੇ ਦੀ ਨਗਰ ਕੌਂਸਲ 'ਮੁੰਡੇਰਾ ਬਾਜ਼ਾਰ' ਦਾ ਨਾਂਅ ਬਦਲ ਕੇ 'ਚੌਰੀ-ਚੌਰਾ' ਅਤੇ ਦੇਵਰੀਆ ਜ਼ਿਲ੍ਹੇ ਦੇ 'ਤੇਲੀਆ ਅਫ਼ਗਾਨ' ਪਿੰਡ ਦਾ ਨਾਂਅ ਬਦਲ ਕੇ 'ਤੇਲੀਆ ਸ਼ੁਕਲਾ' ਕਰ ਦਿੱਤਾ ਦਿੱਤਾ ਹੈ। ਉੱਤਰ ਪ੍ਰਦੇਸ਼ ਦੀ ਸਰਕਾਰ ਹੁਣ ਇੱਕ ਨਵੇਂ ਸ਼ਹਿਰ ਦਾ ਨਾਂਅ ਬਦਲਣ ਦੀਆਂ ਤਿਆਰੀਆਂ ਵਿੱਚ ਰੁੱਝੀ ਹੋਈ ਹੈ। ਇਹ ਗੱਲ ਕਿਸੇ ਕੋਈ ਆਮ ਸ਼ਹਿਰ ਦਾ ਨਾਂਅ ਬਦਲਣ ਦੀ ਨਹੀਂ ਸਗੋਂ ਦੇਸ਼ ਦੇ ਅਜੂਬੇ ਵਾਲੇ ਸ਼ਹਿਰ 'ਆਗਰਾ' ਦੀ ਹੋ ਰਹੀ ਹੈ। ਬਿੜਕਾਂ ਹਨ ਕਿ ਹੁਣ ਆਗਰਾ ਦਾ ਨਾਂਅ ਬਦਲ ਕੇ 'ਅਗਰਵਨ' ਰੱਖਿਆ ਜਾਵੇਗਾ। ਯੋਗੀ ਸਰਕਾਰ ਨੇ ਆਗਰਾ ਦਾ ਨਾਂਅ ਬਦਲ ਕੇ 'ਅਗਰਵਨ' ਰੱਖਣ ਦਾ ਮਨ ਬਣਾ ਲਿਆ ਹੈ। ਇਸ ਸਬੰਧੀ ਅੰਬੇਦਕਰ ਯੂਨੀਵਰਸਿਟੀ ਤੋਂ ਇਸ ਸਬੰਧੀ ਇਤਿਹਾਸ ਦਾ ਜਾਣਕਾਰੀ ਮੰਗੀ ਹੈ ਜਿਸ ਬਾਬਤ ਕੁਝ ਨਾਂਵਾਂ ਦੇ ਵੇਰਵੇ ਵੀ ਸਾਹਮਣੇ ਆ ਰਹੇ ਹਨ। ਇਸੇ ਤਰ੍ਹਾਂ ਯੂ.ਪੀ. ਦੇ ਮੁਜ਼ੱਫ਼ਰਨਗਰ, ਸੁਲਤਾਨਪੁਰ, ਤਿਲੰਗਾਨਾ ਦੇ ਹੈਦਰਾਬਾਦ, ਸਿਕੰਦਰਾਬਾਦ, ਗੁਜਰਾਤ ਦਾ ਅਹਿਮਦਾਬਾਦ ਦੇ ਨਾਂਅ ਬਦਲਣ ਦੀ ਵੀ ਤਿਆਰੀ ਹੋ ਰਹੀ ਹੈ।







ਅਹਿਮਦਾਬਾਦ ਸ਼ਹਿਰ ਦਾ ਨਾਂਅ ਪੰਦ੍ਹਰਵੀਂ ਸਦੀ ਵਿੱਚ ਗੁਜਰਾਤ ਦੇ ਸੁਲਤਾਨ ਅਹਿਮਦ ਸ਼ਾਹ ਦੇ ਨਾਂਅ 'ਤੇ ਰੱਖਿਆ ਗਿਆ ਸੀ। ਹਿੰਦੁਤਵਵਾਦੀ ਸ਼ਕਤੀਆਂ ਅਨੁਸਾਰ 'ਇਹ ਨਾਂਅ ਗੁਲਾਮੀ ਦੇ ਚਿੰਨ੍ਹ' ਹਨ। ਹਿੰਦੂਤਵਵਾਦੀ ਵਿਚਾਰਧਾਰਕਾਂ/ ਇਤਿਹਾਸਕਾਰਾਂ ਅਨੁਸਾਰ ਮੱਧਯੁਗ ਦੇ ਮੁਸਲਮਾਨ ਸੁਲਤਾਨਾਂ, ਬਾਦਸ਼ਾਹਾਂ ਦੇ ਰਾਜ ਬਸਤੀਵਾਦੀ ਸਨ। ਭਾਰਤ ਵਿੱਚ ਲੰਬਾ ਸਮਾਂ ਮੁਗਲਾਂ ਅਤੇ ਮੁਸਲਮਾਨ ਸੁਲਤਾਨਾਂ ਦਾ ਰਾਜ ਰਹਿਣ ਕਰਕੇ ਵੱਡੀ ਗਿਣਤੀ ਸ਼ਹਿਰਾਂ ਦੇ ਨਾਂਅ ਫ਼ਾਰਸੀ ਭਾਸ਼ਾ ਵਾਲੇ ਅਤੇ ਇਸਲਾਮੀ ਸਭਿਅਤਾ ਤੋਂ ਪ੍ਰਭਾਵਿਤ ਹਨ, ਜਿਸ ਕਾਰਨ ਹੁਣ ਕੇਂਦਰ ਸਰਕਾਰ ਵੱਲੋਂ ਇਹਨਾਂ ਸ਼ਹਿਰਾਂ ਦੇ ਨਾਂਅ ਬਦਲੇ ਜਾ ਰਹੇ ਹਨ। ਹਿੰਦੂਵਾਦੀ ਵਿਦਵਾਨਾਂ ਦਾ ਕਹਿਣਾ ਹੈ ਕਿ ਇਹਨਾਂ ਸ਼ਹਿਰਾਂ ਦੇ ਪੁਰਾਣੇ ਨਾਂਅ 1200 ਸਾਲ ਦੀ ਗੁਲਾਮੀ ਦੀ ਹੀ ਨਿਸ਼ਾਨੀ ਹਨ।

ਭਾਰਤ ਵਿੱਚ ਭਾਵੇਂ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵੱਲੋਂ ਸ਼ਹਿਰਾਂ, ਰੇਲਵੇ ਸਟੇਸ਼ਨਾਂ ਅਤੇ ਸੰਸਥਾਵਾਂ ਦੇ ਨਾਂਅ ਬਦਲੇ ਜਾ ਰਹੇ ਹਨ ਪਰ ਸੱਚਾਈ ਤਾਂ ਇਹ ਹੈ ਕਿ ਸਿਰਫ਼ ਨਾਂਅ ਬਦਲਣ ਨਾਲ ਕੁਝ ਨਹੀਂ ਹੁੰਦਾ, ਅਸਲ ਬਦਲਾਅ ਕੰਮ ਕਰਨ ਨਾਲ ਆਉਂਦਾ ਹੈ।
ਇਸ ਸਮੇਂ ਵੱਡੀ ਲੋੜ ਸ਼ਹਿਰਾਂ ਦੇ ਨਾਂਅ ਬਦਲਣ ਦੀ ਨਹੀਂ, ਸਗੋਂ ਮੁਲਕ ਨੂੰ ਤਰੱਕੀ ਦੇ ਰਾਹ ਤੋਰਨ ਦੀ ਹੈ ਤਾਂ ਕਿ ਸਾਡਾ ਦੇਸ਼ ਸਹੀ ਅਰਥਾਂ ਵਿੱਚ ਵਿਸ਼ਵ ਗੁਰੂ ਬਣ ਸਕੇ।

**ਪੰਜਾਬ ਵਿੱਚ ਵੀ ਕਈ ਸ਼ਹਿਰਾਂ ਅਤੇ ਪਿੰਡਾਂ ਦੇ ਨਾਂਅ ਬਦਲੇ ਜਾ ਚੁੱਕੇ ਹਨ। ਪੰਜਾਬ ਵਿੱਚ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸਮੇਂ ਮੋਹਾਲੀ ਦਾ ਨਾਂਅ ਬਦਲ ਕੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਰੋਪੜ ਦਾ ਨਾਂਅ ਬਦਲ ਕੇ ਰੂਪ ਨਗਰ ਕਰ ਦਿੱਤਾ ਗਿਆ। ਉਸ ਤੋਂ ਕਾਫ਼ੀ ਸਮਾਂ ਬਾਅਦ ਨਵਾਂ ਸ਼ਹਿਰ ਦਾ ਨਾਂਅ ਬਦਲ ਕੇ 'ਸ਼ਹੀਦ ਭਗਤ ਸਿੰਘ ਨਗਰ' ਰੱਖ ਦਿੱਤਾ ਗਿਆ ਪਰ ਲੋਕ ਅਜੇ ਵੀ ਮੋਹਾਲੀ ਨੂੰ ਮੋਹਾਲੀ, ਰੋਪੜ ਨੂੰ ਰੋਪੜ ਅਤੇ ਨਵਾਂ ਸ਼ਹਿਰ ਨੂੰ ਨਵਾਂ ਸ਼ਹਿਰ ਹੀ ਕਹਿੰਦੇ ਹਨ। ਇਹਨਾਂ ਸ਼ਹਿਰਾਂ ਦੇ ਨਵੇਂ ਨਾਂਅ ਆਮ ਲੋਕਾਂ ਵਿੱਚ ਅਜੇ ਤੱਕ ਪ੍ਰਚਲਿਤ ਨਹੀਂ ਹੋਏ। ਪੰਜਾਬ ਵਿੱਚ ਕਈ ਸ਼ਹਿਰਾਂ ਦੇ ਨਾਲ -ਨਾਲ ਕਈ ਸ਼ਹਿਰਾਂ ਵਿੱਚ ਚੌਕਾਂ ਦੇ ਨਾਂਅ ਵੀ ਬਦਲ ਦਿੱਤੇ ਗਏ। ਜਲੰਧਰ ਵਿੱਚ ਪ੍ਰਸਿੱਧ ਜੋਤੀ ਚੌਕ ਦਾ ਨਾਂਅ ਬਦਲ ਕੇ ਭਗਵਾਨ ਵਾਲਮੀਕਿ ਚੌਕ, ਨਕੋਦਰ ਚੌਕ ਦਾ ਨਾਂਅ ਬਦਲ ਕੇ ਡਾ. ਬੀ.ਆਰ. ਅੰਬੇਡਕਰ ਚੌਕ, ਵਡਾਲਾ ਚੌਕ ਦਾ ਸਤਿਗੁਰੂ ਕਬੀਰ ਚੌਕ, ਕੰਪਨੀ ਬਾਗ ਚੌਕ ਦਾ ਸ੍ਰੀਰਾਮ ਚੌਕ, ਮਿਲਾਪ ਚੌਕ ਦਾ ਲਵ-ਕੁਸ਼ ਚੌਕ, ਮਦਨ ਫ਼ਲੋਰ ਮਿੱਲ ਚੌਕ ਦਾ ਅਜੀਤ ਚੌਕ, ਬੀਐੱਮਸੀ ਚੌਕ ਦਾ ਨਾਂਅ ਬਦਲ ਕੇ ਸੰਵਿਧਾਨ ਚੌਕ, ਪਠਾਨਕੋਟ ਚੌਕ ਦਾ ਨਾਂਅ ਬਦਲ ਕੇ ਗਦਰੀ ਸ਼ਹੀਦ ਬੰਤਾ ਸਿੰਘ ਚੌਕ, ਲੰਮਾ ਪਿੰਡ ਚੌਕ ਦਾ ਨਾਂਅ ਬਦਲ ਕੇ ਜੱਸਾ ਸਿੰਘ ਰਾਮਗੜ੍ਹੀਆ ਚੌਕ ਰੱਖ ਦਿੱਤਾ ਗਿਆ ਹੈ।**






# ਅੱਲ੍ਹੜ ਮੁੰਡਿਆਂ ਵਿੱਚ ਵਧ ਰਿਹਾ ਸਰੀਰਕ ਦਿੱਖ ਦਾ ਦਬਾਅ, ਮਾਹਿਰਾਂ ਵੱਲੋਂ ਮਾਪਿਆਂ ਤੇ ਕੋਚਾਂ ਨੂੰ ਚੌਕਸ ਰਹਿਣ ਦੀ ਸਲਾਹ

## ਮਾਸਪੇਸ਼ੀਆਂ ਵਧਾਉਣ ਦਾ ਖ਼ਤਰਨਾਕ ਜਨੂੰਨ: ਹਾਰਵਰਡ ਦੇ ਮਾਹਿਰ ਡਾ. ਰੌਬਰਟ ਨੇ ਨੌਜਵਾਨਾਂ ਦੀ ਸਿਹਤ 'ਤੇ ਜਤਾਈ ਚਿੰਤਾ

## ਸਟੀਰੌਇਡਜ਼ ਤੇ ਘੰਟਿਆਂ ਬੱਧੀ ਜਿਮ ਕਾਰਨ ਖ਼ਤਰੇ ਵਿੱਚ ਪੈ ਰਹੀ ਨੌਜਵਾਨ ਪੀੜ੍ਹੀ ਦੀ ਜਾਨ








ਅਜੋਕੇ ਡਿਜੀਟਲ ਅਤੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਨੌਜਵਾਨਾਂ ਅੰਦਰ ਸਰੀਰਕ ਦਿੱਖ, ਖ਼ਾਸ ਕਰਕੇ ਵੱਡੀਆਂ ਮਾਸਪੇਸ਼ੀਆਂ ਅਤੇ ਭਾਰੇ ਡੌਲਿਆਂ ਨੂੰ ਵਿਕਸਿਤ ਕਰਨ ਦੀ ਅੰਨ੍ਹੀ ਦੌੜ ਇੱਕ ਗੰਭੀਰ ਸਮਾਜਿਕ ਅਤੇ ਸਿਹਤ ਸੰਕਟ ਵਜੋਂ ਉੱਭਰ ਰਹੀ ਹੈ। ਦਹਾਕਿਆਂ ਤੋਂ ਸਮਾਜ ਵਿੱਚ ਇਹ ਧਾਰਨਾ ਰਹੀ ਹੈ ਕਿ ਸਰੀਰਕ ਬਣਤਰ ਜਾਂ ਖਾਣ-ਪੀਣ ਨਾਲ ਜੁੜੇ ਵਿਗਾੜ (ਜਿਵੇਂ ਐਨੋਰੈਕਸੀਆ ਜਾਂ ਬੁਲੀਮੀਆ) ਸਿਰਫ਼ ਲੜਕੀਆਂ ਜਾਂ ਮੁਟਿਆਰਾਂ ਤੱਕ ਹੀ ਸੀਮਤ ਹੁੰਦੇ ਹਨ, ਜਿੱਥੇ ਪਤਲੇ ਦਿਖਣ ਦਾ ਦਬਾਅ ਹੁੰਦਾ ਹੈ। ਪਰ ਮੌਜੂਦਾ ਸਮੇਂ ਦੀ ਹਕੀਕਤ ਇਸ ਤੋਂ ਬਿਲਕੁਲ ਉਲਟ ਅਤੇ ਚਿੰਤਾਜਨਕ ਹੈ। ਅੱਜ ਕਿਸ਼ੋਰ ਅਤੇ ਨੌਜਵਾਨ ਮੁੰਡੇ ਖ਼ਤਰਨਾਕ ਦਬਾਅ ਦੀ ਲਪੇਟ ਵਿੱਚ ਆ ਰਹੇ ਹਨ, ਜਿੱਥੇ ਉਨ੍ਹਾਂ ਦੀ ਮਰਦਾਨਗੀ, ਸਮਾਜਿਕ ਸਵੀਕਾਰਤਾ ਅਤੇ ਸਵੈ-ਮਾਣ ਨੂੰ ਕੇਵਲ ਸਰੀਰ ਦੇ ਆਕਾਰ ਅਤੇ ਮਾਸਪੇਸ਼ੀਆਂ ਦੀ ਮਜ਼ਬੂਤੀ ਨਾਲ ਤੋਲਿਆ ਜਾ ਰਿਹਾ ਹੈ।

ਇਸ ਪੂਰੇ ਵਰਤਾਰੇ ਦੀ ਜੜ੍ਹ 1970 ਅਤੇ 80 ਦੇ ਦਹਾਕੇ ਦੇ ਉਸ ਸਿਨੇਮਾਈ ਸੱਭਿਆਚਾਰ ਵਿੱਚ ਪਈ ਹੈ ਜਿੱਥੇ ਆਰਨੋਲਡ ਸ਼ਵਾਰਜ਼ਨੇਗਰ ਅਤੇ ਸਿਲਵੇਸਟਰ ਸਟੈਲੋਨ ਵਰਗੇ ਸਿਤਾਰਿਆਂ ਨੇ 'ਅਤਿ-ਮਾਸਪੇਸ਼ੀਦਾਰ' ਸਰੀਰ ਨੂੰ ਹੀ ਅਸਲ ਮਰਦਾਨਗੀ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ। ਪਰ ਅੱਜ ਦੇ ਦੌਰ ਵਿੱਚ ਸੋਸ਼ਲ ਮੀਡੀਆ ਦੇ ਐਲਗੋਰਿਦਮ ਅਤੇ ਅਖੌਤੀ 'ਮੈਨੋਸਫੀਅਰ' ਨੇ ਇਸ ਰੁਝਾਨ ਨੂੰ ਅੱਗ ਵਾਂਗ ਫੈਲਾ ਦਿੱਤਾ ਹੈ। ਇੰਸਟਾਗ੍ਰਾਮ, ਟਿਕਟੌਕ ਅਤੇ ਯੂਟਿਊਬ ਵਰਗੇ ਪਲੇਟਫਾਰਮਾਂ 'ਤੇ ਲੱਖਾਂ ਫਾਲੋਅਰਜ਼ ਵਾਲੇ ਅਣ-ਪ੍ਰਮਾਣਿਤ ਫਿਟਨੈਸ ਇਨਫਲੂਐਂਸਰ ਨੌਜਵਾਨਾਂ ਨੂੰ ਇਹ ਭਰਮ ਵੇਚ ਰਹੇ ਹਨ ਕਿ ਵੱਡੀਆਂ ਮਾਸਪੇਸ਼ੀਆਂ ਹੀ ਤਾਕਤ, ਇੱਜ਼ਤ, ਪ੍ਰਸਿੱਧੀ ਅਤੇ ਔਰਤਾਂ ਦਾ ਧਿਆਨ ਖਿੱਚਣ ਦਾ ਇੱਕੋ-ਇੱਕ ਜ਼ਰੀਆ ਹਨ।

ਦੁੱਖ ਦੀ ਗੱਲ ਇਹ ਹੈ ਕਿ 10 ਤੋਂ 15 ਸਾਲ ਦੀ ਉਮਰ ਦੇ ਮਾਸੂਮ ਅਤੇ ਸੰਵੇਦਨਸ਼ੀਲ ਬੱਚੇ ਵਿਗਿਆਨਕ ਡਾਕਟਰੀ ਸਲਾਹਾਂ ਨੂੰ ਛੱਡ ਕੇ ਇਨ੍ਹਾਂ ਨਕਲੀ ਅਤੇ ਫਿਲਟਰ ਕੀਤੇ ਇਨਫਲੂਐਂਸਰਾਂ ਦੇ ਪ੍ਰਭਾਵ ਹੇਠ ਆ ਕੇ ਆਪਣੇ ਸਰੀਰ ਨਾਲ ਇੱਕ ਗੈਰ-ਕੁਦਰਤੀ ਚੱਕਰ ਵਿੱਚ ਫਸ ਗਏ ਹਨ।

ਇਸ ਮਾਨਸਿਕ ਵਿਗਾੜ ਨੂੰ ਮਨੋਵਿਗਿਆਨ ਦੀ ਭਾਸ਼ਾ ਵਿੱਚ ਮਸਲ ਡਿਸਮੌਰਫੀਆ ਜਾਂ ਬਿੱਗੋਰੈਕਸੀਆ ਕਿਹਾ ਜਾਂਦਾ ਹੈ। ਇਹ ਇੱਕ ਅਜਿਹੀ ਹਾਲਤ ਹੈ ਜਿੱਥੇ ਇੱਕ ਨੌਜਵਾਨ ਦਾ ਸਰੀਰ ਪੂਰੀ ਤਰ੍ਹਾਂ ਤੰਦਰੁਸਤ ਅਤੇ ਵਿਕਸਿਤ ਹੋਣ ਦੇ ਬਾਵਜੂਦ, ਸ਼ੀਸ਼ੇ ਵਿੱਚ ਦੇਖਣ 'ਤੇ ਉਹ ਖ਼ੁਦ ਨੂੰ ਕਮਜ਼ੋਰ, ਪਤਲਾ ਅਤੇ ਅਧੂਰਾ ਹੀ ਮਹਿਸੂਸ ਕਰਦਾ ਹੈ। ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸਾਡਾ ਸਮਾਜ ਇਸ ਬਿਮਾਰੀ ਨੂੰ ਸਮਝਣ ਵਿੱਚ ਅਸਫ਼ਲ ਰਹਿੰਦਾ ਹੈ। ਜਦੋਂ ਕੋਈ ਨੌਜਵਾਨ ਦਿਨ-ਰਾਤ ਜਿਮ ਵਿੱਚ ਪਸੀਨਾ ਵਹਾਉਂਦਾ ਹੈ, ਤਾਂ ਲੋਕ ਇਸ ਨੂੰ ਮਾਨਸਿਕ ਤਣਾਅ ਸਮਝਣ ਦੀ ਬਜਾਏ ਉਸ ਦੇ 'ਅਨੁਸ਼ਾਸਨ' ਅਤੇ 'ਮਜ਼ਬੂਤ ਇੱਛਾ-ਸ਼ਕਤੀ' ਦੀ ਤਾਰੀਫ਼ ਕਰਦੇ ਹਨ। ਸਮਾਜਿਕ ਪ੍ਰਸ਼ੰਸਾ ਦੀ ਲਪੇਟ ਵਿੱਚ ਆਇਆ ਨੌਜਵਾਨ ਬਿਮਾਰੀਆਂ ਵਿਚ ਘਿਰ ਜਾਂਦਾ ਹੈ।



ਡਾ. ਰੌਬਰਟ ਓਲੀਵਾਰਡੀਆ ਅਮਰੀਕਾ ਦੇ ਇੱਕ ਪ੍ਰਸਿੱਧ ਕਲੀਨਿਕਲ ਮਨੋਵਿਗਿਆਨੀ, ਖੋਜਕਰਤਾ ਅਤੇ ਲੇਖਕ ਹਨ। ਉਹ ਹਾਰਵਰਡ ਮੈਡੀਕਲ ਸਕੂਲ ਦੇ ਮਨੋਵਿਗਿਆਨ ਵਿਭਾਗ ਵਿੱਚ ਕਲੀਨਿਕਲ ਇੰਸਟ੍ਰਕਟਰ ਵਜੋਂ ਸੇਵਾ ਨਿਭਾ ਰਹੇ ਹਨ। ਉਹ ਪਿਛਲੇ 30 ਸਾਲਾਂ ਤੋਂ ਸਰੀਰਕ ਦਿੱਖ ਨਾਲ ਜੁੜੇ ਵਿਗਾੜਾਂ 'ਤੇ ਅਧਿਐਨ ਕਰ ਰਹੇ ਹਨ ਅਤੇ ਉਨ੍ਹਾਂ ਨੇ 'ਦੀ ਐਡੋਨਿਸ ਕੌਂਪਲੈਕਸ' ਨਾਮ ਦੀ ਕਿਤਾਬ ਵੀ ਲਿਖੀ ਹੈ। ਉਨ੍ਹਾਂ ਦੀ ਰਾਇ ਹੈ ਕਿ ਮੁੰਡਿਆਂ ਵਿੱਚ ਇਹ ਭੁਲੇਖਾ ਤੇਜ਼ੀ ਨਾਲ ਵੱਧ ਰਿਹਾ ਹੈ ਕਿ ਉਹ ਬਹੁਤ ਪਤਲੇ ਜਾਂ ਕਮਜ਼ੋਰ ਹਨ, ਜਦਕਿ ਅਸਲ ਵਿੱਚ ਉਨ੍ਹਾਂ ਦੀਆਂ ਮਾਸਪੇਸ਼ੀਆਂ ਕਾਫ਼ੀ ਵਿਕਸਿਤ ਹੁੰਦੀਆਂ ਹਨ। ਉਹ ਹਮੇਸ਼ਾ ਇਸ ਡਰ ਵਿੱਚ ਰਹਿੰਦੇ ਹਨ ਕਿ ਅਗਲੇ ਦਿਨ ਉਹ ਅਚਾਨਕ ਛੋਟੇ ਜਾਂ ਕਮਜ਼ੋਰ ਦਿਸਣ ਲੱਗ ਪੈਣਗੇ। ਸੋਸ਼ਲ ਮੀਡੀਆ 'ਤੇ ਬਿਨਾਂ ਕਿਸੇ ਵਿਗਿਆਨਕ ਆਧਾਰ ਦੇ ਗ਼ਲਤ ਸਲਾਹਾਂ ਦੇਣ ਵਾਲੇ ਇਨਫਲੂਐਂਸਰਾਂ ਕਾਰਨ ਹੁਣ 10 ਸਾਲ ਤੱਕ ਦੇ ਛੋਟੇ ਬੱਚੇ ਵੀ ਆਪਣੇ ਸਰੀਰ ਨੂੰ ਲੈ ਕੇ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਮਾਜ ਕੁੜੀਆਂ ਦੇ ਪਤਲੇ ਹੋਣ ਦੇ ਵਿਗਾੜ (ਐਨੋਰੈਕਸੀਆ) ਨੂੰ ਤਾਂ ਪਛਾਣ ਲੈਂਦਾ ਹੈ, ਪਰ ਮੁੰਡਿਆਂ ਦੇ ਇਸ ਜਨੂੰਨ ਨੂੰ 'ਅਨੁਸ਼ਾਸਨ' ਅਤੇ 'ਇੱਛਾ-ਸ਼ਕਤੀ' ਸਮਝ ਕੇ ਤਾਰੀਫ਼ ਕਰਦਾ ਹੈ, ਜੋ ਕਿ ਇੱਕ ਗੰਭੀਰ ਭੁੱਲ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਦਿਨ ਵਿੱਚ ਪੰਜ-ਛੇ ਘੰਟੇ ਭਾਰ ਚੁੱਕਣਾ ਸਰੀਰਕ ਅਤੇ ਮਾਨਸਿਕ ਥਕਾਵਟ ਦਾ ਕਾਰਨ ਬਣਦਾ ਹੈ। ਇਸ ਤੋਂ ਇਲਾਵਾ, ਤੇਜ਼ੀ ਨਾਲ ਸਰੀਰ ਬਣਾਉਣ ਲਈ ਸਟੀਰੌਇਡਜ਼ ਅਤੇ ਦਰਦ ਤੋਂ ਰਾਹਤ ਲਈ ਨਸ਼ੀਲੀਆਂ ਦਰਦ ਨਿਵਾਰਕ ਦਵਾਈਆਂ (ਓਪਿਓਇਡਜ਼) ਲੈਣ ਦੀ ਲਤ ਲੱਗ ਰਹੀ ਹੈ।

ਕਸਰਤ ਕਰਨਾ ਅਤੇ ਚੰਗੀ ਖ਼ੁਰਾਕ ਲੈਣਾ ਚੰਗੀ ਗੱਲ ਹੈ, ਪਰ ਇੱਕ ਘੰਟੇ ਦੀ ਥਾਂ ਦਸ ਘੰਟੇ ਕਸਰਤ ਕਰਨਾ ਸਿਹਤ ਲਈ ਨੁਕਸਾਨਦੇਹ ਹੈ। ਮਾਪਿਆਂ ਅਤੇ ਕੋਚਾਂ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਕੀ ਕਸਰਤ ਦਾ ਇਹ ਜਨੂੰਨ ਨੌਜਵਾਨ ਦੀ ਪੜ੍ਹਾਈ ਅਤੇ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਿਤ ਤਾਂ ਨਹੀਂ ਕਰ ਰਿਹਾ।ਇਸ ਤੋਂ ਇਲਾਵਾ, ਹੱਦੋਂ ਵੱਧ ਕਸਰਤ ਕਾਰਨ ਹੋਣ ਵਾਲੇ ਅਸਹਿ ਸਰੀਰਕ ਦਰਦ ਨੂੰ ਦਬਾਉਣ ਲਈ ਓਪੀਓਇਡ (ਦਰਦ ਨਿਵਾਰਕ ਨਸ਼ੀਲੀਆਂ ਦਵਾਈਆਂ) ਦੀ ਲਤ ਲੱਗਣ ਦੇ ਮਾਮਲੇ ਵੀ ਤੇਜ਼ੀ ਨਾਲ ਵਧ ਰਹੇ ਹਨ। ਇਹ ਗੈਰ-ਕੁਦਰਤੀ ਤਰੀਕੇ ਨੌਜਵਾਨਾਂ ਦੇ ਗੁਰਦਿਆਂ, ਲਿਵਰ, ਦਿਲ ਦੇ ਦੌਰੇ ਅਤੇ ਮਾਨਸਿਕ ਡਿਪਰੈਸ਼ਨ ਦਾ ਕਾਰਨ ਬਣ ਰਹੇ ਹਨ। ਮਸਲ ਡਿਸਮੌਰਫੀਆ ਤੋਂ ਪੀੜਤ ਵਿਅਕਤੀ ਆਪਣੇ ਸਰੀਰ ਨੂੰ ਲੈ ਕੇ ਲਗਾਤਾਰ ਹੀਣ-ਭਾਵਨਾ, ਇਕੱਲੇਪਣ ਅਤੇ ਮਾਨਸਿਕ ਤਣਾਅ ਵਿੱਚ ਰਹਿੰਦਾ ਹੈ। ਜਦੋਂ ਮਨਚਾਹੇ ਨਤੀਜੇ ਨਹੀਂ ਮਿਲਦੇ ਜਾਂ ਸਟੀਰੌਇਡਜ਼ ਛੱਡਣ ਤੋਂ ਬਾਅਦ ਸਰੀਰ ਦਾ ਆਕਾਰ ਘਟਣ ਲੱਗਦਾ ਹੈ, ਤਾਂ ਹਾਰਮੋਨਲ ਅਸੰਤੁਲਨ ਕਾਰਨ ਗੰਭੀਰ ਡਿਪਰੈਸ਼ਨ ਪੈਦਾ ਹੁੰਦਾ ਹੈ, ਜੋ ਕਈ ਵਾਰ ਖ਼ੁਦਕੁਸ਼ੀ ਵਰਗੇ ਕਦਮਾਂ ਵੱਲ ਲੈ ਜਾਂਦਾ ਹੈ।ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਪੋਰਟਸ ਮੈਡੀਸਨ ਅਤੇ ਫਿਜ਼ੀਓਥੈਰੇਪੀ ਵਿਭਾਗ ਦੇ ਮਾਹਿਰਾਂ ਵੱਲੋਂ ਕੀਤੇ ਗਏ ਇੱਕ ਵਿਸ਼ੇਸ਼ ਅਧਿਐਨ ਮੁਤਾਬਕ ਲਗਭਗ 47 ਫ਼ੀਸਦੀ ਭਾਰਤੀ ਬਾਡੀਬਿਲਡਰ ਇਸ ਮਾਨਸਿਕ ਸਮੱਸਿਆ ਦੇ ਲੱਛਣਾਂ ਨਾਲ ਜੂਝ ਰਹੇ ਹਨ। ਇਹ ਖੋਜ ਡਾ. ਜਸਪਾਲ ਸਿੰਘ ਸੰਧੂ, ਸਾਈਂ ਕਿਸ਼ੋਰ, ਸ਼ਵੇਤਾ ਸ਼ੇਨੋਏ ਅਤੇ ਹਰਵਿੰਦਰ ਸਿੰਘ ਰੰਧਾਵਾ ਵੱਲੋਂ ਕੀਤੀ ਗਈ ਹੈ, ਜੋ ਕਿ ਜਰਨਲ ਆਫ਼ ਪੋਸਟ ਗ੍ਰੈਜੂਏਟ ਮੈਡੀਸਨ ਐਜੂਕੇਸ਼ਨ ਐਂਡ ਰਿਸਰਚ ਵਿੱਚ ਪ੍ਰਕਾਸ਼ਿਤ ਹੋਈ ਹੈ।

ਖੋਜ ਦੌਰਾਨ ਅੰਮ੍ਰਿਤਸਰ (ਪੰਜਾਬ) ਦੇ 149 ਅਤੇ ਚੇਨਈ (ਤਾਮਿਲਨਾਡੂ) ਦੇ 63 ਸਮੇਤ ਕੁੱਲ 212 ਬਾਡੀਬਿਲਡਰਾਂ ਦੇ ਡਾਟਾ ਦੀ ਜਾਂਚ ਕੀਤੀ ਗਈ। ਇਨ੍ਹਾਂ ਵਿੱਚੋਂ 47.1 ਫ਼ੀਸਦੀ ਬਾਡੀਬਿਲਡਰਾਂ ਵਿੱਚ ਮਸਲ ਡਿਸਮੌਰਫੀਆ ਦੇ ਲੱਛਣ ਪਾਏ ਗਏ।

ਆਸਟਰੀਆ ਦੀ ਕੰਪਿਊਟਰਾਈਜ਼ਡ ਵਿਆਨਾ ਟੈਸਟਿੰਗ ਸਿਸਟਮ ਮਸ਼ੀਨ ਰਾਹੀਂ ਕੀਤੇ ਮਨੋਵਿਗਿਆਨਕ ਵਿਸ਼ਲੇਸ਼ਣ ਤੋਂ ਸਾਹਮਣੇ ਆਇਆ ਕਿ ਮਸਲ ਡਿਸਮੌਰਫੀਆ ਤੋਂ ਪੀੜਤ 65 ਫ਼ੀਸਦੀ ਬਾਡੀਬਿਲਡਰ 'ਐਕਸਟ੍ਰੋਵਰਟ' (ਬਾਹਰਮੁਖੀ/ਮਿਲਣਸਾਰ) ਸ਼ਖ਼ਸੀਅਤ ਵਾਲੇ ਸਨ। ਇਸ ਤੋਂ ਇਲਾਵਾ 21 ਫ਼ੀਸਦੀ ਭਾਵਨਾਤਮਕ ਅਤੇ 13 ਫ਼ੀਸਦੀ ਸਾਹਸੀ ਸੁਭਾਅ ਵਾਲੇ ਪਾਏ ਗਏ।

ਅਧਿਐਨ ਵਿੱਚ ਇਹ ਸਿੱਧ ਹੋਇਆ ਕਿ ਬਾਹਰਮੁਖੀ ਸੁਭਾਅ ਵਾਲੇ ਬਾਡੀਬਿਲਡਰ ਕਸਰਤ ਦੌਰਾਨ ਤਾਕਤ ਵਧਾਉਣ ਲਈ ਖ਼ੁਰਾਕੀ ਸਪਲੀਮੈਂਟਾਂ ਦੀ ਵਰਤੋਂ ਵੱਲ ਜ਼ਿਆਦਾ ਝੁਕਾਅ ਰੱਖਦੇ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਮਾਪੇ, ਸਕੂਲ, ਅਧਿਆਪਕ ਅਤੇ ਜਿਮ ਟ੍ਰੇਨਰ ਇਸ ਅਦਿੱਖ ਖ਼ਤਰੇ ਦੀ ਗੰਭੀਰਤਾ ਨੂੰ ਸਮਝਣ। ਜੇਕਰ ਕੋਈ ਬੱਚਾ ਆਪਣੀ ਸਰੀਰਕ ਬਣਤਰ ਨੂੰ ਲੈ ਕੇ ਲਗਾਤਾਰ ਹੀਣ-ਭਾਵਨਾ ਦਾ ਸ਼ਿਕਾਰ ਹੈ, ਆਮ ਨਾਲੋਂ ਵੱਧ ਸਮਾਂ ਜਿਮ ਵਿੱਚ ਬਿਤਾ ਰਿਹਾ ਹੈ ਜਾਂ ਉਸ ਦੀ ਖੁਰਾਕ ਅਸੰਤੁਲਿਤ ਹੋ ਰਹੀ ਹੈ, ਤਾਂ ਉਸ ਨੂੰ ਡਾਂਟਣ ਜਾਂ ਨਜ਼ਰਅੰਦਾਜ਼ ਕਰਨ ਦੀ ਬਜਾਏ ਉਸ ਨਾਲ ਖੁੱਲ੍ਹ ਕੇ ਸੰਵਾਦ ਰਚਾਉਣ ਦੀ ਲੋੜ ਹੈ। ਨੌਜਵਾਨਾਂ ਨੂੰ ਇਹ ਗੱਲ ਦ੍ਰਿੜ੍ਹ ਕਰਵਾਉਣੀ ਪਵੇਗੀ ਕਿ ਸਰੀਰਕ ਤੰਦਰੁਸਤੀ ਦਾ ਮਤਲਬ ਮਹਿਜ਼ ਕੈਮਰੇ ਅੱਗੇ ਡੌਲੇ ਵਿਖਾਉਣਾ ਨਹੀਂ, ਸਗੋਂ ਅੰਦਰੂਨੀ ਨਰੋਆਪਣ, ਪੌਸ਼ਟਿਕ ਖ਼ੁਰਾਕ, ਪੂਰੀ ਨੀਂਦ ਅਤੇ ਮਾਨਸਿਕ ਸ਼ਾਂਤੀ ਹੈ। ਜੇਕਰ ਅਸੀਂ ਅੱਜ ਆਪਣੀ ਨੌਜਵਾਨ ਪੀੜ੍ਹੀ ਨੂੰ ਦਿੱਖ ਦੇ ਇਸ ਝੂਠੇ ਜਾਲ ਵਿੱਚੋਂ ਬਾਹਰ ਨਾ ਕੱਢਿਆ, ਤਾਂ ਅਸੀਂ ਸਰੀਰਕ ਤੌਰ 'ਤੇ ਵਿਸ਼ਾਲ ਪਰ ਮਾਨਸਿਕ ਤੌਰ 'ਤੇ ਟੁੱਟੀ ਹੋਈ ਇੱਕ ਬਿਮਾਰ ਪੀੜ੍ਹੀ ਦੀ ਸਿਰਜਣਾ ਕਰ ਬੈਠਾਂਗੇ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE





FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸਥਾਪਨਾ ਕੀਰਤਪੁਰ ਸਾਹਿਬ

ਕੀਰਤਪੁਰ ਸਾਹਿਬ ਸਿੱਖਾਂ ਦੇ ਮਹੱਤਵਪੂਰਨ ਧਾਰਮਿਕ ਸਥਾਨਾਂ ਵਿਚੋਂ ਇੱਕ ਹੈ। ਜਿਸ ਦੀ ਸਥਾਪਨਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਤੀ। ਹਾਲਾਂਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਕਰਤਾਰਪੁਰ ਨੇੜੇ ਜਲੰਧਰ ਰਹਿੰਦੇ ਸਨ। ਕਰਤਾਰਪੁਰ ਦੀ ਜੰਗ ਤੋਂ ਬਾਅਦ ਕੀਰਤਪੁਰ ਸਾਹਿਬ ਰਹਿਣ ਲੱਗੇ ਅਤੇ ਆਪਣੇ ਜੀਵਨ ਦੇ ਆਖਰੀ ਸਾਲ ਵੀ ਇੱਥੇ ਹੀ ਬਿਤਾਏ। ਗੁਰੂ ਹਰਿਰਾਇ ਸਾਹਿਬ ਜੀ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਆਗਮਨ ਇੱਥੇ ਹੋਇਆ ਅਤੇ ਗੁਰ ਗੱਦੀਆਂ ਪ੍ਰਾਪਤ ਹੋਈਆਂ। ਗੁਰੂ ਨਾਨਕ ਦੇਵ ਜੀ ਸੋਲਵੀਂ ਸਦੀ ਵਿੱਚ ਇੱਥੇ ਆਏ, ਉਦੋਂ ਲਗਭਗ ਉਜਾੜ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਵੀ ਆਉਣਾ ਜਾਣਾ ਰਿਹਾ। ਉਦਾਸੀ ਸੰਪਰਦਾਇ ਦੇ ਸੰਸਥਾਪਕ ਬਾਬਾ ਸ੍ਰੀ ਚੰਦ ਜੀ ਅਤੇ ਉਹਨਾਂ ਦੇ ਉਤਰਾਧਿਕਾਰੀ ਬਾਬਾ ਗੁਰਦਿੱਤਾ ਜੀ ਵੀ ਕਾਫ਼ੀ ਸਮਾਂ ਰਹੇ। ਗੁਰੂ ਹਰਿ ਰਾਇ ਸਾਹਿਬ ਜੀ ਦੀ ਸਪੁੱਤਰੀ ਬੀਬੀ ਰੂਪ ਕੌਰ ਨੇ ਆਪਣਾ ਸਾਰਾ ਜੀਵਨ ਇੱਥੇ ਗੁਜਾਰਿਆ। ਇਹ ਸਥਾਨ ਸੰਨ 1635-1665 ਤੱਕ ਛੇਵੇਂ, ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬਾਨ ਦੇ ਗੁਰੂ ਕਾਲ ਵਿੱਚ ਤੀਹ ਸਾਲ ਸਿੱਖ ਗਤੀਵਿਧੀਆਂ ਦਾ ਕੇਂਦਰ ਬਿੰਦੂ ਰਿਹਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 23 ਅਪ੍ਰੈਲ 1624 ਨੂੰ ਕੀਰਤਪੁਰ ਸਾਹਿਬ ਦੀ ਸਥਾਪਨਾ ਕੀਤੀ। ਕੀਰਤਪੁਰ ਸਾਹਿਬ ਦੀ ਜ਼ਮੀਨ ਕੋਹਿਲੂਰ ਦੇ ਰਾਜਾ ਤਾਰਾ ਚੰਦ ਪਾਸੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਵੱਲੋਂ ਖਰੀਦੀ ਗਈ ਸੀ। ਕੀਰਤਪੁਰ ਸਾਹਿਬ ਜੋ ਕਿ ਆਨੰਦਪੁਰ ਸਾਹਿਬ ਦੇ ਦੱਖਣ ਵਿੱਚ ਲਗਭਗ 9 ਕਿਲੋਮੀਟਰ ਅਤੇ ਰੋਪੜ ਨੰਗਲ ਮੁੱਖ ਮਾਰਗ 'ਤੇ ਰੋਪੜ ਦੇ ਉੱਤਰ ਵਿੱਚ ਕਰੀਬ 30 ਕਿਲੋਮੀਟਰ ਦੂਰ ਸਤਿਲੁੱਜ ਦਰਿਆ ਦੇ ਖੱਬੇ ਕੰਢੇ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਤਲਹਟੀ ਵਿੱਚ ਸਥਿਤ ਹੈ। ਇਸ ਕਸਬੇ ਨੂੰ ਵਸਾਉਣ ਲਈ ਬਾਬਾ ਗੁਰਦਿੱਤਾ ਜੀ ਅਤੇ ਬਾਬਾ ਸ੍ਰੀ ਚੰਦ ਜੀ ਦਾ ਪੂਰਨ ਸਹਿਯੋਗ ਰਿਹਾ। ਇਸ ਜ਼ਮੀਨ ਵਿੱਚ ਸ਼ੁਰੂ ਵਿੱਚ ਚਾਰ ਪਿੰਡ ਜੀਉਵਾਲ, ਕਲਿਆਣਪੁਰ, ਭਟੋਲੀਆ ਅਤੇ ਭਾਗੋਵਾਲਾ ਸ਼ਾਮਲ ਸਨ।

ਇਸ ਸਥਾਨ ਦੀ ਮਹੱਤਤਾ ਕੀਰਤਪੁਰ ਦੀ ਮਹਾਨ ਸਿੱਖ ਜੰਗ 1634 ਕਰਕੇ ਵੀ ਹੈ ਕਿ 1634 ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਕੁਰਕਸ਼ੇਤਰ ਤੋਂ ਵਾਪਸ ਕੀਰਤਪੁਰ ਸਾਹਿਬ ਦੀ ਯਾਤਰਾ ਕਰ ਰਹੇ ਸਨ। ਰੋਪੜ ਦੇ ਮੁਗਲ ਪਠਾਣ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਹਰਮਨ ਪਿਆਰਤਾ ਦੀ ਪ੍ਰਸਿੱਧੀ ਤੋਂ ਈਰਖਾ ਕਰਦੇ ਸਨ। ਉਹਨਾਂ ਨੇ ਖਰੜ ਦੇ ਨੇੜੇ ਦੇ ਪਿੰਡਾਂ ਵਿੱਚ ਗੁਰੂ ਸਾਹਿਬ ਜੀ 'ਤੇ ਹਮਲੇ ਦੀ ਯੋਜਨਾ ਬਣਾਈ। ਕੁਝ ਸਿੱਖ 1632 ਤੋਂ ਪਿੰਡ ਨਾਗਲ ਸਿੰਘਾਂ ਵਿੱਚ ਰਹਿ ਰਹੇ ਸਨ। ਉਹਨਾਂ ਨੂੰ ਪਠਾਣਾਂ ਦੀ ਕੋਝੀ ਚਾਲ ਦੀ ਖ਼ਬਰ ਸੀ। ਸਿੱਖਾਂ ਨੇ ਪਠਾਣਾ ਦੇ ਮਹਲੇ ਨੂੰ ਨਾਕਾਮ ਕਰਨ ਦੀ ਤਿਆਰੀ ਕਰ ਲਈ ਸੀ। ਪਡਿਆਲਾ ਵਿਖੇ ਭਿਆਨਕ ਖੂਨੀ ਜੰਗ ਹੋਈ। ਸਿੱਖ ਆਪਣੇ ਖੂਨ ਵਹਾ ਕੇ ਪਠਾਣਾ ਨਾਲ ਲੜੇ। ਗੁਰੂ ਸਾਹਿਬ ਲਈ ਕੀਰਤਪੁਰ ਸਾਹਿਬ ਦਾ ਰਸਤਾ ਸੁਰੱਖਿਅਤ ਕਰ ਦਿੱਤਾ। ਜਦੋਂ ਗੁਰੂ ਸਾਹਿਬ ਪਡਿਆਲਾ ਦੇ ਸਥਾਨ 'ਤੇ ਪਹੁੰਚੇ ਤਾਂ ਉਹਨਾਂ ਸ਼ਹੀਦ ਸਿੰਘਾਂ ਨੂੰ ਆਸ਼ੀਰਵਾਦ ਦਿੱਤਾ। ਸ਼ਹੀਦ ਸਿੰਘਾਂ ਦੇ ਸਸਕਾਰ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਬ੍ਰਾਹਮਣ ਮਾਜਰਾ ਵੱਲ ਚਲੇ ਗਏ। ਪਡਿਆਲਾ ਦੇ ਜੰਗੀ ਸਥਾਨ ਤੋਂ ਗੁਰਦੁਆਰਾ ਝੰਡਾ ਸਾਹਿਬ ਸਥਾਪਤ ਹੈ ਜੋ ਕੁਰਾਲੀ ਤੋਂ 4 ਕਿਲੋਮੀਟਰ ਅਤੇ ਚੰਡੀਗੜ੍ਹ ਤੋਂ ਲਗਰਭਗ 20 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਨਾਲ ਸਬੰਧਿਤ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ 1665 ਵਿੱਚ ਆਪਣੇ ਮਹਿਲ ਅਤੇ ਹੋਰ ਸਿੱਖਾਂ ਨਾਲ ਕੀਰਤਪੁਰ ਸਾਹਿਬ ਤੋਂ ਦਿੱਲੀ ਜਾਂਦੇ ਸਮੇਂ ਇਸ ਸਥਾਨ 'ਤੇ ਆਏ ਸਨ। ਗੁਰੂ ਤੇਗ ਬਹਾਦਰ ਜੀ ਇੱਥੋਂ ਪਿੰਡ ਘੰਡੂਆਂ ਗਏ।

ਕੀਰਤਪੁਰ ਸਾਹਿਬ ਵਿੱਚ ਇਤਿਹਾਸਿਕ ਮਹੱਤਵ ਵਾਲੇ ਗੁਰਦੁਆਰੇ ਹਨ। ਜਿਹਨਾਂ ਦੀ ਸੰਖੇਪ ਜਾਣਕਾਰੀ ਇਸ ਤਰ੍ਹਾਂ ਹੈ-

1.ਗੁਰਦੁਆਰਾ ਚਰਨ ਕਮਲ ਸਾਹਿਬ: ਇਹ ਗੁਰੂ ਨਾਨਕ ਦੇਵ ਜੀ ਦੀਆਂ ਅਧਿਆਤਮਕ ਯਾਤਰਾਵਾਂ ਦੌਰਾਨ ਇਸ ਸਥਾਨ 'ਤੇ ਆਉਣ ਦੇ ਸਨਮਾਨ ਵਿੱਚ ਸ਼ਹਿਰ ਦੇ ਉਤਰ ਵੱਲ ਭਾਖੜਾ ਨਹਿਰ ਦੇ ਪਾਰ ਇੱਕ ਟਿੱਲੇ 'ਤੇ ਸਥਿਤ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਆਪਣੇ ਸ਼ਰਧਾਲੂ ਪੰਡਿਤ ਪੈਂਜੂ ਰਾਮ ਦੀ ਬੇਨਤੀ 'ਤੇ ਭਾਈ ਮਰਦਾਨਾ ਜੀ ਨਾਲ ਆਏ ਸਨ। ਉਦੋਂ ਸੋਲਵੀਂ ਸਦੀ ਦੇ ਸ਼ੁਰੂ ਵਿੱਚ ਇਹ ਸਥਾਨ ਲਗਭਗ ਉਜਾੜ ਸੀ। ਇੱਕ ਮੁਸਲਮ ਸੰਤ ਪੀਰ ਬੁੱਢਣ ਸ਼ਾਹ ਜੋ ਨੇੜੇ ਇੱਕ ਪਹਾੜੀ 'ਤੇ ਰਹਿੰਦਾ ਸੀ, ਗੁਰੂ ਸਾਹਿਬ ਜੀ ਨੂੰ ਮਿਲਣ ਆਇਆ। ਉਸ ਨੇ ਗੁਰੂ ਸਾਹਿਬ ਜੀ ਨੂੰ ਦੁੱਧ ਪਿਲਾਇਆ ਅਤੇ ਇੱਕ ਲੰਬਾ ਅਧਿਆਤਮਕ ਪ੍ਰਵਚਨ ਵੀ ਕੀਤਾ। ਕੀਰਤਪੁਰ ਸਾਹਿਬ ਤੋਂ ਇੱਕ ਕਿਲੋਮੀਟਰ ਦੂਰ ਇੱਕ ਪਹਾੜੀ 'ਤੇ ਪੀਰ ਬੁੱਢਣ ਸ਼ਾਹ ਦੀ ਇੱਕ ਯਾਦਗਾਰ ਬਣਾਈ ਗਈ ਹੈ।

2.ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ : ਇਹ ਗੁਰਦੁਆਰਾ ਉਸ ਜਗ੍ਹਾ 'ਤੇ ਬਣਾਇਆ ਗਿਆ ਹੈ ਜੋ ਕਈ ਸਾਲਾਂ ਤੱਕ ਬਾਬਾ ਗੁਰਦਿੱਤਾ ਜੀ ਅਤੇ ਬਾਅਦ ਵਿੱਚ ਗੁਰੂ ਹਰਿ ਰਾਇ ਸਾਹਿਬ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦਾ ਨਿਵਾਸ ਅਸਥਾਨ ਰਿਹਾ। ਇਹ ਕੀਰਤਪੁਰ ਸਾਹਿਬ ਦੀ ਪਹਿਲੀ ਇਮਾਰਤ ਦੀ ਨੀਂਹ ਬਾਬਾ ਸ੍ਰੀ ਚੰਦ ਜੀ ਨੇ ਰੱਖੀ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ 1635 ਵਿੱਚ ਇੱਥੇ ਆਏ ਸਨ। ਗੁਰੂ ਹਰਿਰਾਏ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਆਗਮਨ ਇੱਥੇ ਹੋਇਆ। ਇਹ ਬਾਬਾ ਰਾਮ ਰਾਇ ਜੀ ਅਤੇ ਗੁਰੂ ਹਰਿ ਰਾਇ ਜੀ ਦੇ ਸਪੁੱਤਰ ਅਤੇ ਸਪੁੱਤਰੀ ਬੀਬੀ ਰੂਪ ਕੌਰ ਦਾ ਜਨਮ ਸਥਾਨ ਵੀ ਹੈ।

ਇਹ ਗੁਰਦੁਆਰਾ ਹੋਰ ਗੁਰਦੁਆਰਿਆਂ ਜਿਵੇਂ ਕੋਟ ਸਾਹਿਬ, ਦਮਦਮਾ ਸਾਹਿਬ, ਹਰਿਮੰਦਰ ਸਾਹਿਬ ਅਤੇ ਚਬੂਚਾ ਸਾਹਿਬ ਦੇ ਕੇਂਦਰ ਵਿੱਚ ਹੈ। ਇਹ ਸਾਰੇ ਗੁਰੂ ਸਾਹਿਬਾਨ ਜੀ ਦੇ ਪੁਰਾਣੇ ਘਰ ਦੇ ਗਿਰਦ ਬਣੇ ਹਨ। ਗੁਰਦੁਆਰੇ ਦੀ ਸ਼ਾਨਦਾਰ ਦਿੱਖ ਵਿੱਚ ਚੰਗੀ ਕਿਸਮ ਦੇ ਕੱਚ ਇਸ ਨੂੰ ਸ਼ੀਸ਼ ਮਹਿਲ ਦੀ ਸ਼ਾਨ ਪ੍ਰਦਾਨ ਕਰਦੇ ਹਨ।

3. ਗੁਰਦੁਆਰਾ ਕੋਟ ਤਖ਼ਤ ਸਾਹਿਬ: ਸ਼ੀਸ਼ ਮਹਿਲ ਦੇ ਪਿਛਲੇ ਪਾਸੇ ਸਥਿਤ ਹੈ। ਇਸ ਨੂੰ ਤਖ਼ਤ ਸਾਹਿਬ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇੱਥੇ ਇੱਕ ਕਿਲਾਬੰਦ ਸਿੰਘਾਸਨ ਸਥਾਪਤ ਕਰਵਾਇਆ ਅਤੇ ਇੱਥੋਂ ਅਕਾਲ ਤਖ਼ਤ ਸਾਹਿਬ ਦੇ ਕਾਰਜਾਂ ਨੂੰ ਚਲਾਇਆ। ਸੰਗਤਾਂ ਨਾਲ ਪ੍ਰਵਚਨ ਅਤੇ ਦੂਰ ਦੂਰ ਤੋਂ ਆਏ ਸ਼ਰਧਾਲੂਆਂ ਨੂੰ ਵੀ ਮਿਲਦੇ ਸਨ। ਜੋਤੀ ਜੋਤ ਸਮਾਉਣ ਵੇਲੇ ਆਪਣੇ ਸਪੁੱਤਰ ਗੁਰਦਿੱਤਾ ਜੀ ਦੇ ਸਪੁੱਤਰ ਹਰਿ ਰਾਇ ਜੀ ਅਰਥਾਤ ਆਪਣੇ ਪੋਤੇ ਨੂੰ ਗੁਰਗੱਦੀ ਸੌਂਪੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਵੀ ਇੱਥੇ ਹੀ ਗੁਰਗੱਦੀ ਪ੍ਰਾਪਤ ਕੀਤੀ ਸੀ।

ਤਖ਼ਤ ਸਾਹਿਬ ਇੱਕ ਵਰਗਾਕਾਰ ਕਮਰਾ ਹੈ, ਜੋ ਇੱਕ ਆਇਤਕਾਰ ਹਾਲ ਦੇ ਅੰਤ ਵਿੱਚ ਇੱਕ ਉੱਚੇ ਆਧਾਰ 'ਤੇ ਬਣਿਆ ਹੈ। ਜਿਸ ਦੇ ਵਿਚਕਾਰ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਛੱਤ 'ਤੇ ਤਖ਼ਤ ਸਾਹਿਬ ਦੇ ਉੱਪਰ ਇੱਕ ਸ਼ਾਨਦਾਰ ਚੋਟੀ ਵਾਲਾ ਇੱਕ ਸੁੰਦਰ ਗੁਬੰਦਦਾਰ ਮੰਡਪ ਇਸ ਦੀ ਦਿੱਖ ਦੀ ਸ਼ਾਨ ਵਧਾਉਂਦਾ ਹੈ।

4. ਗੁਰਦੁਆਰਾ ਦਮਦਮਾ ਸਾਹਿਬ : ਜਿਸ ਨੂੰ ਦੀਵਾਨ- ਏ- ਆਮ ਵੀ ਕਿਹਾ ਜਾਂਦਾ ਹੈ। ਇੱਕ ਇਕੱਲੇ ਸਧਾਰਣ ਕਮਰੇ ਵਾਲਾ ਢਾਂਚਾ ਹੈ। ਛੱਤ ਗੁਬੰਦਦਾਰ ਹੈ। ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਤੋਂ ਲਗਭਗ ਵੀਹ ਮੀਟਰ ਪੱਛਮ ਵੱਲ ਹੈ। ਗੁਰੂ ਹਰਿ ਰਾਇ ਸਾਹਿਬ ਆਏ ਯਾਤਰੂਆਂ ਨੂੰ ਮਿਲਦੇ ਅਤੇ ਸੰਗਤ ਨੂੰ ਉਪਦੇਸ਼ ਦਿੰਦੇ ਸਨ। ਇੱਥੇ ਗੁਰੂ ਕਾ ਲੰਗਰ ਰਸੋਈ ਵੀ ਸੀ।

5. ਗੁਰਦੁਆਰਾ ਹਰਿਮੰਦਰ ਸਾਹਿਬ : ਕੋਟ ਤਖ਼ਤ ਸਾਹਿਬ ਦੇ ਸਾਹਮਣੇ ਸਥਿਤ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇੱਥੇ ਨੌ ਲੱਖਾ ਬਾਗ ਉਗਾਇਆ ਸੀ। ਜੋ ਕਿ ਪੌਦਿਆਂ, ਰੁੱਖਾਂ, ਜੜੀਆਂ, ਬੂਟੀਆਂ ਦੇ ਨਾਲ ਨਾਲ ਆਪਣੇ ਚਸ਼ਮੇ ਦੀ ਦਿੱਖ ਨਾਲ ਜਾਣਿਆ ਜਾਂਦਾ ਹੈ। ਗੁਰੂ ਸਾਹਿਬ ਇਕਾਂਤ ਵਿੱਚ ਆਰਾਮ ਕਰਨ ਲਈ ਬਾਗ ਵਿੱਚ ਜਾਂਦੇ ਸਨ। ਇੱਕ ਵਾਰ ਗੁਰੂ ਹਰਿ ਰਾਇ ਸਾਹਿਬ ਜੀ ਨੇ ਚੋਲਾ ਝਾੜਿਆ ਤਾਂ ਪੌਦੇ ਤੋਂ ਇੱਕ ਫੁੱਲ ਡਿੱਗ ਪਿਆ। ਗੁਰੂ ਸਾਹਿਬ ਜੀ ਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਸੁਚੇਤ ਰਹਿਣ ਦੀ ਸਲਾਹ ਦਿੱਤੀ। ਬਾਅਦ ਵਿੱਚ ਗੁਰੂ ਹਰਿ ਰਾਇ ਸਾਹਿਬ ਜੀ ਨੇ ਵੀ ਬਾਗ ਦੀ ਦੇਖਭਾਲ ਕੀਤੀ। ਉਥੇ ਇੱਕ ਚਿੜੀਆ ਘਰ ਅਤੇ ਦਵਾਖਾਨਾ ਵੀ ਸਥਾਪਤ ਕੀਤਾ। ਬਾਦਸ਼ਾਹ ਸ਼ਾਹਜਹਾਂ ਦੇ ਪੁੱਤਰ ਰਾਜ ਕੁਮਾਰ ਦਾਰਾ ਸ਼ਿਕੋਹ ਇੱਥੋਂ ਦੇ ਦਵਾਖਾਨੇ ਹਰੜ ਅਤੇ ਲੌਂਗ ਨਾਲ ਤੰਦਰੁਸਤ ਹੋਇਆ, ਜਦੋਂ ਉਹ ਸਖ਼ਤ ਬਿਮਾਰ ਸੀ। ਗੁਰੂ ਸਾਹਿਬ ਇੱਥੇ ਪ੍ਰਸਿੱਧ ਇਤਿਹਾਸਕਾਰ ਮੋਹਸਿਨ ਫ਼ਾਨੀ ਨੂੰ ਵੀ ਮਿਲੇ ਸਨ।

ਗੁਰਦੁਆਰਾ ਸਾਹਿਬ ਦੀ ਇਮਾਰਤ ਛੋਟੀਆਂ ਇੱਟਾਂ ਨਾਲ ਬਣੀ ਹੋਈ ਹੈ। ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹਨ। ਇਤਿਹਾਸਿਕ ਬਾਉਲੀ ਜਿਸ ਨੂੰ ਗੁਰੂ ਕਾ ਖੂਹ ਕਿਹਾ ਜਾਂਦਾ ਹੈ। ਇਮਾਰਤ ਦੇ ਪਿਛਲੇ ਪਾਸੇ ਸਥਿਤ ਹੈ। ਇੱਕ ਮੀਟਰ ਵਿਆਸ ਅਤੇ ਤੰਗ ਪੌੜੀਆਂ ਵਾਲੀ ਇਹ ਬਾਉਲੀ ਗੁਰੂ ਹਰਿ ਗੋਬਿੰਦ ਜੀ, ਗੁਰੂ ਹਰਿ ਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਪਾਣੀ ਦਾ ਮੁੱਖ ਸਾਧਨ ਸੀ।

6. ਗੁਰਦੁਆਰਾ ਚੁਬਚਾ ਸਾਹਿਬ : ਛੋਟੇ ਜਿਹੇ ਗੁਬੰਦ ਵਾਲਾ ਗੁਰਦੁਆਰਾ ਹੈ। ਇੱਕ ਅਹਾਤੇ ਵਿੱਚ ਦੁਕਾਨਾਂ ਅਤੇ ਰਿਹਾਇਸ਼ੀ ਇਮਾਰਤਾਂ ਵਿਚਕਾਰ ਗੁਰਦੁਅਰਾ ਸ਼ੀਸ਼ ਮਹਿਲ ਸਾਹਿਬ ਤੋਂ ਦੱਖਣ ਪੱਛਮ ਵੱਲ ਥੌੜੀ ਦੂਰ ਹੈ। ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰੂ ਕਾਲ ਵਿੱਚ ਇਹ ਚਾਰਾ ਜਮਾ ਕਰਨ ਅਤੇ ਗੁਰੂ ਜੀ ਦੇ ਰੱਖੇ ਹੋਏ ਪਸ਼ੂਆਂ ਅਤੇ ਘੋੜਿਆਂ ਦੇ ਰਹਿਣ ਲਈ ਵੱਡਾ ਕੋਠਾ ਹੁੰਦਾ ਸੀ। ਜਿਸ ਦੇ ਕੋਲ ਹੀ ਜਾਨਵਰਾਂ ਨੂੰ ਪਾਣੀ ਪਿਲਾਉਣ ਲਈ ਇੱਕ ਵੱਡਾ ਪਾਣੀ ਦਾ ਟੋਆ ਹੁੰਦਾ ਸੀ। ਗੁਰੂ ਹਰਿ ਰਾਇ ਸਾਹਿਬ ਜੀ ਨੇ ਘੋੜ ਸਵਾਰਾਂ ਦੀ ਇੱਕ ਵੱਡੀ ਟੁਕੜੀ ਬਣਾ ਲਈ ਸੀ ਜਿਸ ਵਿੱਚ 2200 ਘੋੜ ਸਵਾਰ ਅਤੇ ਕੁਝ ਹਾਥੀ ਸਨ। ਕੀਰਤਪੁਰ ਸਾਹਿਬ ਵਿਖੇ ਗਾਵਾਂ, ਮੱਝਾਂ ਅਤੇ ਜਾਨਵਰਾਂ ਨੂੰ ਵੱਖ ਵੱਖ ਤਬੇਲਿਆਂ ਵਿੱਚ ਰੱਖਿਆ ਗਿਆ ਸੀ। ਜ਼ਿਆਦਾਤਰ ਘੋੜੇ ਪਿੰਡ ਬੁੰਗਾਂ ਵਿਖੇ ਇੱਕ ਵੱਡੇ ਤਬੇਲੇ ਵਿੱਚ ਸਨ। ਉਸ ਥਾਂ ਗੁਰਦੁਆਰੇ ਨੂੰ ਬੁੰਗਾ ਸਾਹਿਬ ਵੀ ਕਿਹਾ ਜਾਂਦਾ ਹੈ। ਉਥੇ ਜਾਨਵਾਰਾਂ ਦੇ ਚਾਰੇ ਦਾ ਵੱਡਾ ਪ੍ਰਬੰਧ ਹਮੇਸ਼ਾ ਰਹਿੰਦਾ ਸੀ। ਗੁਰੂ ਸਾਹਿਬ ਜੀ ਜਾਨਵਰਾਂ ਦੀ ਦੇਖਭਾਲ ਵਿੱਚ ਆਪਣੀ ਨਿੱਜੀ ਦਿਲਚਸਪੀ ਰੱਖਦੇ ਸਨ।

7. ਗੁਰਦੁਆਰਾ ਮੰਜੀ ਸਾਹਿਬ : ਗੁਰਦੁਆਰਾ ਉਸ ਥਾਂ ਦੀ ਦਸ ਪਾਉਂਦਾ ਹੈ, ਜਿੱਥੇ ਬੀਬੀ ਰੂਪ ਕੌਰ ਜੀ ਰਹਿੰਦੇ ਸਨ। ਉਹਨਾਂ ਦਾ ਵਿਆਹ ਸਿਆਲਕੋਟ ਨੇੜੇ ਪਸਰੂਰ ਦੇ ਪਰਮੱਲ ਦੇ ਪੁੱਤਰ ਭਾਈ ਖੇਮਕਰਨ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਹ ਆਪਣੇ ਪਤੀ ਨਾਲ ਕੀਰਤਪੁਰ ਸਾਹਿਬ ਆਪਣੇ ਮਾਤਾ ਪਿਤਾ ਨਾਲ ਹੀ ਰਹੇ ਅਤੇ ਬੜੀ ਨਿਮਰਤਾ ਨਾਲ ਜ਼ਿੰਦਗੀ ਬਤੀਤ ਕੀਤੀ। ਉਹਨਾਂ ਦੇ ਮਾਤਾ ਪਿਤਾ ਦੀਆਂ ਵਿਰਾਸਤਾਂ ਗੁਰਦੁਆਰਾ ਮੰਜੀ ਸਾਹਿਬ ਵਿੱਚ ਸੁਰਖਿਅਤ ਹਨ। ਪਵਿੱਤਰ ਬਾਣੀਆਂ ਵਾਲੀ ਅਰਦਾਸ ਦੀ ਇੱਕ ਪੁਸਤਕ, ਇੱਕ ਰੁਮਾਲ ਜਿਸ ਦੀ ਕਢਾਈ ਉਹਨਾਂ ਖੁਦ ਕੀਤੀ। ਇੱਕ ਪਵਿੱਤਰ ਟੋਪੀ(ਸੇਲੀ ਟੋਪੀ) ਜੋ ਉਹਨਾਂ ਆਪਣੀ ਦਾਦੀ ਤੋਂ ਪ੍ਰਾਪਤ ਕੀਤੀ। ਜੋ ਉਹਨਾਂ ਦੇ ਦਾਦਾ ਬਾਬਾ ਗੁਰਦਿੱਤਾ ਜੀ ਨੂੰ ਬਾਬਾ ਸ੍ਰੀ ਚੰਦ ਜੀ ਵੱਲੋਂ ਬਖਸ਼ੀ ਗਈ ਸੀ। ਜੋ ਕਿ ਉਦਾਸੀ ਸੰਪਰਦਾਇ ਦੇ ਸੰਸਥਾਪਕ ਸਨ। ਜਦੋਂ ਬਾਬਾ ਗੁਰਦਿੱਤਾ ਜੀ ਨੂੰ ਬਾਬਾ ਸ੍ਰੀ ਚੰਦ ਜੀ ਨੇ ਉਤਰਾਧਿਕਾਰੀ ਵਜੋਂ ਪਦਵੀ ਦਿੱਤੀ। ਇੱਕ ਹੱਥ ਵਾਲਾ ਪੱਖਾ ਅਤੇ ਇੱਕ ਗਲੂਬੰਦ ਉਹਨਾਂ ਨੂੰ ਪਿਤਾ ਗੁਰੂ ਹਰਿ ਰਾਇ ਜੀ ਵੱਲੋਂ ਦਿੱਤਾ ਤੋਹਫਾ ਸੀ। ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਬਣਾਈ ਗਈ ਹੈ।

8. ਗੁਰਦੁਆਰਾ ਬਿਬਨਗੜ੍ਹ ਸਾਹਿਬ : ਇਹ ਉਸ ਅਸਥਾਨ 'ਤੇ ਬਣਾਇਆ ਗਿਆ ਹੈ, ਜਿੱਥੇ ਭਾਈ ਜੈਤਾ ਜੀ (ਭਾਈ ਜੀਵਨ ਸਿੰਘ) ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦ ਸੀਸ ਮਾਤਾ ਗੁਜਰੀ ਜੀ ਅਤ ਬਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਸੌਂਪਿਆ ਸੀ। ਗੁਰੂ ਤੇਗ ਬਹਾਦਰ ਜੀ ਦਾ ਸੀਸ 1 ਨਵੰਬਰ 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਧੜ ਤੋਂ ਅਲੱਗ ਕਰ ਦਿੱਤਾ ਗਿਆ ਸੀ। ਭਾਈ ਜੈਤਾ ਜੀ ਗੁਪਤ ਰੂਪ ਵਿੱਚ ਇੱਕ ਜੋਖਮ ਵਿਚੋਂ ਲੰਘਦਿਆਂ ਕੀਰਤਪੁਰ ਸਾਹਿਬ ਸੀਸ ਲੈ ਆਏ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ 'ਰੰਗਰੇਟਾ ਗੁਰੂ ਕਾ ਬੇਟਾ' ਕਹਿ ਕੇ ਆਸ਼ੀਰਵਾਦ ਦਿੱਤਾ। ਮਾਤਾ ਨਾਨਕੀ, ਮਾਤਾ ਗੁਜਰੀ ਅਤੇ ਗੁਰੂ ਗੋਬਿੰਦ ਸਿੰਘ ਜੀ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਸਿੱਖਾਂ ਨੇ ਸ਼ਹੀਦ ਸੀਸ ਨੂੰ ਪਵਿੱਤਰ ਜਾਪ ਨਾਲ ਸਤਿਕਾਰ ਸਹਿਤ 'ਚੱਕ ਨਾਨਕੀ' (ਅਨੰਦਪੁਰ ਸਾਹਿਬ) ਲੈ ਗਏ, ਜਿਥੇ ਅਗਲੇ ਦਿਨ ਸਸਕਾਰ ਕੀਤਾ। ਇੱਥੇ ਗੁਰਦੁਆਰਾ ਸੀਸ ਗੰਜ ਸਾਹਿਬ ਅਨੰਦਪੁਰ ਸਾਹਿਬ ਸ਼ਸ਼ੋਭਿਤ ਹੈ। ਗੁਰਦੁਆਰਾ ਬਿਨਗੜ੍ਹ ਸਾਹਿਬ ਭਾਖੜਾ ਨਹਿਰ ਦੇ ਖੱਬੇ ਕੰਢੇ ਦੱਖਣ ਵੱਲ ਸਥਿਤ ਹੈ।

9. ਗੁਰਦੁਆਰਾ ਪਤਾਲਪੁਰੀ ਸਾਹਿਬ: ਸਤਿਲੁਜ ਦੇ ਖੱਬੇ ਕੰਢੇ ਉਸ ਸਥਾਨ 'ਤੇ ਸਥਿਤ ਹੈ, ਜਿੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਹਰਿ ਰਾਇ ਸਾਹਿਬ ਜੀ ਦਾ ਸਸਕਾਰ ਹੋਇਆ ਸੀ। ਜਿੱਥੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀਆਂ ਅਸਥੀਆਂ ਅਤੇ ਵੱਡੇ ਭਰਾ ਬਾਬਾ ਰਾਮ ਰਾਇ ਜੀ ਨੂੰ ਜਲ ਪ੍ਰਵਾਹ ਕੀਤਾ ਗਿਆ ਸੀ। ਇਸ ਤਰ੍ਹਾਂ ਕਈ ਯਾਦਗਾਰਾਂ ਪਤਾਲਪੁਰੀ ਨਾਲ ਜੁੜ ਗਈਆਂ ਹਨ। ਸਿੱਖ ਆਪਣੇ ਵਿਛੜੇ ਹੋਏ ਦੀਆਂ ਅਸਥੀਆਂ ਨੂੰ ਜਲ ਪ੍ਰਵਾਹ ਕਰਦੇ ਹਨ। ਸਤਿਲੁਜ 'ਤੇ ਇੱਕ ਘਾਟ ਬਣਿਆ ਹੈ। ਗੁਰਦੁਆਰਾ ਪਤਾਲਪੁਰੀ ਸਾਹਿਬ ਇੱਕ ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ। ਵੱਡਾ ਦਰਬਾਰ ਹਾਲ ਇੱਕ ਉੱਚੇ ਥੜੇ 'ਤੇ ਬਣਿਆ ਹੈ। ਜਿਸ ਦੇ ਪ੍ਰਕਾਸ਼ ਅਸਥਾਨ ਉਪਰ 2 ਮੰਜ਼ਿਲਾਂ ਹਨ। ਛੱਤ 'ਤੇ ਫੁੱਲਾਂ ਵਾਲਾ ਗੁਬੰਦ ਹੈ। ਚਾਰੇ ਕੋਨਿਆਂ 'ਤੇ ਗੁਬੰਦ ਹਨ। ਇਕ ਵਿਸ਼ਾਲ ਲੰਗਰ ਹਾਲ ਹੈ। ਇੱਕ ਛੋਟਾ ਸਰੋਵਰ , ਪਾਰਕ, ਇਸ਼ਨਾਨ ਘਰ, ਗੱਡੀਆਂ ਖੜੀਆਂ ਕਰਨ ਤਕ ਸਹੂਲਤਾਂ ਹਨ। ਵਿਛੜੀਆਂ ਸੰਗਤਾਂ ਲਈ ਅਰਦਾਸ ਹੁੰਦੀ ਹੈ।

10. ਗੁਰਦੁਆਰਾ ਤੀਰ ਸਾਹਿਬ: ਕੀਰਤਪੁਰ ਸਾਹਿਬ ਤੋਂ ਇੱਕ ਕਿਲੋਮੀਟਰ ਦੂਰ ਕੀਰਤਪੁਰ - ਬਿਲਾਸਪੁਰ ਸੜਕ ਦੇ ਸੱਜੇ ਪਾਸੇ ਇੱਕ ਪਹਾੜੀ 'ਤੇ ਬਣਾਇਆ ਗਿਆ ਹੈ। ਇਸ ਇਕਾਂਤ ਜਗ੍ਹਾ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਤੀਰ ਅੰਦਾਜੀ ਦੇ ਮੁਕਾਬਲੇ ਕਰਵਾਉਂਦੇ ਸਨ। ਲੰਬੇ ਸਮੇਂ ਤੱਕ ਇਹ ਇੱਕ ਛੋਟਾ ਜਿਹਾ ਧਾਰਮਿਕ ਸਥਾਨ ਸੀ। ਹੁਣ ਇੱਥੇ ਇੱਕ ਮਜਬੂਤ ਗੁਰਦੁਆਰਾ ਬਣ ਗਿਆ ਹੈ,ਜੋ ਕਿ ਸੁੰਦਰ ਦ੍ਰਿਸ਼ ਪੇਸ਼ ਕਰਦਾ ਹੈ।

11. ਗੁਰਦੁਆਰਾ ਬਾਉਲੀ ਸਾਹਿਬ: ਇਹ ਕੀਰਤਪੁਰ ਬਿਲਾਸਪੁਰ ਸੜਕ 'ਤੇ ਗੁਰਦੁਆਰਾ ਬਾਬਾ ਗੁਰਦਿਤਾ ਸਾਹਿਬ ਅਤੇ ਗੁਰਦੁਆਰਾ ਤੀਰ ਸਾਹਿਬ ਨੂੰ ਜਾਣ ਵਾਲੀਆਂ ਪੌੜੀਆਂ ਦੇ ਨੇੜੇ ਸਥਿਤ ਹੈ। ਇਸ ਪੌੜੀਆਂ ਵਾਲੇ ਖੂਹ ਦਾ ਵਿਆਸ, ਸ਼ੀਸ਼ ਮਹਿਲ ਵਿਖੇ ਬਾਉਲੀ ਤੋਂ ਵੱਡਾ ਹੈ। ਬਾਬਾ ਗੁਰਦਿਤਾ ਜੀ ਤੇ ਬਾਬਾ ਸ੍ਰੀ ਚੰਦ ਜੀ ਨੇ ਇਸ ਪੌੜੀਆਂ ਵਾਲੇ ਖੂਹ ਨੂੰ ਪੁੱਟਿਆ ਸੀ। ਪੌੜੀਆਂ ਵਾਲੇ ਖੂਹ ਬਾਉਲੀ ਦੇ ਉਪਰ ਇੱਕ ਸੁੰਦਰ ਮੰਡਪ ਗੁਰਦੁਆਰਾ ਸਾਹਿਬ ਜੀ ਦੀ ਸ਼ਾਨ ਨੂੰ ਵਧਾਉਂਦਾ ਹੈ।

12. ਗੁਰਦੁਆਰਾ ਡੇਹਰਾ ਸਾਹਿਬ ਬਾਬਾ ਗੁਰਦਿੱਤਾ ਜੀ : ਕੀਰਤਪੁਰ ਸਾਹਿਬ ਤੋਂ ਇੱਕ ਕਿਲੋਮੀਟਰ ਦੂਰ ਇੱਕ ਪਹਾੜੀ 'ਤੇ ਬਣਿਆ ਹੋਇਆ ਹੈ। ਇਹ ਡੇਹਰਾ (ਮਕਬਰਾ) ਨੂੰ ਧਾਰਮਿਕ ਅਸਥਾਨ ਵਿੱਚ ਬਦਲਿਆ ਹੋਇਆ ਹੈ। ਬਾਬਾ ਗੁਰਦਿੱਤਾ ਜੀ ਨੇ 1638 ਵਿੱਚ ਇੱਥੇ ਆਖਰੀ ਸਾਹ ਲਏ ਸਨ। ਇਸ ਲਈ ਬਾਬਾ ਗੁਰਦਿੱਤਾ ਜੀ ਦੀ ਯਾਦ ਵਿੱਚ ਹੈ ਇਹ ਗੁਰਦੁਆਰਾ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀਂ ਬਾਬਾ ਗੁਰਦਿੱਤਾ ਜੀ ਦਾ ਸਸਕਾਰ ਕੀਤਾ। ਪਹਾੜੀ ਦੀ ਚੋਟੀ 'ਤੇ ਸਥਿਤ ਗੁਰਦੁਆਰਾ ਨੂੰ ਜਾਣ ਲਈ 108 ਪੌੜੀਆਂ ਹਨ, ਭਾਵੇਂ ਕਿ ਪਹੁੰਚਣ ਲਈ ਪੱਕੀ ਸੜਕ ਹੈ। ਰੋਪੜ ਦੇ ਰਾਜੇ ਭੂਪ ਸਿੰਘ ਨੇ ਇਮਾਰਤ ਅਤੇ ਪੌੜੀਆਂ ਬਣਾਈਆਂ ਸਨ।

ਗੁਰਦੁਆਰਾ ਉੱਚੀਆਂ ਕੰਧਾਂ ਅਤੇ ਦੋ ਮੰਜਲਾ ਉੱਚਾ ਪ੍ਰਦੇਸ਼ ਦੁਆਰ ਨਾਲ ਬਣਿਆ ਹੋਇਆ ਹੈ। ਕੋਨਿਆਂ 'ਤੇ ਗੁਬੰਦਦਾਰ ਬੁਰਜ ਅਤੇ ਸਜਾਵਟੀ ਕੰਧਾਂ ਮੰਡਪ ਇੱਕ ਕਿਲੇ ਦਾ ਰੂਪ ਦਿੰਦੇ ਹਨ। ਛੇ ਫੁੱਟ ਚੌਂਕੀ ਦੇ ਉਚੇ ਸਥਾਨ 'ਤੇ ਪ੍ਰਕਾਸ਼ ਅਸਥਾਨ ਹੈ। ਉੱਪਰ ਇੱਕ ਸਜਾਵਟੀ ਗੁਬੰਦ ਹੈ, ਜੋ ਚੌੜੀ ਕਮਾਨੀਦਾਰ ਦਰਵਾਜ਼ਿਆਂ 'ਤੇ ਬਣਿਆ ਹੈ। ਇੱਕ ਨਿੰਮ ਦਾ ਰੁੱਖ ਜੋ ਬਾਬਾ ਗੁਰਦਿਤਾ ਜੀ ਦੇ ਵੇਲੇ ਦਾ ਹੈ।

13. ਗੁਰਦੁਆਰਾ ਬਾਬਾ ਸ੍ਰੀ ਚੰਦ ਜੀ : ਇਹ ਗੁਰਦੁਆਰਾ 'ਸੰਤ ਨਿਵਾਸ ਉਦਾਸੀ ਆਸ਼ਰਮ' ਵਜੋਂ ਜਾਣਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸ੍ਰੀ ਚੰਦ ਜੀ ਦੀ ਯਾਦ ਵਿੱਚ ਹੈ। ਇਹ ਬਾਉਲੀ ਸਾਹਿਬ ਦੇ ਨੇੜੇ ਕੀਰਤਪੁਰ -ਬਿਲਾਸਪੁਰ ਸੜਕ ਦੇ ਸੱਜੇ ਪਾਸੇ ਸਥਿਤ ਹੈ। ਗੁਰਦੁਆਰਾ ਤੀਰ ਸਾਹਿਬ ਅਤੇ ਗੁਰਦੁਆਰਾ ਬਾਬਾ ਗੁਰਦਿਤਾ ਜੀ ਨੂੰ ਜਾਣ ਵਾਲੀਆ ਪੌੜੀਆਂ ਦੇ ਉਲਟ। ਉਦਾਸੀ ਸੰਪਰਦਾ ਦੇ ਸੰਸਥਾਪਕ ਬਾਬਾ ਸ੍ਰੀ ਚੰਦ ਜੀ ਨੇ ਇਸ ਜਗ੍ਹਾ ਦਾ ਦੌਰਾ ਕੀਤਾ। ਬਾਬਾ ਗੁਰਦਿੱਤਾ ਜੀ ਨੂੰ ਆਪਣੀ ਟੋਪੀ ਅਤੇ ਦਾਤਾਰ ਭੇਂਟ ਕੀਤਾ ਅਤੇ ਉਹਨਾਂ ਨੂੰ ਉਦਾਸੀ ਸੰਪਰਦਾ ਦਾ ਆਪਣਾ ਉਤਰਾਧਿਕਾਰੀ ਐਲਾਨਿਆ। ਬਾਬਾ ਸ੍ਰੀ ਚੰਦ ਜੀ ਨੇ 1624 ਵਿੱਚ ਕੀਰਤਪੁਰ ਸਾਹਿਬ ਅਤੇ ਨਵੇਂ ਕਸਬੇ ਦੀ ਨੀਂਹ ਰੱਖੀ। ਕੀਰਤਪੁਰ ਸਾਹਿਬ ਵਿੱਚ ਇਹ ਇਤਿਹਾਸਿਕ ਮਹੱਤਵ ਵਾਲੇ ਕਈ ਸਿੱਖ ਗੁਰਦੁਆਰੇ, ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ, ਬਾਬਾ ਸ੍ਰੀ ਚੰਦ ਜੀ , ਬਾਬਾ ਗੁਰਦਿੱਤਾ ਜੀ ਅਤੇ ਬੀਬੀ ਰੂਪ ਕੌਰ ਜੀ ਦੇ ਇਸ ਸਥਾਨ ਨਾਲ ਸਬੰਧਾਂ ਦੀ ਯਾਦ ਦਿਵਾਉਂਦੇ ਹਨ।

# ਕੱਢਣਾ ਰੁਮਾਲ ਦੇ ਗਿਓਂ ਵੇ...

**ਲਾਡੀ ਜਗਤਾਰ ਮਾਨਸਾ**

ਮਨੁੱਖੀ ਸਭਿਅਤਾ ਦੇ ਵਿਕਾਸ ਨਾਲ ਜਿੱਥੇ ਭੋਜਨ, ਪਹਿਰਾਵੇ ਅਤੇ ਰਿਹਾਇਸ਼ ਵਿੱਚ ਬਦਲਾਅ ਆਏ, ਉੱਥੇ ਰੋਜ਼ਾਨਾ ਵਰਤੋਂ ਦੀਆਂ ਛੋਟੀਆਂ-ਛੋਟੀਆਂ ਵਸਤੂਆਂ ਨੇ ਵੀ ਮਨੁੱਖੀ ਜੀਵਨ ਨੂੰ ਸੁਚੱਜਾ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਰੁਮਾਲ ਅਜਿਹੀ ਹੀ ਇੱਕ ਵਸਤੂ ਹੈ। ਆਕਾਰ ਵਿੱਚ ਛੋਟਾ ਹੋਣ ਦੇ ਬਾਵਜੂਦ ਇਹ ਸਫ਼ਾਈ, ਸਲੀਕੇ, ਸੱਭਿਆਚਾਰ, ਪਿਆਰ ਅਤੇ ਕਲਾਤਮਕ ਪਰੰਪਰਾ ਦਾ ਪ੍ਰਤੀਕ ਹੈ। ਅੱਜ ਹਰ ਵਰਗ ਦਾ ਵਿਅਕਤੀ ਇਸ ਦੀ ਵਰਤੋਂ ਕਰਦਾ ਹੈ, ਪਰ ਇਸ ਦਾ ਇਤਿਹਾਸ ਅਤੇ ਸੱਭਿਆਚਾਰਕ ਮਹੱਤਵ ਇਸ ਦੀ ਆਮ ਵਰਤੋਂ ਨਾਲੋਂ ਕਿਤੇ ਵੱਧ ਡੂੰਘਾ ਹੈ।

'ਰੁਮਾਲ' ਸ਼ਬਦ ਫ਼ਾਰਸੀ ਮੂਲ ਨਾਲ ਜੋੜਿਆ ਜਾਂਦਾ ਹੈ। 'ਰੂ' ਦਾ ਅਰਥ ਚਿਹਰਾ ਅਤੇ 'ਮਾਲ' ਦਾ ਅਰਥ ਪੂੰਝਣਾ ਜਾਂ ਸਾਫ਼ ਕਰਨਾ ਹੈ। ਸ਼ੁਰੂ ਵਿੱਚ ਇਹ ਚਿਹਰਾ ਅਤੇ ਹੱਥ ਸਾਫ਼ ਕਰਨ ਲਈ ਵਰਤਿਆ ਜਾਣ ਵਾਲਾ ਸਾਦਾ ਕੱਪੜਾ ਸੀ, ਪਰ ਹੌਲੀ-ਹੌਲੀ ਇਹ ਪਹਿਰਾਵੇ ਦਾ ਅਟੁੱਟ ਹਿੱਸਾ, ਸਤਿਕਾਰ ਦਾ ਪ੍ਰਤੀਕ ਅਤੇ ਲੋਕ-ਕਲਾ ਦਾ ਸੁੰਦਰ ਨਮੂਨਾ ਬਣ ਗਿਆ।

ਪੁਰਾਤਨ ਸਮਿਆਂ ਵਿੱਚ ਰੁਮਾਲ ਘਰਾਂ ਵਿੱਚ ਹੀ ਸੂਤੀ ਜਾਂ ਰੇਸ਼ਮੀ ਕੱਪੜੇ ਤੋਂ ਤਿਆਰ ਕੀਤਾ ਜਾਂਦਾ ਸੀ। ਆਰਥਿਕ ਹਾਲਤ ਅਤੇ ਮੌਕੇ ਅਨੁਸਾਰ ਇਸ ਦੇ ਕੱਪੜੇ ਅਤੇ ਆਕਾਰ ਵਿੱਚ ਫ਼ਰਕ ਹੁੰਦਾ ਸੀ। ਆਮ ਲੋਕ ਸੂਤੀ ਰੁਮਾਲ ਵਰਤਦੇ ਸਨ, ਜਦਕਿ ਅਮੀਰ ਪਰਿਵਾਰਾਂ ਵਿੱਚ ਰੇਸ਼ਮੀ ਅਤੇ ਕਢਾਈਦਾਰ ਰੁਮਾਲ ਸ਼ਾਨ ਦਾ ਪ੍ਰਤੀਕ ਮੰਨੇ ਜਾਂਦੇ ਸਨ। ਅੱਜ ਉਦਯੋਗਿਕ ਉਤਪਾਦਨ ਨੇ ਇਸ ਨੂੰ ਹਰ ਰੰਗ, ਡਿਜ਼ਾਈਨ ਅਤੇ ਆਕਾਰ ਵਿੱਚ ਉਪਲਬਧ ਕਰਵਾ ਦਿੱਤਾ ਹੈ। ਰੋਜ਼ਾਨਾ ਜੀਵਨ ਵਿੱਚ ਰੁਮਾਲ ਦੀ ਉਪਯੋਗਤਾ ਬਹੁਤ ਵਿਸ਼ਾਲ ਹੈ। ਇਹ ਹੱਥ ਅਤੇ ਮੂੰਹ ਸਾਫ਼ ਕਰਨ, ਪਸੀਨਾ ਪੂੰਝਣ, ਧੂੜ ਤੋਂ ਬਚਾਅ ਕਰਨ ਅਤੇ ਖੰਘ ਜਾਂ ਛਿੱਕ ਵੇਲੇ ਮੂੰਹ ਢੱਕਣ ਲਈ ਵਰਤਿਆ ਜਾਂਦਾ ਹੈ। ਡਾਕਟਰ ਵੀ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਨਿੱਜੀ ਰੁਮਾਲ ਦੀ ਵਰਤੋਂ ਕਈ ਛੂਤ ਦੀਆਂ ਬਿਮਾਰੀਆਂ ਦੇ ਫੈਲਾਅ ਨੂੰ ਘਟਾ ਸਕਦੀ ਹੈ। ਇਸ ਲਈ ਰੁਮਾਲ ਸਿਰਫ਼ ਸਫ਼ਾਈ ਦਾ ਸਾਧਨ ਨਹੀਂ, ਸਿਹਤ ਦੀ ਸੁਰੱਖਿਆ ਦਾ ਵੀ ਹਿੱਸਾ ਹੈ।

ਪੰਜਾਬੀ ਜੀਵਨ-ਸ਼ੈਲੀ ਵਿੱਚ ਰੁਮਾਲ ਦਾ ਇੱਕ ਵੱਖਰਾ ਹੀ ਸਥਾਨ ਰਿਹਾ ਹੈ। ਕੰਮ ਕਰਦੇ ਬੰਦਾ ਇਸ ਨਾਲ ਪਸੀਨਾ ਪੂੰਝਦਾ ਸੀ, ਇਸ ਨੂੰ ਧੁੱਪ ਤੋਂ ਬਚਾਅ ਲਈ ਸਿਰ ਉੱਤੇ ਬੰਨ੍ਹ ਲੈਂਦਾ ਸੀ ਅਤੇ ਵਿਦਿਆਰਥੀ ਇਸ ਨੂੰ ਆਪਣੀ ਵਰਦੀ ਦਾ ਜ਼ਰੂਰੀ ਹਿੱਸਾ ਮੰਨਦੇ ਸਨ। ਘਰ ਤੋਂ ਬਾਹਰ ਨਿਕਲਦਿਆਂ ਜੇਬ ਵਿੱਚ ਰੁਮਾਲ ਰੱਖਣਾ ਸੁਚੱਜੇ ਵਿਅਕਤੀ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ।

ਧਾਰਮਿਕ ਜੀਵਨ ਵਿੱਚ ਵੀ ਰੁਮਾਲ ਦਾ ਵਿਸ਼ੇਸ਼ ਮਹੱਤਵ ਹੈ। ਗੁਰਦੁਆਰਿਆਂ, ਮੰਦਰਾਂ ਅਤੇ ਹੋਰ ਧਾਰਮਿਕ ਅਸਥਾਨਾਂ ਵਿੱਚ ਸਿਰ ਢੱਕਣ ਲਈ ਰੁਮਾਲ ਦੀ ਵਰਤੋਂ ਕੀਤੀ ਜਾਂਦੀ ਹੈ। ਪਵਿੱਤਰ ਗ੍ਰੰਥਾਂ ਨੂੰ ਸਤਿਕਾਰ ਨਾਲ ਢੱਕਣ, ਪ੍ਰਸਾਦ ਜਾਂ ਭੇਟ ਨੂੰ ਸਜਾ ਕੇ ਰੱਖਣ ਅਤੇ ਧਾਰਮਿਕ ਰਸਮਾਂ ਦੌਰਾਨ ਇਸ ਦੀ ਵਰਤੋਂ ਅੱਜ ਵੀ ਆਮ ਹੈ। ਇਸ ਤਰ੍ਹਾਂ ਰੁਮਾਲ ਸ਼ਰਧਾ ਅਤੇ ਨਿਮਰਤਾ ਦਾ ਵੀ ਪ੍ਰਤੀਕ ਬਣ ਜਾਂਦਾ ਹੈ।

ਰੁਮਾਲ ਦਾ ਸੱਭਿਆਚਾਰਕ ਪੱਖ ਇਸ ਨੂੰ ਹੋਰ ਵੀ ਵਿਲੱਖਣ ਬਣਾਉਂਦਾਹੈ। ਪੰਜਾਬੀ ਗੀਤ,ਲੋਕ-ਗੀਤਾਂ, ਜਿਵੇਂ ਵਿਦੇਸ਼ ਗਏ ਮਾਹੀਏ ਦੁਆਰਾ ਘਰ ਵਾਲੀ ਨੂੰ ਰੁਮਾਲ ਕੱਢਣ ਲਈ ਦਿੱਤਾ ਗਿਆ

ਕੱਢਣਾ ਰੁਮਾਲ ਦੇ ਗਿਓਂ ਵੇ
ਆਪ ਬਹਿ ਗਿਓਂ ਵਲੈਤ ਵਿੱਚ ਜਾ ਕੇ
ਕੀ ਲੱਭਾ ਬੇਦਰਦਾਂ ਵੇ
ਸਾਡੀ ਅੱਲੜਾਂ ਦੀ ਨੀਂਦ ਗੁਆਕੇ
ਬਾਬਲ ਰੋਂਦੇ ਦੀ ਦਾੜ੍ਹੀ ਭਿੱਜੀ ਵਾਰੀ,
ਮਾਈ ਨੇ ਦਿੱਤਾ ਦਰਿਆ ਚਲਾ ।
ਵੀਰੇ ਰੋਂਦੇ ਦਾ ਰੁਮਾਲ ਭਿੱਜਾ ਵਾਰੀ, ਭਾਬੋ ਦੇ ਮਨ ਚਾਅ।

ਲੋਕ ਕਹਾਵਤਾਂ ,ਬੁਝਾਰਤ ਅਤੇ ਲੋਕ-ਕਥਾਵਾਂ ਵਿੱਚ ਰੰਗੀਲੇ ਰੁਮਾਲਾਂ ਦਾ ਜ਼ਿਕਰ ਵਾਰ-ਵਾਰ ਮਿਲਦਾ ਹੈ।

ਜਿਵੇਂ
ਚਾਰੇ ਕੋਨੇ ਮਿਲ ਕੰਮ ਕਰਦੇ ਨੇ ਇੱਕ
ਖੰਗ ਜ਼ੁਕਾਮ ਦਾ ਫਿਰ ਆਵੇ ਨਿੱਛ ।
ਪੰਜਾਬੀ ਟੱਪਿਆਂ ਦੀ ਇੱਕ ਉਦਾਹਰਣ
ਝਾਵਾਂ ਝਾਵਾਂ ਝਾਵਾਂ
ਵੇ ਰੇਲ ਤੈਨੂੰ ਚੜ੍ਹਦੇ ਨੂੰ
ਮੈਂ ਭੱਜ ਕੇ ਰੁਮਾਲ ਫੜਾਵਾਂ
ਪੰਜਾਬੀ ਲੋਕ ਬੋਲੀਆਂ ਵਿੱਚ
ਪੱਚੀਆਂ ਪਿੰਡਾਂ ਦਾ ਮੇਰਾ ਢੋਲ ਪਟਵਾਰੀ
ਨਿੱਤ ਆਉਣਾ ਜਾਣਾ ਉਹਦਾ ਕੰਮ ਸਰਕਾਰੀ
ਮੇਰਾ ਤਾਂ ਮੰਦੜਾ ਹਾਲ ਮਾਏ ਮੇਰੀਏ
ਦੱਸ ਕੀਹਦਾ ਕੱਢਾਂ ਰੁਮਾਲ ਮਾਏ ਮੇਰੀਏ।
ਜੇ ਮੁੰਡਿਆ ਮੈਨੂੰ ਨਾਲ ਲੈ ਜਾਣਾ
ਮਾਂ ਦਾ ਡਰ ਤੂੰ ਚੱਕ ਮੁੰਡਿਆ
ਮੈਨੂੰ ਰੇਸ਼ਮੀ ਰੁਮਾਲ ਵਾਂਗੂੰ



ਰੱਖ ਮੁੰਡਿਆ ਪ੍ਰੇਮੀ-ਪ੍ਰੇਮਿਕਾ ਇੱਕ-ਦੂਜੇ ਨੂੰ ਰੁਮਾਲ ਭੇਟ ਕਰਕੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਸਨ। ਕਈ ਥਾਵਾਂ 'ਤੇ ਇਹ ਸ਼ਗਨ ਅਤੇ ਯਾਦਗਾਰ ਵਜੋਂ ਵੀ ਦਿੱਤਾ ਜਾਂਦਾ ਸੀ। ਇੱਕ ਸਾਦਾ ਰੁਮਾਲ ਕਈ ਵਾਰ ਮਹਿੰਗੇ ਤੋਹਫ਼ੇ ਨਾਲੋਂ ਵੱਧ ਭਾਵਨਾਤਮਕ ਮਹੱਤਵ ਰੱਖਦਾ ਸੀ।

ਭਾਰਤ ਦੀ ਲੋਕ-ਕਲਾ ਵਿੱਚ ਚੰਬਾ ਰੁਮਾਲ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਹਿਮਾਚਲ ਪ੍ਰਦੇਸ਼ ਦੇ ਚੰਬਾ ਅਤੇ ਕਾਂਗੜਾ ਖੇਤਰ ਵਿੱਚ ਵਿਕਸਿਤ ਇਹ ਕਲਾ ਆਪਣੀ ਨਾਜ਼ੁਕ ਕਢਾਈ ਅਤੇ ਸੁੰਦਰਤਾ ਲਈ ਸੰਸਾਰ ਭਰ ਵਿੱਚ ਪ੍ਰਸਿੱਧ ਹੈ। ਇਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਕਢਾਈ ਦੋਹਾਂ ਪਾਸਿਆਂ ਤੋਂ ਇੱਕੋ ਜਿਹੀ ਦਿਖਾਈ ਦਿੰਦੀ ਹੈ। ਇਸ ਲਈ ਬਹੁਤ ਬਾਰੀਕ ਟਾਂਕੇ ਅਤੇ ਉੱਚ ਦਰਜੇ ਦੀ ਕਾਰੀਗਰੀ ਦੀ ਲੋੜ ਹੁੰਦੀ ਹੈ।

ਚੰਬਾ ਰੁਮਾਲਾਂ ਉੱਤੇ ਰਾਮਾਇਣ, ਮਹਾਂਭਾਰਤ, ਕ੍ਰਿਸ਼ਨ ਲੀਲਾ, ਰਾਸ, ਝੂਲਾਂ, ਪੰਛੀਆਂ ਅਤੇ ਕੁਦਰਤੀ ਦ੍ਰਿਸ਼ਾਂ ਨੂੰ ਬਹੁਤ ਸੁੰਦਰ ਢੰਗ ਨਾਲ ਦਰਸਾਇਆ ਜਾਂਦਾ ਹੈ। ਹਰ ਰੁਮਾਲ ਇੱਕ ਕਲਾਤਮਕ ਚਿੱਤਰ ਵਾਂਗ ਲੱਗਦਾ ਹੈ। ਇਹ ਸਿਰਫ਼ ਕੱਪੜੇ ਦਾ ਟੁਕੜਾ ਨਹੀਂ, ਸਗੋਂ ਲੋਕ-ਸੰਸਕ੍ਰਿਤੀ ਅਤੇ ਕਲਾਤਮਕ ਵਿਰਾਸਤ ਦਾ ਜੀਵੰਤ ਦਸਤਾਵੇਜ਼ ਹੈ।

ਚੰਬਾ ਅਤੇ ਕਾਂਗੜਾ ਦੇ ਇਲਾਕਿਆਂ ਵਿੱਚ ਧੀ ਦੇ ਦਾਜ ਵਿੱਚ ਕਢਾਈਦਾਰ ਰੁਮਾਲ ਦੇਣ ਦੀ ਰਸਮ ਰਹੀ ਹੈ। ਮਾਵਾਂ, ਮਾਸੀਆਂ, ਤਾਈਆਂ ਅਤੇ ਭੂਆਵਾਂ ਆਪਣੀਆਂ ਧੀਆਂ ਲਈ ਮਹੀਨਿਆਂ ਤੱਕ ਮਿਹਨਤ ਕਰਕੇ ਇਹ ਰੁਮਾਲ ਤਿਆਰ ਕਰਦੀਆਂ ਸਨ। ਉਨ੍ਹਾਂ ਲਈ ਇਹ ਸਿਰਫ਼ ਦਾਜ ਦੀ ਵਸਤੂ ਨਹੀਂ, ਸਗੋਂ ਪਿਆਰ, ਅਸੀਸ ਅਤੇ ਪਰਿਵਾਰਕ ਯਾਦਾਂ ਦੀ ਨਿਸ਼ਾਨੀ ਹੁੰਦੀ ਸੀ।

ਇਹ ਕਲਾਤਮਕ ਰੁਮਾਲ ਰੋਜ਼ਾਨਾ ਵਰਤੋਂ ਲਈ ਨਹੀਂ ਬਣਾਏ ਜਾਂਦੇ ਸਨ। ਇਨ੍ਹਾਂ ਨੂੰ ਘਰਾਂ ਦੀ ਸਜਾਵਟ, ਧਾਰਮਿਕ ਸਥਾਨਾਂ, ਸ਼ਗਨ ਦੀਆਂ ਥਾਲੀਆਂ, ਵਿਸ਼ੇਸ਼ ਸਮਾਗਮਾਂ ਅਤੇ ਸਨਮਾਨ-ਚਿੰਨ੍ਹ ਵਜੋਂ ਵਰਤਿਆ ਜਾਂਦਾ ਸੀ। ਕਈ ਵਾਰ ਉੱਚ ਅਹੁਦਿਆਂ ਵਾਲੇ ਮਹਿਮਾਨਾਂ ਨੂੰ ਵੀ ਅਜਿਹੇ ਰੁਮਾਲ ਭੇਟ ਕਰਕੇ ਸਨਮਾਨਿਤ ਕੀਤਾ ਜਾਂਦਾ ਸੀ।

ਪੰਜਾਬ ਦੀ ਫੁਲਕਾਰੀ ਅਤੇ ਚੰਬਾ ਰੁਮਾਲ ਦੋਵੇਂ ਭਾਰਤੀ ਇਸਤਰੀ ਦੀ ਸਿਰਜਣਾਤਮਕਤਾ ਦੇ ਸ਼ਾਨਦਾਰ ਨਮੂਨੇ ਹਨ। ਦੋਹਾਂ ਵਿੱਚ ਧੀਰਜ, ਕਲਾਤਮਕਤਾ ਅਤੇ ਪਰਿਵਾਰਕ ਪਿਆਰ ਦੀ ਝਲਕ ਮਿਲਦੀ ਹੈ। ਫ਼ਰਕ ਸਿਰਫ਼ ਇਹ ਹੈ ਕਿ ਫੁਲਕਾਰੀ ਵੱਡੇ ਕੱਪੜੇ ਉੱਤੇ ਬਣਦੀ ਹੈ, ਜਦਕਿ ਚੰਬਾ ਰੁਮਾਲ ਛੋਟੇ ਆਕਾਰ ਵਿੱਚ ਹੀ ਇੱਕ ਸੰਪੂਰਨ ਚਿੱਤਰਕਲਾ ਪੇਸ਼ ਕਰਦਾ ਹੈ।

ਅੱਜ ਦੇ ਮਸ਼ੀਨੀ ਯੁੱਗ ਨੇ ਇਸ ਪਰੰਪਰਾਗਤ ਕਲਾ ਨੂੰ ਵੱਡੀ ਚੁਣੌਤੀ ਦਿੱਤੀ ਹੈ। ਫੈਕਟਰੀਆਂ ਵਿੱਚ ਬਣੇ ਸਸਤੇ ਅਤੇ ਆਕਰਸ਼ਕ ਰੁਮਾਲਾਂ ਨੇ ਹੱਥ ਦੀ ਕਢਾਈ ਦੀ ਮੰਗ ਘਟਾ ਦਿੱਤੀ ਹੈ। ਸਮੇਂ ਦੀ ਘਾਟ, ਵਧਦੀ ਲਾਗਤ ਅਤੇ ਨਵੀਂ ਪੀੜ੍ਹੀ ਦੀ ਘੱਟ ਦਿਲਚਸਪੀ ਕਾਰਨ ਇਹ ਕਲਾ ਹੌਲੀ-ਹੌਲੀ ਸੀਮਤ ਹੁੰਦੀ ਜਾ ਰਹੀ ਹੈ।

(ਬਾਕੀ ਸਫ਼ਾ 27 'ਤੇ)



# ਬੰਦ ਹੋਣੀ ਚਾਹੀਦੀ ਹੈ ਖ਼ੂਬਸੂਰਤੀ ਦੀ ਪਰਖ

**ਹਰਕੀਰਤ ਕੌਰ**



ਸੋਹਣੀ, ਖ਼ੂਬਸੂਰਤ ਦਿਖਣ ਵਾਲੀ ਹਰ ਸ਼ੈਅ ਮਨੁੱਖ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ। ਨਿਰਜੀਵ ਹੋਵੇ ਜਾਂ ਸੰਜੀਵ ਖ਼ੂਬਸੂਰਤ ਚੀਜ਼ਾਂ ਦੀ ਚੋਣ ਮਨੁੱਖ ਦੀ ਪਹਿਲ ਰਹੀ ਹੈ। ਕੱਪੜੇ, ਮਕਾਨ, ਕਾਰਾਂ, ਇਨਸਾਨ ਹਰ ਇੱਕ ਵਿੱਚ ਮਨੁੱਖ ਸੁਹੱਪਣ ਲੋਚਦਾ ਹੈ।

ਵਸਤੂਆਂ ਨੂੰ ਇੱਕ ਪਾਸੇ ਰੱਖ ਜੇਕਰ ਇਨਸਾਨਾਂ ਦੀ ਗੱਲ ਕਰੀਏ ਤਾਂ ਸੋਹਣੇ ਇਨਸਾਨਾਂ ਦੀ ਸਾਡੇ ਸਮਾਜ ਵਿੱਚ ਪਰਿਭਾਸ਼ਾ ਬਹੁਤ ਸੌੜੀ ਅਤੇ ਤੰਗਦਿਲੀ ਵਾਲੀ ਹੈ। ਇਸੇ ਸੋਚ ਦੇ ਚੱਲਦਿਆਂ ਅਨੇਕਾਂ ਮਨੁੱਖ ਵਿਤਕਰੇ ਅਤੇ ਹੀਣ ਭਾਵਨਾ ਦਾ ਸ਼ਿਕਾਰ ਹੁੰਦੇ ਹਨ। ਇਹ ਸਾਡੇ ਸਮਾਜ ਦੀ ਤ੍ਰਾਸਦੀ ਹੈ ਕਿ ਅਸੀਂ ਸਰੀਰਕ ਪੱਖੋਂ, ਰੰਗ ਰੂਪ ਪੱਖੋਂ ਗੋਰੇ ਚਿੱਟੇ, ਤਿੱਖੇ ਨੈਣ ਨਕਸ਼ਾਂ ਵਾਲੇ ਤੇ ਉੱਚੇ ਲੰਮੇ ਇਨਸਾਨ ਨੂੰ ਸੋਹਣਾ ਮੰਨਦੇ ਹਾਂ। ਮਨੁੱਖ ਨੂੰ ਉਸਦੇ ਗੁਣਾਂ ਕਰਕੇ ਘੱਟ ਉਸਦੀ ਬਾਹਰੀ ਸੁੰਦਰਤਾ ਕਰਕੇ ਵਧੇਰੇ ਜਾਣਿਆ ਜਾਂਦਾ ਹੈ। ਸਮਾਜ ਵਿੱਚ ਵਿਚਰਦਿਆਂ ਅਨੇਕਾਂ ਹੀ ਲੋਕ ਦੂਸਰੇ ਲੋਕਾਂ ਦੀ ਸੁੰਦਰਤਾ ਦੀ ਪਾਰਖੂ ਅੱਖ ਦਾ ਸਾਮ੍ਹਣਾ ਕਰਦੇ ਹਨ। ਇਸੇ ਦੇ ਚੱਲਦਿਆਂ ਕੁਝ ਮਜ਼ਾਕ ਦਾ ਪਾਤਰ ਬਣ ਜਾਂਦੇ ਹਨ ਅਤੇ ਕੁਝ ਲਈ ਲੋਕ ਉਹਨਾਂ ਦੀ ਸ਼ਖ਼ਸੀਅਤ ਤੋਂ ਵਧੇਰੇ ਕਿਆਸ ਅਰਾਈਆਂ ਲਕਾਉਣ ਲੱਗ ਜਾਂਦੇ ਹਨ।

ਸਕੂਲ ਵਿੱਚ ਪੜ੍ਹਦੇ ਬੱਚਿਆਂ, ਨੌਜਵਾਨਾਂ ਵਿੱਚ ਇਸ ਪਰਖ ਦੇ ਬਹੁਤ ਬੁਰੇ ਪ੍ਰਭਾਵ ਦੇਖਣ ਨੂੰ ਮਿਲਦੇ ਹਨ। ਜੇਕਰ ਸਕੂਲ, ਕਾਲਜ ਵਿੱਚ ਬੱਚੇ ਦੀ ਪ੍ਰਤਿਭਾ ਨੂੰ ਨਜ਼ਰਅੰਦਾਜ਼ ਕਰ ਕਿਸੇ ਦੂਸਰੇ ਬੱਚੇ ਦੀ ਬਾਹਰੀ ਸੁੰਦਰਤਾ ਨੂੰ ਜਿਆਦਾ ਸਰਾਹਿਆ ਜਾਂਦਾ ਹੈ ਤਾਂ ਬੱਚੇ ਵਿੱਚ ਆਤਮ ਵਿਸ਼ਵਾਸ ਦੀ ਘਾਟ ਆ ਜਾਂਦੀ ਹੈ। ਬਾਹਰੀ ਕਰੂਪਤਾ ਜਾਂ ਸਰੀਰਕ ਕਮੀ ਜਿਵੇਂ ਕਿ ਕੱਦ ਦਾ ਜਿਆਦਾ ਛੋਟਾ ਹੋਣਾ,ਭਾਰ ਦਾ ਜਿਆਦਾ ਵੱਧ ਹੋਣਾ, ਸਾਂਵਲਾ ਰੰਗ ਹੋਣਾ ਇਹ ਸਭ ਕੁਦਰਤੀ ਚੀਜ਼ਾਂ ਹਨ, ਜੇਕਰ ਇਹਨਾਂ ਵਿਚੋਂ ਕਿਸੇ ਵੀ ਕਰਕੇ ਬੱਚਿਆਂ ਨਾਲ ਵਿਤਕਰਾ ਹੁੰਦਾ ਹੈ ਜਾਂ ਉਹਨਾਂ ਨੂੰ ਮਜ਼ਾਕ ਦਾ ਪਾਤਰ ਬਣਾਇਆ ਜਾਂਦਾ ਹੈ ਤਾਂ ਇਸਦੇ ਨਤੀਜੇ ਵੱਜੋਂ ਬਹੁਤ ਬੱਚੇ ਆਪਣੇ ਆਪ ਤੋਂ ਨਫ਼ਰਤ ਕਰਨ ਲੱਗਦੇ ਹਨ। ਉਹ ਕਿਸੇ ਸਾਹਮਣੇ ਗੱਲ ਕਰਨ ਤੋਂ ਝਿਜਕਣ ਲੱਗਦੇ ਹਨ। ਅਜਿਹੇ ਵਿੱਚ ਬੱਚੇ ਮਨੋਰੋਗ, ਚਿੰਤਾ ਵਰਗੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ।

ਇਸਤੋਂ ਇਲਾਵਾ ਸੁੰਦਰਤਾ ਦੀ ਇਸ ਪਰਖ ਦਾ ਸਭ ਤੋਂ ਘਟੀਆ ਰੂਪ ਕਿਸੇ ਨੌਜਵਾਨ ਲੜਕੀ ਦਾ ਰਿਸ਼ਤਾ ਤੈਅ ਕਰਨ ਸਮੇਂ ਦੇਖਣ ਨੂੰ ਮਿਲਦਾ ਹੈ, ਜਦੋਂ ਲੜਕੇ ਦੇ ਪਰਿਵਾਰਿਕ ਮੈਂਬਰਾਂ ਦੀ ਟੀਮ ਕਿਸੇ ਦੀ ਨੌਜਵਾਨ ਧੀ ਦੀ ਸੁੰਦਰਤਾ ਦੀ ਪਰਖ ਆਪਣੀ ਸੋਚ ਅਤੇ ਮਿਥੇ ਹੋਏ ਪੈਮਾਨਿਆਂ ਦੇ ਆਧਾਰ 'ਤੇ ਕਰਦੀ ਹੈ। ਇਸ ਰਸਮ ਦੇ ਚੱਲਦਿਆਂ ਪਤਾ ਨਹੀਂ ਕਿੰਨੀਆਂ ਕੁ ਲਿਆਕਤ ਭਰਪੂਰ, ਸੁਹਜ ਤੇ ਸਿਆਣੀਆਂ ਲੜਕੀਆਂ ਨੂੰ ਲੋਕ ਇਹ ਕਹਿ ਠੁਕਰਾ ਜਾਂਦੇ ਹਨ ਕਿ ਲੜਕੀ ਦਾ ਰੰਗ ਸਾਂਵਲਾ ਹੈ ਜਾਂ ਕੱਦ ਛੋਟਾ ਹੈ ਜਾਂ ਲੜਕੀ ਖ਼ੂਬਸੂਰਤ ਨਹੀਂ ਹੈ। ਅਜਿਹੇ ਵਿੱਚ ਪਤਾ ਨਹੀਂ ਕਿੰਨੀਆਂ ਕੁ ਲੜਕੀਆਂ ਭਾਵਨਾਤਮਕ ਤੌਰ ਤੇ ਜ਼ਖਮੀ ਹੁੰਦੀਆਂ ਹਨ। ਪੜ੍ਹੀਆਂ ਲਿਖੀਆਂ ਧੀਆਂ ਨੂੰ ਅਨਪੜ੍ਹ ਲੋਕਾਂ ਦੀ ਮੰਡਲੀ ਨਿੰਦ ਕੇ ਰਾਹੇ ਪੈਂਦੀ ਹੈ ਅਤੇ ਆਪਣੀਆਂ ਔਖੀਆਂ ਪੜ੍ਹਾਈਆ ਦੇ ਇਮਤਿਹਾਨਾਂ ਤੋਂ ਨਾ ਡਰਨ ਵਾਲੀਆਂ ਲੜਕੀਆਂ ਨੂੰ ਇਸ ਕੋਝੀ ਰਸਮ ਤੇ ਪਰਖ ਤੋਂ ਡਰ ਲੱਗਣ ਲੱਗਦਾ ਹੈ। ਇਹ ਪਰਖ ਨੌਜਵਾਨ ਧੀਆਂ ਦੇ ਦਿਲ ਉੱਪਰ ਬਹੁਤ ਗਹਿਰੀ ਸੱਟ ਮਾਰ ਜਾਂਦੀ ਹੈ। ਉਹਨਾਂ ਨੂੰ ਆਪਣੀ ਕਾਬਲੀਅਤ ਦਾ ਪਤਾ ਹੁੰਦੇ ਹੋਏ ਵੀ ਆਪਣੇ ਆਪ ਤੇ ਸੰਦੇਹ ਹੋਣ ਲੱਗਦਾ ਹੈ। ਇਸੇ ਰੀਤ ਦੇ ਚੱਲਦਿਆਂ ਕਈ ਲੜਕੀਆਂ ਨੂੰ ਠੁਕਰਾਏ ਜਾਣ ਉਪਰੰਤ ਉਹਨਾਂ ਦੁਆਰਾ ਖ਼ੁਦਕੁਸ਼ੀ ਕਰਨ ਦੇ ਮਾਮਲੇ ਵੀ ਸਾਹਮਣੇ ਆਉਂਦੇ ਹਨ।



ਇੱਥੇ ਇੱਕ ਗੱਲ ਬਹੁਤ ਹੈਰਾਨ ਕਰਨ ਵਾਲੀ ਹੈ ਕਿ ਸਾਡੇ ਸਮਾਜ ਵਿੱਚ ਜਿੱਥੇ ਮਾਪਿਆਂ ਦੁਆਰਾ ਲੜਕੀਆਂ ਨੂੰ ਆਪਣੀ ਇੱਜ਼ਤ ਦੱਸਦਿਆਂ ਉਸ ਵੱਲ ਅੱਖ ਚੁੱਕ ਕੇ ਦੇਖਣ ਵਾਲੇ ਜਾਂ ਉਸਦੀ ਸਰੀਰਕ ਬਣਤਰ ਤੇ ਕੋਈ ਗੱਲ ਕਹਿਣ ਵਾਲੇ ਨੂੰ ਆਪਣੀ ਅਣਖ, ਗੈਰਤ ਤੇ ਵਾਰ ਸਮਝਿਆ ਜਾਂਦਾ ਹੈ, ਉਸੇ ਹੀ ਸਮਾਜ ਵਿੱਚ ਜਿਨ੍ਹਾਂ ਲੋਕਾਂ ਨਾਲ ਫਿਲਹਾਲ ਕੋਈ ਰਿਸ਼ਤਾ ਜੁੜਿਆ ਨਹੀਂ ਹੁੰਦਾ, ਉਨ੍ਹਾਂ ਨੂੰ ਆਪਣੀਆਂ ਧੀਆਂ ਦੀ ਸੁੰਦਰਤਾ ਦੀ ਪਰਖ ਕਰਨ ਦੀ ਆਗਿਆ ਦੇ ਦਿੰਦੇ ਹਾਂ। ਸਮਾਜ ਦਾ ਇਹ ਦੋਮੂੰਹਾ ਰੂਪ ਸਮਝ ਤੋਂ ਬਾਹਰ ਹੈ।

ਅਸਲ ਵਿੱਚ ਸਾਨੂੰ ਸੁੰਦਰਤਾ ਦੀ ਅਸਲ ਪਰਿਭਾਸ਼ਾ ਸਮਝਣ ਦੀ ਲੋੜ ਹੈ। ਸੋਹਣਾ ਉਹ ਜੋ ਸੋਹਣੇ ਕੰਮ ਕਰੇ, ਜੋ ਸਰੀਰਕ ਨਹੀਂ ਬਲਕਿ ਸੀਰਤ ਪੱਖੋਂ ਖ਼ੂਬਸੂਰਤ ਹੋਵੇ। ਜਿਸ ਵਿੱਚ ਹਰ ਕੰਮ ਨੂੰ ਸੁਹਜ ਨਾਲ ਕਰਨ ਦੀ ਲਿਆਕਤ ਹੋਵੇ, ਹੁਨਰ ਹੋਵੇ, ਕੁਝ ਕਰ ਵਿਖਾਉਣ ਦਾ ਜਜ਼ਬਾ ਹੋਵੇ। ਜੋ ਸੱਚ ਦਾ ਪਹਿਰੇਦਾਰ ਹੋਵੇ ਅਤੇ ਜੋ ਕਿਤੇ ਵੀ ਹੁੰਦੀ ਬੇਇਨਸਾਫ਼ੀ ਵਿਰੁੱਧ ਡੱਟ ਕੇ ਖੜਾ ਹੋਵਣ ਦੀ ਜੁੱਅਰਤ ਰੱਖਦਾ ਹੋਵੇ। ਅਜਿਹੇ ਲੋਕ ਖ਼ੂਬਸੂਰਤ ਲੋਕਾਂ ਦੀ ਕਤਾਰ ਵਿੱਚ ਸ਼ਾਮਿਲ ਹੁੰਦੇ ਹਨ। ਬਾਹਰੀ ਸੁੰਦਰਤਾ ਕੁਝ ਸਮੇਂ ਦੀ ਮਹਿਮਾਨ ਹੈ, ਇਸਦਾ ਪਾਣੀ ਵਿੱਚ ਪਏ ਪਤਾਸੇ ਵਾਂਗ ਖੁਰਨਾ ਸਿੱਧ ਹੈ।

ਸੋ ਜ਼ਰੂਰਤ ਹੈ ਸੁੰਦਰਤਾ ਦੇ ਸਹੀ ਅਰਥ ਸਮਝਣ ਦੀ ਅਤੇ ਆਪਣੇ ਬੱਚਿਆਂ ਨੂੰ ਵੀ ਸੁੰਦਰਤਾ ਦੀ ਸਹੀ ਪਹਿਚਾਣ ਦੱਸਣ ਦੀ। ਜੇਕਰ ਅਸੀਂ ਸੁੰਦਰਤਾ ਦੇ ਅਸਲ ਅਰਥ ਸਮਝਾਂਗੇ ਤਾਂ ਹੀ ਸਦੀਆਂ ਤੋਂ ਚੱਲਦੀ ਆ ਰਹੀ ਖ਼ੂਬਸੂਰਤੀ ਦੀ ਇਹ ਬਦਸੂਰਤ ਪਰਖ ਬੰਦ ਹੋ ਸਕਦੀ ਹੈ।




# ਪਰਿਵਾਰ ਰੂਪੀ ਫੁਲਵਾੜੀ ਨੂੰ ਮਹਿਕਾਉਂਦੀ ਹੈ ਔਰਤ



**ਜਸਪ੍ਰੀਤ ਕੌਰ ਸੰਘਾ**

ਸਿਰਜਣਹਾਰ ਦੀ ਸਿਰਜੀ ਹੋਈ ਸਭ ਤੋਂ ਪਿਆਰੀ ਅਤੇ ਸ੍ਰੇਸ਼ਟ ਰਚਨਾ ਹੈ ਔਰਤ। ਮੋਹ, ਮਮਤਾ, ਤਿਆਗ ਅਤੇ ਸਹਿਣਸ਼ੀਲਤਾ ਦੀ ਮੂਰਤ ਹੈ ਔਰਤ। ਔਰਤ ਧੀ ਬਣ ਕੇ ਧਰਤੀ ’ਤੇ ਆਉਂਦੀ ਹੈ ਤੇ ਆਪਣੇ ਆਖ਼ਰੀ ਸਾਹਾਂ ਤੱਕ ਅਨੇਕਾਂ ਰਿਸ਼ਤਿਆਂ ’ਚ ਜਿਉਂਦੀ ਹੈ। ਉਹ ਧੀ ਬਣਕੇ ਬਾਬਲ ਦੀ ਪੱਗ ਖ਼ਾਤਰ ਜਿਉਂਦੀ ਹੈ, ਭੈਣ ਬਣ ਵੀਰ ਦੀ ਰੱਖੜੀ ਦੀ ਲਾਜ ਰੱਖਦੀ ਹੈ, ਪਤਨੀ ਅਤੇ ਨੂੰਹ ਬਣ ਸਹੁਰੇ ਘਰ ਦੀ ਮਾਣ-ਮਰਿਆਦਾ ਲਈ ਆਪਣੀਆਂ ਖੁਸ਼ੀਆਂ ਨੂੰ ਮਾਰਦੀ ਹੈ ਅਤੇ ਮਾਂ ਬਣ ਔਲਾਦ ਦੇ ਮੋਹ ਖ਼ਾਤਰ ਆਪਣੀਆਂ ਸੱਧਰਾਂ ਦਾ ਤਿਆਗ ਕਰ ਦਿੰਦੀ ਹੈ। ਹਰ ਰਿਸ਼ਤੇ ਦਾ ਦਿਲੋਂ ਸਤਿਕਾਰ ਕਰਨਾ ਇਹ ਪਛਾਣ ਹੈ ਔਰਤ ਦੀ। ਔਰਤ ਮਰੀਅਮ ਬਣ ਕੇ ਜਿਉਂਦੀ ਹੈ ਅਤੇ ਲੋੜ ਪੈਣ ’ਤੇ ਚੰਡੀ ਦਾ ਰੂਪ ਵੀ ਧਾਰਨ ਕਰ ਲੈਂਦੀ ਹੈ। ਸਾਡੇ ਗੁਰੂਆਂ-ਪੀਰਾਂ ਨੇ ਔਰਤ ਨੂੰ ਜਗ-ਜਨਣੀ ਦਾ ਦਰਜਾ ਦਿੱਤਾ ਹੈ।

ਔਰਤ ਦਾ ਦੇਣ ਸਮਾਜ ਕਦੇ ਨਹੀਂ ਦੇ ਸਕਦਾ। ਜੇਕਰ ਧਰਤੀ ’ਤੇ ਔਰਤ ਹੈ ਤਾਂ ਹੀ ਧਰਤੀ ’ਤੇ ਜੀਵਨ ਸੰਭਵ ਹੈ ਪਰ ਸਾਡਾ ਸਮਾਜ ਉਸੇ ਜੀਵਨਦਾਤੀ ਦਾ ਦੁਸ਼ਮਣ ਬਣ ਬੈਠਾ ਹੈ। ਧਰਤੀ ’ਤੇ ਨਵੇਂ ਜੀਵਨ ਦੀ ਹੋਂਦ ਸਿਰਫ਼ ਔਰਤ ਕਰਕੇ ਹੀ ਸੰਭਵ ਹੈ, ਸਾਡਾ ਸਮਾਜ ਔਰਤ ਤੋਂ ਉਸ ਦਾ ਜਨਮ ਲੈਣ ਦਾ ਅਧਿਕਾਰ ਹੀ ਖੋਹ ਲੈਣਾ ਚਾਹੁੰਦਾ ਹੈ। ਮਰਦ ਅਤੇ ਔਰਤ ਦੇ ਲਿੰਗ ਅਨੁਪਾਤ ਸਬੰਧੀ ਜੋ ਅੰਕੜੇ ਸਾਹਮਣੇ ਆਏ ਹਨ, ਉਸ ਤੋਂ ਸਪੱਸ਼ਟ ਹੈ ਕਿ ਔਰਤ ਦੀ ਹੋਂਦ ਖ਼ਤਰੇ ਵਿਚ ਹੈ ਪਰ ਸੱਚਾਈ ਇਹ ਹੈ ਕਿ ਪੂਰੀ ਮਨੁੱਖੀ ਹੋਂਦ ਹੀ ਖ਼ਤਰੇ ਵਿੱਚ ਹੈ। ਔਰਤ ਹੈ ਤਾਂ ਪਰਿਵਾਰ ਹੈ, ਕਿਉਂਕਿ ਪਰਿਵਾਰ ਨੂੰ ਮੋਹ ਦੇ ਧਾਗੇ ਵਿੱਚ ਪਰੋਣ ਵਾਲੀ ਔਰਤ ਹੀ ਹੁੰਦੀ ਹੈ, ਭਾਵੇਂ ਉਹ ਖੁਦ ਸਾਰੀ ਜ਼ਿੰਦਗੀ ਪਿਆਰ ਅਤੇ ਸਤਿਕਾਰ ਲਈ ਤਰਸਦੀ ਹੈ ਪਰ ਖੁਦ ਉਹ ਪਿਆਰ ਅਤੇ ਖੁਸ਼ੀਆਂ ਹੀ ਵੰਡਦੀ ਹੈ।

ਮਰਦ ਪ੍ਰਧਾਨ ਸਮਾਜ ਵਿੱਚ ਔਰਤ ਕੋਲੋਂ ਸਨਮਾਨ ਦੀ ਇੱਛਾ ਤਾਂ ਹਰ ਕੋਈ ਰੱਖਦਾ ਹੈ ਪਰ ਉਸ ਦਾ ਸਨਮਾਨ ਕਰਨ ਦੀ ਇੱਛਾ ਕਿਸੇ ਵਿਰਲੇ ਅੰਦਰ ਹੀ ਹੁੰਦੀ ਹੈ। ਔਰਤ ਘਰ ਦਾ ਉਹ ਰੋਸ਼ਨ ਚਿਰਾਗ ਹੁੰਦੀ ਹੈ, ਜੋ ਖੁਦ ਜਲ਼ ਕੇ ਦੂਸਰਿਆਂ ਦੀ ਜ਼ਿੰਦਗੀ ਨੂੰ ਰੋਸ਼ਨ ਕਰਦੀ ਹੈ। ਔਰਤ ਹਰ ਰੂਪ ਦੇ ਵਿੱਚ ਮਹਾਨ ਹੈ ਪਰ ਫਿਰ ਵੀ ਸਮਾਜ ਵਿੱਚ ਔਰਤ ਸੁਰੱਖਿਅਤ ਨਹੀ ਹੈ। ਕਿਤੇ ਭਰੂਣ ਹੱਤਿਆ ਦੁਆਰਾ ਔਰਤ ਦੇ ਵਜੂਦ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਕਿਤੇ ਬਾਲ ਵਿਆਹ ਕਰਕੇ ਉਸ ਦਾ ਮਾਸੂਮ ਬਚਪਨ ਖੋਹਿਆ ਜਾ ਰਿਹਾ ਹੈ, ਕਿਤੇ ਦਹੇਜ ਦੀ ਅੱਗ ਵਿੱਚ ਉਹ ਸੜ ਰਹੀ ਹੈ, ਕਿਤੇ ਘਰੇਲੂ ਹਿੰਸਾ ਜਾਂ ਤੇਜ਼ਾਬ ਦੇ ਹਮਲਿਆਂ ਦਾ ਸ਼ਿਕਾਰ ਹੋ ਰੋਜ਼ ਤਿਲ-ਤਿਲ ਮਰਨ ਲਈ ਮਜਬੂਰ ਹੈ। ਚਾਹੇ ਘਰ, ਸਕੂਲ, ਕਾਲਜ ਜਾਂ ਦਫ਼ਤਰ ਕਿਤੇ ਵੀ ਹੋਵੇ, ਔਰਤ ਸਮਾਜ ਵਿੱਚ ਸੁਰੱਖਿਅਤ ਨਹੀਂ। ਉਸ ਦਾ ਸਾਰਾ ਜੀਵਨ ਹੀ ਸੰਘਰਸ਼ ਬਣ ਕੇ ਰਹਿ ਗਿਆ ਹੈ। ਔਰਤ ਨੂੰ ਵਸਤੂ ਸਮਝ ਕੇ ਵਰਤਣ ਵਾਲਾ ਮਰਦ ਪਤਾ ਨਹੀ ਕਿਉਂ ਭੁੱਲ ਜਾਂਦਾ ਹੈ ਕਿ ਉਸ ਨੂੰ ਜਨਮ ਦੇਣ ਵਾਲੀ ਵੀ ਤਾਂ ਇੱਕ ਔਰਤ ਹੀ ਹੈ। ਔਰਤ ਨੂੰ ਵਸਤੂ ਸਮਝਣ ਵਾਲਿਆ, ਤੂੰ ਵੀ ਤਾਂ ਕਿਸੇ ਔਰਤ ਦਾ ਜਾਇਆ ਹੈ। ਕਿਤੇ ਔਰਤ ਬਣ ਕੇ ਤਾਂ ਦੇਖ, ਅਸੀਂ ਕਿੰਨਾ ਦਰਦ ਹੰਢਾਇਆ ਹੈ।

ਅਸੀਂ ਭਾਵੇਂ 21ਵੀ ਸਦੀ ਵਿੱਚ ਵਿਚਰ ਰਹੇ ਹਾਂ ਪਰ ਔਰਤ ਪ੍ਰਤੀ ਸੋਚ ਉਹੀ ਸਦੀਆਂ ਪੁਰਾਣੀ ਰੂੜੀਵਾਦੀ ਹੈ। ਸਾਨੂੰ ਸੁੰਦਰ ਨੂੰਹ ਘਰ ਵਿੱਚ ਚਾਹੀਦੀ ਹੈ ਪਰ ਘਰ ਵਿੱਚ ਧੀ ਦੀ ਹੋਂਦ ਸਾਨੂੰ ਬਰਦਾਸ਼ਤ ਨਹੀ ਹੁੰਦੀ। ਔਰਤ ਦੀ ਸਾਰੀ ਜ਼ਿੰਦਗੀ ਮਕਾਨ ਨੂੰ ਘਰ ਬਣਾਉਣ ਵਿੱਚ ਨਿਕਲ ਜਾਂਦੀ ਹੈ ਪਰ ਫਿਰ ਵੀ ਇਹੀ ਕਿਹਾ ਜਾਂਦਾ ਹੈ ਕਿ ਔਰਤ ਦਾ ਆਪਣਾ ਕੋਈ ਘਰ ਨਹੀ ਹੁੰਦਾ। ਇਹ ਸਾਡੀ ਸਵਾਰਥੀ ਸੋਚ ਨਹੀ ਤਾਂ ਹੋਰ ਕੀ ਹੈ? ਇੱਕ ਔਰਤ ਜੋ ਹਰ ਰਿਸ਼ਤੇ ਲਈ ਆਪਾ ਕੁਰਬਾਨ ਕਰ ਦਿੰਦੀ ਹੈ, ਫਿਰ ਉਹ ਉਸ ਰਿਸ਼ਤੇ ਤੋਂ ਪਿਆਰ ਅਤੇ ਸਤਿਕਾਰ ਦੀ ਆਸ ਕਿਉਂ ਨਹੀ ਰੱਖ ਸਕਦੀ? ਅੱਜ ਵੀ ਔਰਤ ਘਰ ਦੀ ਚਾਰਦੀਵਾਰੀ ’ਚ ਕੈਦ ਹੈ। ਉਹ ਆਪਣੀ ਹੀ ਜ਼ਿੰਦਗੀ ਆਪਣੇ ਹਿਸਾਬ ਨਾਲ ਨਹੀ ਜੀਅ ਸਕਦੀ।

ਜੇਕਰ ਔਰਤ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰੀਏ ਤਾਂ ਉਹ ਕਿਸੇ ਵੀ ਖੇਤਰ ਵਿੱਚ ਮਰਦ ਤੋਂ ਪਿੱਛੇ ਨਹੀ ਹੈ, ਚਾਹੇ ਉਹ ਪੜ੍ਹਾਈ ਦਾ ਖੇਤਰ ਹੋਵੇ, ਖੇਡਾਂ ਦਾ ਖੇਤਰ ਜਾਂ ਜ਼ਿੰਦਗੀ ਦਾ ਹੋਰ ਕੋਈ ਵੀ ਖੇਤਰ ਹੋਵੇ। ਹਰ ਖੇਤਰ ਵਿੱਚ ਔਰਤ ਮਰਦ ਦੇ ਮੋਢੇ ਨਾਲ ਮੋਢਾ ਲਗਾ ਕੇ ਚਲ ਰਹੀ ਹੈ। ਸਾਡਾ ਸਮਾਜ ਔਰਤ ਨੂੰ ਬੋਝ ਮੰਨਦਾ ਹੈ ਪਰ ਔਰਤ ਬੋਝ ਨਹੀ ਜਨਮਦਾਤੀ ਹੈ। ਗੁਰੂ ਗੋਬਿੰਦ ਸਿੰਘ ਜੀ, ਸ਼ਿਵਾ ਜੀ, ਮਹਾਰਾਣਾ ਪ੍ਰਤਾਪ, ਮਹਾਰਾਜਾ ਰਣਜੀਤ ਸਿੰਘ ਅਤੇ ਭਗਤ ਸਿੰਘ ਜਿਹੇ ਸੂਰਬੀਰਾਂ ਨੂੰ ਜਨਮ ਦੇਣ ਵਾਲੀ ਵੀ ਔਰਤ ਹੀ ਹੈ। ਰਾਣੀ ਲਕਸ਼ਮੀ ਬਾਈ, ਕਲਪਨਾ ਚਾਵਲਾ ਅਤੇ ਮਦਰ ਟਰੇਸਾ ਜਿਹੀਆਂ ਔਰਤਾਂ ਸਾਡੇ ਸਮਾਜ ਲਈ ਮਿਸਾਲ ਹਨ, ਜਿਨ੍ਹਾਂ ਨੂੰ ਅੱਜ ਵੀ ਉਨ੍ਹਾਂ ਦੇ ਗੁਣਾ ਕਾਰਨ ਯਾਦ ਕੀਤਾ ਜਾਂਦਾ ਹੈ। ਅੱਜ ਦੀ ਔਰਤ ਘਰ ਵਿੱਚ ਰਹਿੰਦੀ ਹੋਈ ਘਰ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਉਂਦੀ ਹੈ ਅਤੇ ਬਾਹਰਲੀ ਦੁਨੀਆ ਵਿੱਚ ਵਿਚਰਦੀ ਹੋਈ ਮਰਦ ਦੇ ਬਰਾਬਰ ਵੀ ਚੱਲ ਰਹੀ ਹੈ। ਫਿਰ ਕਿਉਂ ਸਮਝਿਆ ਜਾਂਦਾ ਹੈ ਕਿ ਇਸ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਮਰਦ ਤੋਂ ਪਿੱਛੇ ਹੈ? ਕਿਉਂ ਔਰਤ ਨੂੰ ਵਿਚਾਰੀ ਅਤੇ ਅਬਲਾ ਕਹਿ ਕੇ ਤਰਸ ਦਾ ਪਾਤਰ ਬਣਾਇਆ ਜਾਂਦਾ ਹੈ ?

ਲੋੜ ਹੈ ਔਰਤ ਪ੍ਰਤੀ ਆਪਣੀ ਸੋਚ ਬਦਲਣ ਦੀ। ਅੱਜ ਸਮਾਜ ਵਿੱਚ ਔਰਤ ਦੀ ਸਥਿਤੀ ਜੇਕਰ ਕਮਜ਼ੋਰ ਹੈ ਤਾਂ ਉਸ ਦੇ ਲਈ ਔਰਤ ਕਾਫ਼ੀ ਹੱਦ ਤੱਕ ਖੁਦ ਵੀ ਜ਼ਿੰਮੇਵਾਰ ਹੈ ਕਿਉਂਕਿ ਜੁਲਮ ਕਰਨ ਨਾਲੋਂ ਵੱਡਾ ਪਾਪ ਜੁਲਮ ਨੂੰ ਸਹਿਣਾ ਹੁੰਦਾ ਹੈ । ਲੋੜ ਹੈ ਔਰਤ ਦੁਆਰਾ ਆਪਣੀ ਸ਼ਕਤੀ ਨੂੰ ਪਛਾਣ ਦੀ ਅਤੇ ਆਪਣੇ ਵਜੂਦ ਦੀ ਲੜਾਈ ਆਪ ਲੜਨ ਦੀ। ਅਸਲ ਵਿੱਚ ਸਮਾਜ ਨੇ ਔਰਤ ਦੀ ਸਹਿਣਸ਼ੀਲਤਾ ਨੂੰ ਉਸ ਦੀ ਕਮਜ਼ੋਰੀ ਸਮਝ ਲਿਆ ਹੈ। ਔਰਤ ਸਮਾਜ ਲਈ, ਪਰਿਵਾਰ ਲਈ ਬੋਝ ਨਹੀ ਹੈ। ਔਰਤ ਤਾਂ ਮੋਹ, ਮਮਤਾ ਦੀ ਉਹ ਵਹਿੰਦੀ ਨਦੀ ਹੈ, ਜੋ ਪਰਿਵਾਰ ਰੂਪੀ ਫੁਲਵਾੜੀ ਨੂੰ ਮਹਿਕਾਉਂਦੀ ਹੈ।



# ਕੁਦਰਤ ਦੀ ਅਜ਼ੀਮ ਸਿਰਜਣਾ ਹੈ ਨਾਰੀ

**ਕੁਲਵਿੰਦਰਜੀਤ ਚਾਵਲਾ**

ਨਾਰੀ ਸਿਰਫ਼ ਇੱਕ ਜੀਵ ਨਹੀਂ, ਇੱਕ ਸੰਵੇਦਨਾ ਹੈ; ਸਿਰਫ਼ ਇੱਕ ਰਿਸ਼ਤਾ ਨਹੀਂ, ਪੂਰੀ ਕਾਇਨਾਤ ਦੀ ਨਰਮੀ ਤੇ ਮਜ਼ਬੂਤੀ ਦਾ ਮਿਲਾਪ ਹੈ। ਉਸ ਦੇ ਅੰਦਰ ਦਰਿਆਵਾਂ ਵਰਗੀ ਰਵਾਨੀ ਹੈ, ਜੋ ਪੱਥਰਾਂ ਨਾਲ ਟਕਰਾ ਕੇ ਵੀ ਆਪਣਾ ਰਸਤਾ ਬਣਾਉਂਦੀਹੈ। ਉਹ ਮਿੱਟੀ ਵਾਂਗ ਢਲ ਜਾਣ ਵਾਲੀ ਵੀ ਹੈ ਤੇ ਪਹਾੜ ਵਾਂਗ ਅਡੋਲ ਵੀ। ਉਸ ਦਾ ਦਿਲ ਮਮਤਾ ਨਾਲ ਭਰਿਆ ਹੋਇਆ ਹੈ ਪਰ ਉਸ ਦੀ ਰੂਹ ਵਿੱਚ ਅਸਾਧਾਰਣ ਧੀਰਜ ਅਤੇ ਜ਼ਿੰਦਗੀ ਨਾਲ ਲੜ ਜਾਣ ਦੀ ਤਾਕਤ ਵੱਸਦੀ ਹੈ। ਉਹ ਜਨਮ ਦਿੰਦੀ ਹੈ, ਪਾਲਦੀ ਹੈ, ਜੋੜਦੀ ਹੈ। ਔਰਤ ਦਾ ਸੁਭਾਅ ਨਰਮੀ ਅਤੇ ਹਿੰਮਤ ਦਾ ਸੁੰਦਰ ਸੰਤੁਲਨ ਹੈ ਪਰ ਵੇਖਣ ਵਿੱਚ ਆਉਂਦਾ ਹੈ ਕਿ ਉਸ ਦੀ ਸਹਿਣਸ਼ੀਲਤਾ ਅਕਸਰ ਉਸ ਲਈ ਨੁਕਸਾਨਦੇਹ ਹੀ ਸਾਬਤ ਹੁੰਦੀ ਹੈ।

ਸਦੀਆਂ ਤੋਂ ਔਰਤ ਨੂੰ ਸਿਖਾਇਆ ਗਿਆ ਹੈ ਕਿ ਸਹਿਣਾ, ਚੁੱਪ ਰਹਿਣਾ, ਰਿਸ਼ਤੇ ਬਚਾਉਣਾ, ਘਰ ਜੋੜਨਾ ਅਤੇ ਆਪਣਾ ਮਨ ਮਾਰਨਾ ਉਸ ਦੇ ਫ਼ਰਜਾਂ ਵਿੱਚ ਸ਼ਾਮਲ ਹੈ। ਉਸ ਦੀ ਸ਼ਲਾਘਾ ਵੀ ਉਦੋਂ-ਉਦੋਂ ਹੀ ਹੁੰਦੀ ਰਹੀ ਜਦੋਂ-ਜਦੋਂ ਉਸ ਨੇ ਆਪਣੀ ਇੱਛਾ ਨੂੰ ਪਿੱਛੇ ਰੱਖ ਕੇ ਦੂਜਿਆਂ ਦੀ ਖ਼ੁਸ਼ੀ ਨੂੰ ਪਹਿਲ ਦਿੱਤੀ। ਉਸ ਨੂੰ ਕਿਹਾ ਗਿਆ ਕਿ ਉਹ ਮਮਤਾ ਦੀ ਮੂਰਤ ਹੈ, ਤਿਆਗ ਦੀ ਮਿਸਾਲ ਹੈ, ਸਹਿਨਸ਼ੀਲਤਾ ਦੀ ਦੇਵੀ ਹੈ। ਪਰ ਕਿਸੇ ਨੇ ਇਹ ਨਹੀਂ ਸਿਖਾਇਆ ਕਿ ਉਹ ਆਪਣੇ ਲਈ ਵੀ ਖੜ੍ਹੀ ਹੋ ਸਕਦੀ ਹੈ। ਉਹ ‘ਨਾਂਹ’ ਵੀ ਕਹਿ ਸਕਦੀ ਹੈ।

‘ਨਾਂਹ’ ਸਿਰਫ਼ ਇੱਕ ਸ਼ਬਦ ਨਹੀਂ, ਇੱਕ ਐਲਾਨ ਹੈ, ਜੋ ਕਿਸੇ ਵੀ ਔਰਤ ਲਈ ਮਹੱਤਵਪੂਰਨ ਔਜ਼ਾਰ ਹੈ। ਇਹ ਆਪਣੀ ਹੋਂਦ ਦੀ ਪਛਾਣ ਹੈ; ਆਪਣੇ ਮਨ, ਆਪਣੇ ਸਰੀਰ ਅਤੇ ਆਪਣੀ ਇੱਛਾ ਉੱਤੇ ਆਪਣੇ ਹੱਕ ਦੀ ਮੋਹਰ ਹੈ। ਪਰ ਸਮਾਜ ਨੇ ਇਸ ਇੱਕ ਸ਼ਬਦ ਨੂੰ ਔਰਤ ਲਈ ਇੰਨਾ ਭਾਰੀ ਬਣਾ ਦਿੱਤਾ ਹੈ ਕਿ ਉਹ ਇਸ ਨੂੰ ਜੁਬਾਨ ’ਤੇ ਲਿਆਉਣ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਦੋਸ਼ੀ ਸਮਝਣ ਲੱਗ ਪੈਂਦੀ ਹੈ।

ਬਚਪਨ ਤੋਂ ਹੀ ਕੁੜੀ ਨੂੰ ਸਿਖਾਇਆ ਜਾਂਦਾ ਹੈ ਕਿ ਵੱਡਿਆਂ ਅੱਗੇ ਜਵਾਬ ਨਹੀਂ ਦੇਣਾ। ਜੇ ਉਹ ਆਪਣੀ ਪਸੰਦ, ਨਾ-ਪਸੰਦ ਬਿਆਨ ਕਰੇ ਤਾਂ ਕਿਹਾ ਜਾਂਦਾ ਹੈ ਕਿ ਬਹੁਤ ਜ਼ਿੱਦੀ ਹੈ। ਜਵਾਨੀ ਵਿੱਚ ਉਹ ਆਪਣੇ ਸੁਪਨੇ ਚੁਣੇ ਤਾਂ ਉਸ ਨੂੰ ਸਮਝਾਇਆ ਜਾਂਦਾ ਹੈ ਕਿ ਘਰ ਦੀ ਇੱਜ਼ਤ ਪਹਿਲਾਂ ਹੈ। ਵਿਆਹ ਤੋਂ ਬਾਅਦ ਉਸ ਦੀ ਜ਼ਿੰਦਗੀ ਉੱਤੇ ਕਈ ਅਣਕਹੀਆਂ ਸ਼ਰਤਾਂ ਲਾਗੂ ਹੋ ਜਾਂਦੀਆਂ ਹਨ। ਉਸ ਦੀ ਖਾਮੋਸ਼ੀ ਨੂੰ ਉਸ ਦੀ ਸ਼ਰਾਫ਼ਤ ਮੰਨਿਆ ਜਾਂਦਾ ਹੈ। ਉਸ ਦੀ ਸਹਿਮਤੀ ਨੂੰ ਗੌਣ ਸਮਝਿਆ ਜਾਂਦਾ ਹੈ। ਇਹੀ ਉਹ ਥਾਂ ਹੈ ਜਿੱਥੇ ‘ਨਾਂਹ’ ਦੀ ਲੋੜ ਸਭ ਤੋਂ ਵੱਧ ਹੈ।

ਜਦੋਂ ਕੋਈ ਤੁਹਾਡੇ ਸਮੇਂ ਉੱਤੇ ਤੁਹਾਡੇ ਤੋਂ ਬਿਨਾਂ ਪੁੱਛੇ ਕਬਜ਼ਾ ਕਰੇ, ਨਾਂਹ ਕਹੋ। ਜਦੋਂ ਕੋਈ ਤੁਹਾਡੀ ਮਿਹਨਤ ਨੂੰ ਹੱਕ ਸਮਝੇ, ਨਾਂਹ ਕਹੋ। ਜਦੋਂ ਕੋਈ ਤੁਹਾਡੇ ਸਰੀਰ ਜਾਂ ਮਨ ਦੀ ਹੱਦ ਪਾਰ ਕਰੇ, ਉਸ ਵਕਤ ਨਾਂਹ ਕਹੋ। ਜਦੋਂ ਕੋਈ ਤੁਹਾਡੇ ਸੁਪਨਿਆਂ ਨੂੰ ਮਜ਼ਾਕ ਬਣਾਏ, ਨਾਂਹ ਕਹੋ।

ਨਾਂਹ ਕਹਿਣਾ ਬੇਅਦਬੀ ਨਹੀਂ। ਇਹ ਆਪਣੇ ਆਪ ਦੀ ਇੱਜ਼ਤ ਕਰਨਾ ਹੈ। ਇਹ ਆਪਣੇ ਮਨ ਦੀ ਆਵਾਜ਼ ਸੁਣਨਾ ਹੈ। ਜੋ ਔਰਤ ਹਰ ਵੇਲੇ ‘ਹਾਂ’ ਕਹਿੰਦੀ ਰਹਿੰਦੀ ਹੈ, ਅਖ਼ੀਰ ਉਹ ਆਪਣੇ ਅੰਦਰੋਂ ਖ਼ਾਲੀ ਹੋ ਜਾਂਦੀ ਹੈ। ਉਹ ਦੂਜਿਆਂ ਲਈ ਜਿਉਂਦੀ-ਜਾਗਦੀ ਆਪਣੀ ਪਛਾਣ ਗੁਆ ਬੈਠਦੀ ਹੈ।

ਕੀ ਤੁਹਾਨੂੰ ਪਤਾ ਹੈ ਸਮਾਜ ਨੂੰ ਔਰਤ ਦੀ ‘ਨਾਂਹ’ ਤੋਂ ਡਰ ਕਿਉਂ ਲੱਗਦਾ ਹੈ? ਕਿਉਂਕਿ ‘ਨਾਂਹ’ ਸਵਾਲ ਪੈਦਾ ਕਰਦੀ ਹੈ। ‘ਨਾਂਹ’ ਰਵਾਇਤਾਂ ਨੂੰ ਚੁਣੌਤੀ ਦਿੰਦੀ ਹੈ। ‘ਨਾਂਹ’ ਚੁੱਪ ਦੀ ਕੰਧ ਨੂੰ ਢਾਹੁੰਦੀ ਹੈ ਅਤੇ ਸਭ ਤੋਂ ਵੱਡੀ ਗੱਲ, ‘ਨਾਂਹ’ ਔਰਤ ਨੂੰ ਸਿਰਫ਼ ਇੱਕ ਭੂਮਿਕਾ ਵਜੋਂ ਨਹੀਂ ਬਲਕਿ ਵਿਅਕਤੀ ਵਜੋਂ ਖੜ੍ਹਾ ਕਰਦੀ ਹੈ।

ਅਕਸਰ ਔਰਤਾਂ ਨੂੰ ਦੋਸ਼ੀ ਹੋਣ ਦੇ ਜਾਲ਼ ਵਿੱਚ ਫਸਾ ਦਿੱਤਾ ਜਾਂਦਾ ਹੈ। ਜੇ ਉਹ ਆਪਣੇ ਲਈ ਸਮਾਂ ਮੰਗਦੀਆਂ ਹਨ ਤਾਂ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਘਰ ਦੀ ਪਰਵਾਹ ਨਹੀਂ। ਜੇ ਉਹ ਕੈਰੀਅਰ ਚੁਣਨ ਤਾਂ ਕਿਹਾ ਜਾਂਦਾ ਹੈ ਕਿ ਪਰਿਵਾਰ ਪਿੱਛੇ ਰਹਿ ਗਿਆ। ਜੇ ਉਹ ਜ਼ਿਆਦਤੀ ਦੇ ਖ਼ਿਲਾਫ਼ ਬੋਲਣ ਤਾਂ ਕਿਹਾ ਜਾਂਦਾ ਹੈ ਕਿ ਘਰ ਦੀ ਗੱਲ ਬਾਹਰ ਕਿਉਂ ਲੈ ਗਈਆਂ। ਇਨ੍ਹਾਂ ਦੋਸ਼ਾਂ ਦੇ ਕਾਰਨ ਕਈ ਔਰਤਾਂ ਆਪਣੇ ਹੱਕ ਤੋਂ ਵੀ ਹੱਥ ਖਿੱਚ ਲੈਂਦੀਆਂ ਹਨ ਪਰ ਸੱਚ ਇਹ ਹੈ ਕਿ ਜੋ ਔਰਤ ਆਪਣੇ ਲਈ ਖੜ੍ਹੀ ਨਹੀਂ ਹੋ ਸਕਦੀ, ਉਹ ਕਿਸੇ ਹੋਰ ਲਈ ਵੀ ਮਜ਼ਬੂਤ ਸਹਾਰਾ ਨਹੀਂ ਬਣ ਸਕਦੀ। ਆਪਣੇ ਆਪ ਨੂੰ ਮਿਟਾ ਦੇਣਾ ਕੋਈ ਮਹਾਨਤਾ ਨਹੀਂ। ਆਪਣੀ ਆਵਾਜ਼ ਨੂੰ ਜਿਉਂਦਾ ਰੱਖਣਾ ਹੀ ਅਸਲ ਹਿੰਮਤ ਹੈ।

ਨਾਂਹ ਕਹਿਣਾ ਇੱਕ ਅਭਿਆਸ ਹੈ। ਪਹਿਲੀ ਵਾਰ ਡਰ ਲੱਗਦਾ ਹੈ; ਦਿਲ ਧੜਕਦਾ ਹੈ। ਲੱਗਦਾ ਹੈ ਰਿਸ਼ਤੇ ਟੁੱਟ ਜਾਣਗੇ; ਲੋਕ ਨਾਰਾਜ਼ ਹੋ ਜਾਣਗੇ ਪਰ ਹੌਲੀ-ਹੌਲੀ ਇਹੀ ‘ਨਾਂਹ’ ਤੁਹਾਡੇ ਅੰਦਰ ਇਕ ਨਵੀਂ ਮਜ਼ਬੂਤੀ ਪੈਦਾ ਕਰਦੀ ਹੈ। ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਆਪਣੇ ਜੀਵਨ ਦਾ ਸਟੀਅਰਿੰਗ ਆਪਣੇ ਹੱਥਾਂ ਵਿੱਚ ਲੈ ਰਹੇ ਹੋ।

ਇਹ ਵੀ ਯਾਦ ਰੱਖਣਾ ਜਰੂਰੀ ਹੈ ਕਿ ‘ਨਾਂਹ’ ਹਮੇਸ਼ਾਂ ਚੀਕ ਕੇ ਨਹੀਂ ਕਹਿਣੀ ਪੈਂਦੀ। ਕਈ ਵਾਰ ਇਹ ਸ਼ਾਂਤ, ਠੋਸ ਅਤੇ ਸਾਫ਼ ਲਹਿਜ਼ੇ ਵਿੱਚ ਵੀ ਕਹੀ ਜਾਂਦੀ ਹੈ। ਬਿਨਾਂ ਗੁੱਸੇ, ਬਿਨਾਂ ਨਫ਼ਰਤ; ਸਿਰਫ਼ ਆਪਣੇ ਹੱਕ ਦੇ ਸਪਸ਼ਟ ਐਲਾਨ ਵਜੋਂ। ‘ਮੈਨੂੰ ਇਹ ਮਨਜ਼ੂਰ ਨਹੀਂ।’ ‘ਮੈਂ ਇਹ ਨਹੀਂ ਕਰ ਸਕਦੀ।’ ‘ਇਹ ਮੇਰੀ ਹੱਦ ਹੈ।’ ਇਹ ਵਾਕ ਔਰਤ ਨੂੰ ਕਮਜ਼ੋਰ ਨਹੀਂ, ਸਪਸ਼ਟ ਬਣਾਉਂਦੇ ਹਨ।

ਸਮਾਜ ਵਿੱਚ ਬਦਲਾਅ ਵੀ ਉਦੋਂ ਹੀ ਆਵੇਗਾ ਜਦੋਂ ਘਰਾਂ ਵਿੱਚ ਕੁੜੀਆਂ ਨੂੰ ਸਿਖਾਇਆ ਜਾਵੇਗਾ ਕਿ ਉਹ ਆਪਣੀ ਗੱਲ ਰੱਖ ਸਕਦੀਆਂ ਹਨ। ਜਦੋਂ ਮਾਪੇ ਧੀਆਂ ਨੂੰ ਇਹ ਵਿਸ਼ਵਾਸ ਦੇਣਗੇ ਕਿ ਉਨ੍ਹਾਂ ਦੀ ਆਵਾਜ਼ ਮਹੱਤਵਪੂਰਨ ਹੈ। ਜਦੋਂ ਪੁੱਤਰਾਂ ਨੂੰ ਵੀ ਇਹ ਸਿਖਾਇਆ ਜਾਵੇਗਾ ਕਿ ਕਿਸੇ ਦੀ ‘ਨਾਂਹ’ ਦਾ ਸਤਿਕਾਰ ਕਰਨਾ ਹੀ ਅਸਲ ਮਰਿਆਦਾ ਅਤੇ ਮਰਦਾਨਗੀ ਹੈ।

ਅਸੀਂ ਅਕਸਰ ਸ਼ਕਤੀਸ਼ਾਲੀ ਔਰਤ ਦੀ ਗੱਲ ਕਰਦੇ ਹਾਂ। ਪਰ ਸ਼ਕਤੀ ਦਾ ਅਰਥ ਸਿਰਫ਼ ਬਾਹਰਲੀ ਪ੍ਰਾਪਤੀਆਂ ਨਹੀਂ। ਅਸਲ ਸ਼ਕਤੀ ਇਹ ਹੈ ਕਿ ਔਰਤ ਆਪਣੇ ਅੰਦਰ ਦੀ ਆਵਾਜ਼ ਨੂੰ ਦਬਾਏ ਨਾ। ਉਹ ਆਪਣੀ ਸੀਮਾ ਤੈਅ ਕਰੇ। ਉਹ ਆਪਣੇ ਮਨ ਦੀ ਮਾਲਕ ਹੋਵੇ।

‘ਨਾਂਹ’ ਕਹਿਣਾ ਰਿਸ਼ਤਿਆਂ ਨੂੰ ਤੋੜਦਾ ਨਹੀਂ, ਸਾਫ਼ ਕਰਦਾ ਹੈ। ਜੋ ਰਿਸ਼ਤਾ ਸਿਰਫ਼ ਤੁਹਾਡੀ ਚੁੱਪ ’ਤੇ ਟਿਕਿਆ ਹੈ, ਉਹ ਪਹਿਲਾਂ ਹੀ ਕਮਜ਼ੋਰ ਹੈ। ਜੋ ਰਿਸ਼ਤਾ ਤੁਹਾਡੀ ਸਪੱਸ਼ਟਤਾ ਨੂੰ ਸਹਿ ਨਹੀਂ ਸਕਦਾ, ਉਹ ਸੱਚਾ ਨਹੀਂ। ਸਿਹਤਮੰਦ ਰਿਸ਼ਤੇ ਉਹ ਹਨ ਜਿੱਥੇ ਦੋਵਾਂ ਪਾਸਿਆਂ ਦੀ ਇੱਛਾ ਅਤੇ ਹੱਦਾਂ ਦਾ ਆਦਰ ਹੋਵੇ।

ਅੱਜ ਲੋੜ ਹੈ ਕਿ ਹਰ ਔਰਤ ਆਪਣੇ ਨਾਲ ਇਕ ਵਾਅਦਾ ਕਰੇ ਕਿ ਉਹ ਆਪਣੇ ਮਨ ਦੀ ਅਣਸੁਣੀ ਨਹੀਂ ਕਰੇਗੀ; ਕਿਸੇ ਵੀ ਜ਼ਬਰਦਸਤੀ ਨੂੰ ਸਹਿਮਤੀ ਨਹੀਂ ਬਣਾਏਗੀ ਕਿ ਉਹ ਡਰ ਕਰਕੇ ਚੁੱਪ ਨਹੀਂ ਰਹੇਗੀ। ਜਿੱਥੇ ਲੋੜ ਹੋਵੇਗੀ, ਨਾਂਹ ਕਹੇਗੀ। ਕਿਉਂਕਿ ‘ਨਾਂਹ’ ਬਗ਼ਾਵਤ ਨਹੀਂ, ਬਚਾਅ ਹੈ; ਹੰਕਾਰ ਨਹੀਂ, ਆਤਮ-ਸਨਮਾਨ ਹੈ। ‘ਨਾਂਹ’ ਤੋੜਫੋੜ ਨਹੀਂ, ਆਪਣੀ ਹੱਦ ਦੀ ਰੇਖਾ ਹੈ।

ਔਰਤੋਂ, ਯਾਦ ਰੱਖੋ, ਤੁਹਾਡੀ ਜ਼ਿੰਦਗੀ ਤੁਹਾਡੀ ਹੈ। ਤੁਹਾਡਾ ਸਰੀਰ ਤੁਹਾਡਾ ਹੈ। ਤੁਹਾਡਾ ਸਮਾਂ ਤੁਹਾਡਾ ਹੈ। ਤੁਹਾਡੀ ਚੁੱਪ ਕੋਈ ਫ਼ਰਜ਼ ਨਹੀਂ। ਤੁਹਾਡੀ ਸਹਿਮਤੀ ਕੋਈ ਮਜ਼ਬੂਰੀ ਨਹੀਂ।

ਇਸ ਲਈ ਅੱਜ ਤੋਂ, ਹੁਣ ਤੋਂ ਹੀ ਮਿੱਥ ਲਓ ਕਿ ਜੇ ਤੁਹਾਡਾ ਮਨ ਨਾ ਮੰਨੇ ਤਾਂ ਨਾਂਹ ਕਹੋ।

ਜੇ ਹੱਕ ਉੱਤੇ ਸੱਟ ਵੱਜੇ, ਤਾਂ ਨਾਂਹ ਕਹੋ। ਜੇ ਹੋਂਦ ਨੂੰ ਖ਼ਤਰਾ ਹੋਵੇ ਤਾਂ ਨਾਂਹ ਕਹੋ ਕਿਉਂਕਿ ਜਦੋਂ ਔਰਤ ਨਾਂਹ ਕਹਿਣਾ ਸਿੱਖ ਲੈਂਦੀ ਹੈ, ਓਦੋਂ ਹੀ ਉਹ ਸਹੀ ਅਰਥਾਂ ਵਿੱਚ ਜਿਊਣਾ ਸਿੱਖਦੀ ਹੈ।



# ਓਹਦਾ ਦਿੱਤਾ ਸਭ ਕੁਝ ਹੈ ...!

**ਬਰਜਿੰਦਰ ਕੌਰ ਬਿਸਰਾਓ**

ਤਾਈ ਰਾਮ ਕੌਰ ਦੀ ਉਮਰ ਚਾਹੇ ਅੱਸੀ-ਪਚਾਸੀ ਸਾਲਾਂ ਦੀ ਹੋ ਗਈ ਸੀ, ਪਰ ਉਸ ਦਾ ਸਰੀਰ ਇਕਹਿਰਾ ਤੇ ਤੰਦਰੁਸਤ ਪਿਆ ਸੀ। ਉਸ ਦਾ ਰੰਗ ਗੋਰਾ ਤੇ ਚਿਹਰੇ ’ਤੇ ਪੂਰੀ ਰੌਣਕ ਸੀ। ਚਿੱਟੇ ਦੁੱਧ ਧੋਤੇ ਕੱਪੜੇ ਉਸ ਦੇ ਬੁਢਾਪੇ ਦਾ ਸ਼ਿੰਗਾਰ ਸਨ, ਜੋ ਉਸ ਦੀ ਸ਼ਖ਼ਸੀਅਤ ਨੂੰ ਹੋਰ ਨਿਖ਼ਾਰ ਦਿੰਦੇ। ਉਸ ਦੀ ਨਿਗਾਹ ਚਾਹੇ ਘਟ ਗਈ ਸੀ, ਪਰ ਪਛਾਣ ਸਭ ਨੂੰ ਲੈਂਦੀ ਸੀ। ਕੋਲ ਰੁਕ ਕੇ ਕਿਸੇ ਨੇ ਉਸ ਦਾ ਹਾਲ ਚਾਲ ਪੁੱਛਣਾ ਤਾਂ ਉਸ ਨੇ ਕਹਿਣਾ, “ਬਹੁਤ ਵਧੀਆ... ਬਹੁਤ ਵਧੀਆ... ਰੱਬ ਨੇ ਰੰਗ ਭਾਗ ਲਾਏ ਪਏ ਨੇ... ਓਹਦਾ ਦਿੱਤਾ ਸਭ ਕੁਝ ਐ...!” ਇਹ ਆਖਦਿਆਂ ਦੋਵੇਂ ਹੱਥ ਜੋੜ ਕੇ ਉੱਪਰ ਨੂੰ ਦੇਖਦੀ ਹੋਈ ਰੱਬ ਦੇ ਸੌ ਸੌ ਸ਼ੁਕਰਾਨੇ ਕਰਦੀ। ਦਰਅਸਲ ਹੁਣ ਤਾਂ ਤਾਈ ਨੂੰ ਰੱਬ ਦਾ ਦਿੱਤਾ ਹੋਇਆ ਸਭ ਕੁਝ ਸੀ। ਸੱਚਮੁੱਚ ਹੀ ਉਸ ਨੂੰ ਹੁਣ ਕਿਸੇ ਚੀਜ਼ ਦੀ ਕਮੀ ਨਹੀਂ ਸੀ। ਉਸ ਦਾ ਇੱਕੋ ਪੁੱਤਰ ਸੀ, ਜੋ ਸਰਕਾਰੀ ਅਫ਼ਸਰ ਲੱਗਿਆ ਹੋਇਆ ਸੀ। ਉਸ ਦੀ ਪਤਨੀ ਅਤੇ ਬੱਚੇ ਉਸ ਨਾਲ ਹੀ ਰਹਿੰਦੇ ਸਨ। ਜਦੋਂ ਉਨ੍ਹਾਂ ਨੂੰ ਸਮਾਂ ਮਿਲਦਾ, ਉਹ ਤਾਈ ਕੋਲ਼ ਦੋ ਚਾਰ ਦਿਨ ਲਾ ਜਾਂਦੇ ਸਨ। ਪੜ੍ਹੇ-ਲਿਖੇ ਪਰਿਵਾਰ ਨੂੰ ਦੇਖ ਕੇ ਅਤੇ ਉਨ੍ਹਾਂ ਦਾ ਆਪਸ ਵਿੱਚ ਪਿਆਰ ਦੇਖ ਕੇ ਤਾਂ ਸੱਚਮੁੱਚ ਹੀ ਉਨ੍ਹਾਂ ਨੂੰ ਕਿਸੇ ਚੀਜ਼ ਦੀ ਕਮੀ ਨਹੀਂ ਸੀ ਦਿਸਦੀ।

ਸੁਰਿੰਦਰ ਤੇ ਉਸ ਦੀ ਸੱਸ, ਜੋ ਤਾਈ ਰਾਮ ਕੌਰ ਦੇ ਗੁਆਂਢ ਵਿੱਚ ਹੀ ਰਹਿੰਦੀਆਂ ਸਨ ਤੇ ਸਕਿਆਂ ਵਿੱਚੋਂ ਹੀ ਸਨ, ਤਾਈ ਦੇ ਇਕੱਲੀ ਰਹਿੰਦੀ ਹੋਣ ਕਰਕੇ ਉਸ ਦਾ ਧਿਆਨ ਰੱਖਦੀਆਂ ਸਨ। ਕਦੇ ਕਦੇ ਸੁਰਿੰਦਰ ਦੇ ਬੱਚੇ ਵੀ ਤਾਈ ਕੋਲ ਜਾ ਕੇ ਸੌਂ ਜਾਂਦੇ। ਇੱਕ ਦਿਨ ਸੁਰਿੰਦਰ ਨੇ ਆਪਣੀ ਸੱਸ ਨੂੰ ਪੁੱਛਿਆ, “ਬੀਜੀ! ਮੈਨੂੰ ਕਿੰਨਾ ਚਿਰ ਹੋ ਗਿਆ ਵਿਆਹੀ ਆਈ ਨੂੰ... ਇਹ ਆਪਣੇ ਤਾਈ ਜੀ ਨੂੰ ਮੈਂ ਹਮੇਸ਼ਾ ਇਸ ਤਰ੍ਹਾਂ ਹੀ ਖੁਸ਼ਹਾਲ ਦੇਖਦੀ ਆਂ। ਕਦੇ ਉਦਾਸ, ਨਿਰਾਸ਼ ਜਾਂ ਮਰੂੰ ਮਰੂੰ ਕਰਦੇ ਨਹੀਂ ਦੇਖਿਆ। ਉਹ ਹਮੇਸ਼ਾ ਚੜ੍ਹਦੀ ਕਲਾ ਵਿੱਚ ਈ ਰਹਿੰਦੇ ਨੇ।”

ਸੁਰਿੰਦਰ ਦੇ ਬੀਜੀ ਉਸ ਦੀ ਗੱਲ ਸੁਣ ਕੇ ਮੁਸਕਰਾ ਪਏ ਤੇ ਆਖਣ ਲੱਗੇ, “ਤੂੰ ਤਾਂ ਹਾਲੇ ਕੱਲ੍ਹ ਦੀ ਜਵਾਕੜੀ ਐਂ ਸਾਡੇ ਲਈ। ਜਦੋਂ ਮੈਂ ਵਿਆਹੀ ਆਈ ਸੀ ਤਾਂ ਰਾਮ ਕੌਰ ਦੇ ਵਿਆਹ ਨੂੰ ਮਸਾਂ ਦੋ ਕੁ ਵਰ੍ਹੇ ਹੋਏ ਸਨ। ਮੈਂ ਤਾਂ ਉਦੋਂ ਤੋਂ ਲੈ ਕੇ ਹੁਣ ਤੱਕ ਇਹਨੂੰ ਕਦੇ ਉਦਾਸ ਜਾਂ ਮਰੂੰ ਮਰੂੰ ਕਰਦਿਆਂ ਨਹੀਂ ਦੇਖਿਆ। ਇਹਨੇ ਬਥੇਰੇ ਔਖੇ ਵੇਲੇ ਦੇਖੇ ਨੇ, ਪਰ ਜੀਹਨੂੰ ਮਿਲਣਾ, ਏਦਾਂ ਈ ਹੱਸ ਕੇ ਮਿਲਦੀ ਤੇ ਆਪਣੇ ਆਪ ਨੂੰ ਬਹੁਤ ਖੁਸ਼ਹਾਲ ਤੇ ਭਾਗਾਂ ਵਾਲੀ ਦੱਸਦੀ ਐ। ਦੇਖਣ ਵਾਲੇ ਨੂੰ ਲੱਗਦੈ ਕਿ ਇਹਦੇ ਜਿੰਨਾ ਕੋਈ ਸੁਖੀ ਇਨਸਾਨ ਹੋ ਹੀ ਨਹੀਂ ਸਕਦਾ।”

“ਅੱਛਾ ਬੀਜੀ! ਭਲਾ ਤਾਈ ਜੀ ’ਤੇ ਕੀ ਔਖੇ ਦਿਨ ਆਏ ਸਨ?” ਸੁਰਿੰਦਰ ਨੇ ਹੈਰਾਨ ਹੋ ਕੇ ਪੁੱਛਿਆ।

“ਰਾਮ ਕੌਰ, ਸਾਡੇ ਚਾਚੇ ਹੋਰਾਂ ਦੀ ’ਕੱਲੀ ’ਕੱਲੀ ਨੂੰਹ ਸੀ। ਚਾਚਾ ਤਾਂ ਹੈ ਨੀ ਸੀ, ਚਾਚੀ ਨੇ ਇਹਦੇ ਜਵਾਕ ਨਾ ਹੋਣ ਕਰਕੇ ਇਹਨੂੰ ਬਹੁਤ ਤੰਗ ਕੀਤਾ। ਇਹਦੇ ਜਦ ਪੰਜ ਸਾਲ ਜਵਾਕ ਨਾ ਹੋਇਆ ਤਾਂ ਸਾਡੀ ਚਾਚੀ ਨੇ ਇਹਦੀ ਸੌਂਕਣ ਲਿਆ ਕੇ ਇਹਦੀ ਹਿੱਕ ’ਤੇ ਬਿਠਾ ਦਿੱਤੀ, ਪਰ ਇਹ ਪਤਾ ਨਹੀਂ ਕਿਹੜੀ ਮਿੱਟੀ ਦੀ ਬਣੀ ਹੋਈ ਸੀ। ਇਹ ਭੋਰਾ ਨਾ ਡੋਲੀ। ਬਥੇਰਾ ਇਹਦੇ ਭਰਾਵਾਂ ਨੇ ਜ਼ੋਰ ਲਾਇਆ ਕਿ ਇਨ੍ਹਾਂ ਨੂੰ ਛੱਡ ਕੇ ਉਨ੍ਹਾਂ ਕੋਲ ਚਲੀ ਜਾਵੇ ਪਰ ਇਹ ਨਾ ਮੰਨੀ। ਨਾ ਇਹਨੇ ਘਰ ’ਚ ਕਲੇਸ਼ ਕੀਤਾ। ਘਰ ਦੀ ਕੁੜੀ ਵਾਂਗ ਹੀ ਘਰ ’ਚ ਰਹਿੰਦੀ ਰਹੀ। ਫੇਰ ਦੂਜੀ ਨੂੰ ਆਈ ਨੂੰ ਵੀ ਪੰਜ ਛੇ ਸਾਲ ਹੋ ਗਏ। ਓਹਦੇ ਵੀ ਨਾ ਕੋਈ ਜਵਾਕ ਹੋਇਆ। ਚਾਚੀ ਨੇ ਓਹਨੂੰ ਵੀ ਤੰਗ ਕਰਨਾ ਸ਼ੁਰੂ ਕਰ ਦਿੱਤਾ।”

“ਪਰ ਬੀਜੀ, ਇਨ੍ਹਾਂ ਦਾ ਆਹ ਕਿੰਨਾ ਸੋਹਣਾ ਪਰਿਵਾਰ ਤਾਂ ਹੈ। ਨਾਲੇ ਦੂਜੀ ਤਾਈ ਕਿੱਥੇ ਐ?” ਸੁਰਿੰਦਰ ਵਿੱਚੋਂ ਟੋਕ ਕੇ ਬੋਲੀ।

“ਇਹ ਵੀ ਦੱਸਦੀ ਆਂ, ਜਦ ਚਾਚੀ ਨੇ ਉਹਨੂੰ ਕੁੱਤੇ ਲਾਉਣੇ ਸ਼ੁਰੂ ਕੀਤੇ ਤਾਂ ਉਹ ਤਲਾਕ ਦੇ ਕੇ ਆਪਣੇ ਹਿੱਸੇ ਦੀ ਜ਼ਮੀਨ ਲੈ ਕੇ ਇਨ੍ਹਾਂ ਨੂੰ ਛੱਡ ਕੇ ਚਲੀ ਗਈ। ਜ਼ਮੀਨ ਤਾਂ ਇਨ੍ਹਾਂ ਕੋਲ ਪਹਿਲਾਂ ਹੀ ਢਾਈ ਕੁ ਕਿੱਲੇ ਸੀ। ਅੱਧੀ ਉਹਨੂੰ ਦੇ ਕੇ, ਪਿੱਛੇ ਰਹਿ ਗਿਆ ਸਵਾ ਕਿੱਲਾ। ਸਵਾ ਕਿੱਲੇ ਦੀ ਖੇਤੀ ’ਚੋਂ ਕੀ ਕਮਾਈ ਹੋਣੀ ਸੀ ਭਲਾ? ਕਈ ਵਾਰ ਮੈਂ ਇਨ੍ਹਾਂ ਨੂੰ ਰੋਟੀ ਲੂਣ ਨਾਲ ਖਾਂਦਿਆਂ ਆਪ ਅੱਖੀਂ ਦੇਖਿਆ, ਪਰ ਕਦੇ ਹਾਲ ਪੁੱਛਣਾ ਤਾਂ ਰਾਮ ਕੌਰ ਨੇ ਕਹਿਣਾ, ‘ਓਹਦਾ ਦਿੱਤਾ ਸਭ ਕੁਝ ਐ, ਭੜੋਲੇ ਭਰੇ ਪਏ ਐ।’ ਸੁਥਰੀ ਐਨੀ ਕਿ ਮਜਾਲ ਐ ਕਿ ਕਦੇ ਅਸੀਂ ਇਹਦੇ ਘਰ ’ਚ ਗੰਦ ਪਿਆ ਦੇਖਿਆ ਹੋਵੇ ਜਾਂ ਇਹਦੇ ਮੈਲਾ ਕੱਪੜਾ ਪਾਇਆ ਦੇਖਿਆ ਹੋਵੇ।”

“ਤਾਈ ਜੀ ਦੇ ਤਾਂ ਹੁਣ ਵੀ ਕਦੇ ਮੈਲਾ ਕੱਪੜਾ ਪਾਇਆ ਨਹੀਂ ਦੇਖਿਆ।” ਸੁਰਿੰਦਰ ਬੋਲੀ।

“ਓਧਰ ਸਾਡੀ ਚਾਚੀ, ਦੂਜੀ ਨੂੰਹ ਦੇ ਜ਼ਮੀਨ ਲਿਜਾਣ ਦੇ ਵਿਜੋਗ ਵਿੱਚ ਚੜ੍ਹਾਈ ਕਰ ਗਈ। ਉਸ ਤੋਂ ਕੁਝ ਸਮਾਂ ਬਾਅਦ ਰਾਮ ਕੌਰ ਦਾ ਆਦਮੀ ਵੀ ਬਿਮਾਰ ਰਹਿਣ ਲੱਗ ਗਿਆ ਤੇ ਉਹ ਵੀ ਚੜ੍ਹਾਈ ਕਰ ਗਿਆ। ਰਾਮ ਕੌਰ ਦੇ ਪੇਕਿਆਂ ਨੇ ਜ਼ੋਰ ਲਾਇਆ ਕਿ ਇੱਥੋਂ ਜ਼ਮੀਨ ਵੇਚ ਕੇ ਉਨ੍ਹਾਂ ਕੋਲ ਰਹਿਣ ਲੱਗ ਪਏ, ਹੁਣ ਐਥੇ ਰਹਿਣ ਨੂੰ ਪਿੱਛੇ ਕੀ ਬਚਿਆ ਸੀ, ਪਰ ਇਹ ਨਾ ਮੰਨੀ। ਇਹਨੇ ਆਪਣੀ ਛੋਟੀ ਭਰਜਾਈ ਦਾ ਮੁੰਡਾ ਗੋਦ ਲੈ ਕੇ ਇੱਥੇ ਹੀ ਆਪਣੀ ਜ਼ਿੰਦਗੀ ਕੱਟੀ। ਮੁੰਡੇ ਨੂੰ ਪਾਲਿਆ, ਪੜ੍ਹਾਇਆ। ਮੁੰਡਾ ਨੌਕਰੀ ’ਤੇ ਲੱਗ ਗਿਆ। ਉਹਦੇ ਨਾਲ ਦੇ ਅਫਸਰ ਨੇ ਹੀ ਆਪਣੀ ਕੁੜੀ ਦਾ ਰਿਸ਼ਤਾ ਕਰ ਦਿੱਤਾ। ਉਸ ਦਾ ਵਿਆਹ ਹੋ ਗਿਆ।”

ਸੁਰਿੰਦਰ ਨੇ ਸੱਸ ਦੀ ਗੱਲ ਸੁਣਨ ਮਗਰੋਂ ਕਿਹਾ, “ਵੇਖ ਲਓ ਬੀਜੀ, ਇਨ੍ਹਾਂ ਨੂੰ ਦੇਖ ਕੇ ਭੋਰਾ ਨੀ ਲੱਗਦਾ ਕਿ ਇਨ੍ਹਾਂ ਨੇ ਵੀ ਕਦੇ ਕੋਈ ਔਖਾ ਸਮਾਂ ਵੇਖਿਆ ਹੋਊ!”

“ਹੋਰ ਕੀ, ਨਾ ਮੈਂ ਇਹਦੇ ਮੂੰਹੋਂ ਕਦੇ ਵੀ ਕਿਸੇ ਦੀ ਚੁਗਲੀ ਸੁਣੀ ਐ, ਨਾ ਕਿਸੇ ਦੀ ਨਿੰਦਿਆ, ਨਾ ਕਿਸੇ ਨੂੰ ਦੇਖ ਦੇਖ ਕੇ ਝੂਰਦੇ ਸੀ ਤੇ ਨਾ ਹੀ ਮਰੂੰ ਮਰੂੰ ਕਰਦੇ ਸੀ। ਹਰ ਵੇਲੇ ਇੱਕੋ ਗੱਲ ‘ਓਹਦਾ ਦਿੱਤਾ ਸਭ ਕੁਝ ਐ’ ਮੈਂ ਤਾਂ ਇਹਨੂੰ ਸਦਾ ਦੋਵੇਂ ਹੱਥ ਜੋੜ ਕੇ ਉਸ ਦਾ ਸ਼ੁਕਰਾਨਾ ਕਰਦੀ ਹੀ ਦੇਖਿਐ। ਤਾਂ ਹੀ ਤਾਂ ਇਸ ਕੋਲ ਕੁਝ ਨਾ ਹੁੰਦੇ ਹੋਏ ਵੀ ਸਭ ਕੁਝ ਦੇ ਕੇ ਰੱਬ ਨੇ ਝੋਲੀਆਂ ਭਰ ਦਿੱਤੀਆਂ ਤੇ ਹੁਣ ਪਿੰਡ ਵਿੱਚ ਲੋਕ ਆਪਣੀਆਂ ਨੂੰਹਾਂ ਧੀਆਂ ਨੂੰ ਤਾਈ ਦੇ ਸਬਰ ਸਿਦਕ ਦੀਆਂ ਉਦਾਹਰਨਾਂ ਦਿੰਦੇ ਨੇ!”

ਸੁਰਿੰਦਰ ਪਹਿਲਾਂ ਤਾਂ ਬਜ਼ੁਰਗ ਹੋਣ ਦੇ ਨਾਤੇ ਹੀ ਤਾਈ ਦੀ ਇੱਜ਼ਤ ਕਰਦੀ ਸੀ, ਪਰ ਹੁਣ ਉਸ ਦੀ ਜ਼ਿੰਦਗੀ ਦੀ ਕਹਾਣੀ ਸੁਣ ਕੇ ਸੁਰਿੰਦਰ ਦੇ ਦਿਲ ਵਿੱਚ ਤਾਈ ਰਾਮ ਕੌਰ ਲਈ ਪਿਆਰ ਤੇ ਇੱਜ਼ਤ ਦੋਵੇਂ ਹੀ ਕਈ ਗੁਣਾ ਵਧ ਗਏ ਸਨ।

# ਮਿੰਨੀ ਕਹਾਣੀ

## ‘ਕੇਅਰਲੈੱਸ’

**ਕੁਲਵੰਤ ਘੋਲੀਆ**

ਦੱਸ ਸੁਰਜੀਤ ਕੁਰੇ ਕੀ ਚਾਹੀਦਾ? ਬੱਸ ਕੁਝ ਨਹੀਂ...। ਇਹ ਤਾਂ ਮੈਂ ਪਿਛਲੇ ਪੰਜਾਹ ਸਾਲਾਂ ਤੋਂ ਸੁਣਦਾ ਆ ਰਿਹਾਂ? ਆਹ ਵੇਖ ਪਰਸ, ਪਿਆ ਨਾ ਡਾਲਰਾਂ ਨਾਲ ਭਰਿਆ। ਇਹ ਇੰਨੇ ਡਾਲਰ? ਉਹ ਆਪਣਾ ਗਰੇਵਾਲ ਦਾ ਸਟੋਰ ਨਹੀਂ ਹੈਗਾ, ਉੱਥੇ ਦੋ ਘੰਟੇ ਕੰਮ ਕਰ ਆਉਂਦਾ,ਨਾਲੇ ਟਾਈਮ ਪਾਸ ਹੋ ਜਾਂਦਾ। ਚੱਲ ਦੱਸ? ਅੱਜ ਆਪਣੀ ਪੰਜਾਵੀਂ ਵਰ੍ਹੇਗੰਢ ਆ, ਤੂੰ ਕੀ ਲੈਣਾ? ਅੱਛਾ ਜੀ...? ‘ਜਦੋਂ ਉਹ ਦਿਨ ਸੀ, ਉਦੋਂ ਤਾਂ ਝਾਂਜਰਾਂ ਵੀ ਅੱਠਾਂ ਸਾਲਾਂ ਬਾਅਦ ਪੈਰਾਂ ਨੂੰ ਨਸੀਬ ਹੋਈਆ ਸੀ’, ਸੁਰਜੀਤ ਕੌਰ ਨੇ ਥੋੜ੍ਹਾ ਮਸ਼ਕਰੀ ਜਿਹੀ ਨਾਲ ਕਿਹਾ।

ਬਿੱਕਰ ਇਕਦਮ ਪਿੱਛੇ ਅਤੀਤ ਵਿਚ ਚਲਾ ਗਿਆ। ਸੁਰਜੀਤ ਕੌਰ ਵੱਲ ਤੱਕਿਆ ਤੇ ਸੋਚਿਆ, ਉਹ ਭਲੀਏ ਲੋਕੇ ਤੇਰੀ ਸੂਝ-ਸਿਆਣਪ ਤੇ ਆਪਣੀਆਂ ਸੱਧਰਾਂ ਮਾਰ ਮੁੱਠੀ ਘੁੱਟ ਚਲਾਏ ਘਰ ਨੇ ਹੀ ਤਾਂ ਆਹ ਕੈਨੇਡਾ ਬਿਠਾ ਦਿੱਤਾ। ‘ਕੀ ਹੋਇਆ ਕਿਹੜੀਆਂ ਸੋਚਾਂ ’ਚ ਪੈ ਗਏ’, ਸੁਰਜੀਤ ਕੌਰ ਨੇ ਬਿੱਕਰ ਦੇ ਮੋਢੇ ’ਤੇ ਹੱਥ ਧਰਦਿਆਂ ਕਿਹਾ? ਕੁਝ ਨਹੀਂ ਸੁਰਜੀਤ ਕੁਰੇ? ਅੱਛਾ ਏਦਾਂ ਕਰਿਓ ਠੰਢ ਬਹੁਤ ਏ, ਤੁਸੀਂ ਕੋਈ ਨਵਾਂ ਕੋਟ ਵੀ ਨਹੀਂ ਲਿਆ, ਇਸ ਵਾਰ ਆਪਣੀ ਵਰ੍ਹੇਗੰਢ ’ਤੇ ਨਵਾਂ ਕੋਟ ਲੈ ਲਓ। ਚੱਲ ਠੀਕ ਆ, ਤੂੰ ਬੈਠ ਮੈਂ ਹੁਣੇ ਆਇਆ, ਏਨਾ ਆਖ ਬਿੱਕਰ ਸਾਹਮਣੇ ਸ਼ਾਪਿੰਗ ਮਾਲ ’ਚ ਚਲਾ ਗਿਆ। ਕੁਝ ਸਮੇਂ ਬਾਅਦ ਵਾਪਸ ਆ ਬਿੱਕਰ ਨੇ ਸੁਰਜੀਤ ਦੇ ਪੈਰਾਂ ਵਿੱਚ ਨਵੀਆਂ ਝਾਂਜਰਾਂ ਪਾ ਦਿੱਤੀਆਂ। ਝਾਂਜਰਾਂ ਵੇਖ ਉਸ ਨੂੰ ਚਾਅ ਜਿਹਾ ਚੜ੍ਹ ਗਿਆ। ਇੱਕ-ਦੂਜੇ ਵੱਲ ਤੱਕਿਆ, ਜਿਵੇਂ ਦੋਵਾਂ ’ਤੇ ਫਿਰ ਤੋਂ ਜਵਾਨੀ ਵਾਪਸ ਆ ਗਈ ਹੋਵੇ। ਲੈ ਹੁਣ ਨਾ ਉਲਾਂਭਾ ਦੇਵੀ, ਬਿੱਕਰ ਨੇ ਸੁਰਜੀਤੋ ਦੇ ਪੈਰੀਂ ਝਾਂਜਰਾਂ ਪਾ ਖੜ੍ਹੇ ਹੁੰਦੇ ਕਮਰ ਦੇ ਦਰਦ ਨੂੰ ਬਰਦਾਸ਼ਤ ਜਿਹਾ ਕਰਦਿਆਂ ਕਿਹਾ।

ਆਹ ਵੇਖ ਸੁਰਜੀਤ ਕੁਰੇ, ਆਪਣੇ ਗੈਰੀ ਵਾਸਤੇ ਕੋਟ ਤੇ ਨੂੰਹ ਦੇ ਕੱਪੜੇ। ਤੁਸੀਂ ਨਹੀਂ ਸੁਧਰੇ ਹਨਾਂ। ਮੈਂ ਕੀ ਕਿਹਾ ਸੀ ਕਿ ਠੰਢ ਬਹੁਤ ਆ, ਆਪਣੇ ਲਈ ਕੋਈ ਕੋਟ ਲੈ ਆਇਓ? ਸੁਰਜੀਤ ਕੁਰੇ ਆਪਣੇ ਗੈਰੀ ਨੇ ਰੋਜ਼ ਆਫਿਸ ਜਾਣਾ ਹੁੰਦਾ ਹੈ, ਵੱਡੇ ਲੋਕਾਂ ਚ ਬਹਿਣੀ-ਉੱਠਣੀ, ਕੱਪੜੇ ਤਾਂ ਵਧੀਆ ਹੀ ਚਾਹੀਦੇ ਨੇ ਉਸ ਲਈ। ਹਾਂ ਇਹ ਤਾਂ ਮੈਂ ਬਹੁਤ ਸਮੇਂ ਤੋਂ ਸੁਣਦੀ ਆ ਰਹੀ ਆਂ। ਸੁਰਜੀਤੋ ਨੇ ਥੋੜ੍ਹਾ ਬਿੱਕਰ ਨਾਲ ਨਾਰਾਜ਼ਗੀ ਜਿਹੀ ਨਾਲ ਕਿਹਾ। ਚੱਲ ਛੱਡ, ਤੂੰ ਤਾਂ ਖ਼ੁਸ਼ ਹੈ। ਅੱਜ ਤਾਂ ਪਹਿਲੇ ਬੋਲ ਤੇਰੀ ਮੰਗ ਪੂਰੀ ਕਰ ਦਿੱਤੀ ਤੇ ਫਿਰ ਦੋਨੋਂ ਜਾਣੇ ਕਿੰਨਾ ਚਿਰ ਬੈਂਚ ’ਤੇ ਬੈਠੇ ਦੂਰ ਤੱਕ ਸਾਹਮਣੇ ਸ਼ਾਂਤ ਖੜ੍ਹੇ ਪਾਣੀ ਨੂੰ ਤੱਕਦੇ ਰਹੇ। ਚਲੋ ਜੀ ਚਲੀਏ, ਬਹੁਤ ਸਮਾਂ ਹੋ ਗਿਆ। ਅੱਜ ਤਾਂ ਨਾਲੇ ਨੂੰਹ ਤੇ ਪੁੱਤ ਉਡੀਕਦੇ ਹੋਣਗੇ। ਸੁਰਜੀਤ ਕੌਰ ਨੇ ਬੈਂਚ ਤੋਂ ਉੱਠਦਿਆਂ ਕਿਹਾ।

ਭਲਾ ਤੂੰ ਦੱਸਿਆ ਉਨ੍ਹਾਂ ਨੂੰ ਕਿ ਅੱਜ ਆਪਣੀ ਪੰਜਾਵੀ ਸਾਲਗਿਰ੍ਹਾ ਏ? ਇਹਦੇ ’ਚ ਦੱਸਣ ਵਾਲੀ ਕਿਹੜੀ ਗੱਲ ਆ, ਸਾਲ ਬਾਅਦ ਤਾਂ ਇੱਕ ਦਿਨ ਆਉਂਦਾ,ਏਨਾ ਤਾਂ ਉਨ੍ਹਾਂ ਨੂੰ ਪਤਾ ਹੀ ਹੋਵੇਗਾ। ਚੱਲ ਲੱਗ’ਜੂ ਪਤਾ, ਕੀ ਗਿਫਟ ਦਿੰਦੇ ਨੇ ਤੇਰੇ ਨੂੰਹ ਪੁੱਤ? ਬਿੱਕਰ ਨੇ ਸੁਰਜੀਤੋ ਦੇ ਹੱਥ ਦਾ ਸਹਾਰਾ ਲੈ ਖੜ੍ਹੇ ਹੁੰਦੇ ਕਿਹਾ ਤੇ ਘਰ ਵੱਲ ਹੋ ਤੁਰੇ। ਘਰ ਵੜਦਿਆਂ ਹੀ ਸਾਹਮਣੇ ਗੈਰੀ ਤੇ ਉਹਦੀ ਘਰ ਵਾਲੀ ਡਾਈਨਿੰਗ ਟੇਬਲ ’ਤੇ ਬੈਠੇ ਸੀ।

ਪਾਪਾ ਜੀ, ਆਹ ਕੋਈ ਟਾਈਮ ਆ ਘਰ ਆਉਣ ਦਾ, ਅਸੀਂ ਮੋਰਨਿੰਗ ਜਲਦੀ ਜਾਣਾ ਹੁੰਦਾ, ਤੁਸੀਂ ਤਾਂ ਵਿਹਲੇ ਹੋ। ਘੱਟੋ-ਘੱਟ ਸ਼ਾਮ ਨੂੰ ਤਾਂ ਘਰ ਜਲਦੀ ਆ ਜਾਇਆ ਕਰੋ, ਅਸੀਂ ਤੁਹਾਡੀ ਵੇਟ ਕਰੀਏ ਕਿ ਰੈਸਟ ਕਰੀਏ। ਇਹ ਪਿੰਡ ਨਹੀਂ ਕੈਨੇਡਾ ਆ, ਇੱਥੇ ਸਮੇਂ ਤੇ ਹੈਲਥ ਦੀ ਕਦਰ ਕਰਨੀ ਪੈਂਦੀ ਏ। ਤੁਸੀਂ ਏਨੇ ਕੇਅਰਲੈੱਸ ਕਿਉਂ ਬਣ ਗਏ ਹੋ?

ਹੱਥ ਵਿੱਚ ਫੜਿਆ ਪੁੱਤ ਦਾ ਕੋਟ ਬਿੱਕਰ ਨੇ ਚੁੱਪਚਾਪ ਟੇਬਲ ’ਤੇ ਰੱਖ ਦਿੱਤਾ। ਕਮਰੇ ਵਿੱਚ ਸਿਰਫ਼ ਸੰਨਾਟਾ ਹੀ ਸੀ ਪਰ ਬਿੱਕਰ ਦੇ ਅੰਦਰ ਤਾਂ ਜਿਵੇਂ ਦਰਦਾਂ ਦਾ ਦਰਿਆ ਛੱਲਾਂ ਮਾਰ ਆਖ ਰਿਹਾ ਹੋਵੇ ਕਿ ਮੈਂ ਬਾਹਰ ਨਿਕਲਣਾ ਤੂੰ ਐਵੇਂ ਬਰਦਾਸ਼ਤ ਨਾ ਕਰ ਅੱਖਾਂ ਰਾਹੀਂ ਡੁੱਲ ਲੈਣ ਦੇ

ਪਰ ਅੱਜ ਦਰਿਆ ਤਾਂ ਸੁਰਜੀਤੋ ਦੇ ਅੰਦਰ ਵੀ ਸੀ ਪਰ ਗੁੱਸੇ ਨਾਲ ਭਰਿਆ ਤੇ ਫੁੱਟ ਪਿਆ। ਅੱਛਾ ਇਹ ਨੇ ਕੇਅਰਲੈੱਸ? ਹਾਂ ਹੈਗੇ ਨੇ ਇਹ ਕੇਅਰਲੈੱਸ, ਜਦੋਂ ਸਾਡੇ ਵਿਆਹ ਤੋਂ ਬਾਅਦ ਤੂੰ ਪੈਦਾ ਹੋਇਆ ਤਾਂ ਬਾਰਾਂ ਘੰਟੇ ਦੀ ਡਿਊਟੀ ਤੋਂ ਬਾਅਦ ਛੇ ਘੰਟੇ ਫਿਰ ਵੀ ਲਾਉਣੇ ਤੇ ਕਹਿਣਾ ਗੈਰੀ ਦਾ ਚੰਗਾ ਭਵਿੱਖ ਬਣਾਉਣ ਲਈ ਮਿਹਨਤ ਤਾਂ ਕਰਨੀ ਹੀ ਪੈਣੀ ਏ। ਮੈਂ ਬਹੁਤ ਕਹਿਣਾ ਸਿਹਤ ਦਾ ਖ਼ਿਆਲ ਤਾਂ ਰੱਖੋ ਪਰ ਨਹੀਂ ਇਹ ਤਾਂ ਹੈ ਹੀ ਕੇਅਰਲੈੱਸ? ਤੂੰ ਵੱਡਾ ਹੋਇਆ ਕਾਲਜ ਗਿਆ ਤੈਨੂੰ ਵਧੀਆ ਕੱਪੜੇ, ਬੂਟ, ਖਾਣ-ਪੀਣ ਲਈ ਕਿਸੇ ਚੀਜ਼ ਦੀ ਕਮੀ ਨਹੀਂ ਆਉਣ ਦਿੱਤੀ। ਇਹ ਜਦ ਕਦੇ ਰਿਸ਼ਤੇਦਾਰੀ ’ਚ ਵਿਆਹ ਆ ਜਾਣਾ ਤਾਂ ਡਰ ਜਾਂਦਾ ਕਿ ਨਵੇਂ ਕੱਪੜਿਆਂ ’ਤੇ ਪੈਸੇ ਲਾਉਣੇ ਪੈਣੇ ਆਂ, ਸਾਰੇ ਵਿਆਹ ਹੁਣ ਤੱਕ ਆਪਣੇ ਵਿਆਹ ਵਾਲੇ ਹੀ ਕੋਟ ਪਾ ਵੇਖ ਲਏ। ਮੈਂ ਬਹੁਤ ਕਹਿਣਾ ਕਿ ਨਵਾਂ ਕੋਟ ਪੈਂਟ ਲੈ ਲਓ, ਰਿਸ਼ਤੇਦਾਰ ਕੀ ਕਹਿਣਗੇ ਉਹ ਹੀ ਵਿਆਹ ਵਾਲਾ ਕੋਟ ਪਾਈ ਫਿਰਦਾ ਪਰ ਨਹੀਂ ਇਹ ਤਾਂ ਹੈ ਹੀ ਕੇਅਰਲੈੱਸ?

ਹਾਂ ਪਰ ਅੱਜ ਕੇਅਰਲੈੱਸ ਦੇ ਮਾਅਨੇ ਹੀ ਬਦਲ ਗਏ। ਮੈਂ ਜਦ ਕਹਿਣਾ ਤਾਂ ਇਨ੍ਹਾਂ ਦੀਆਂ ਅੱਖਾਂ ਵਿੱਚ ਚਮਕ ਜਿਹੀ ਆ ਜਾਣੀ ਕਿਉਂਕਿ ਇਨ੍ਹਾਂ ਨੂੰ ਵੀ ਪਤਾ ਸੀ ਕਿ ਮੇਰੇ ਗੁੱਸੇ ਵਿੱਚ ਵੀ ਇਨ੍ਹਾਂ ਲਈ ਫ਼ਿਕਰ ਏ ਪਰ ਅੱਜ ਤੇਰੇ ਕੇਅਰਲੈੱਸ ਕਹਿਣ ’ਤੇ ਇਨ੍ਹਾਂ ਦੀਆਂ ਅੱਖਾਂ ਵਿੱਚ ਚਮਕ ਨਹੀਂ ਇਨ੍ਹਾਂ ਦੀਆਂ ਅੱਖਾਂ ਵਿੱਚ ਤਾਂ...। ਸੁਰਜੀਤ ਕੌਰ ਭਰੇ ਮਨ ਨਾਲ ਲਗਾਤਾਰ ਬੋਲੀ ਜਾ ਰਹੀ ਸੀ, ਉਸ ਦੇ ਬੋਲਾਂ ਵਿੱਚ ਮਮਤਾ, ਗਿਲਾ ਤੇ ਕਈ ਕੁਝ ਡੁੱਲ੍ਹ ਡੁੱਲ੍ਹ ਜਾਂਦਾ ਸੀ। ਬੱਸ ਕਰ ਸੁਰਜੀਤ ਕੁਰੇ ਬੱਸ ਕਰ? ਸਿਹਤ ਖ਼ਰਾਬ ਕਰ ਲਵੇਂਗੀ। ਏਨਾ ਆਖਦਿਆਂ ਬਿੱਕਰ ਸਿੰਘ ਨੇ ਸੁਰਜੀਤ ਕੌਰ ਦੇ ਅੰਦਰੋਂ ਵਹਿੰਦੇ ਦਰਿਆ ਨੂੰ ਵੀ ਆਪਣੇ ਹੀ ਅੰਦਰ ਮੋੜਾ ਦੇਣ ਦੀ ਕੋਸ਼ਿਸ਼ ਕੀਤੀ ਤੇ ਚੁੱਪਚਾਪ ਕਮਰੇ ਅੰਦਰ ਚਲਾ ਗਿਆ।

***

## ਜ਼ਮਾਨੇ ਤੋਂ ਜ਼ਮਾਨੇ ਤੱਕ

**ਮੋਨਿਕਾ ਰਾਣੀ**

ਮੈਂ ਬੱਸ ’ਚ ਬੈਠੀ ਆਪਣੇ ਪੇਕੇ ਪਿੰਡ ਵੱਲ ਜਾ ਰਹੀ ਸੀ। ਸਕੂਲ ਵਿੱਚ ਦਾਖ਼ਲਿਆਂ ਦਾ ਜ਼ੋਰ ਹੋਣ ਕਾਰਨ ਛੁੱਟੀ ਬੜੀ ਮੁਸ਼ਕਿਲ ਨਾਲ ਮਿਲੀ ਸੀ, ਪਰ ਕਿਸੇ ਕਾਗਜ਼ੀ ਕਾਰਵਾਈ ਕਰਕੇ ਮੇਰਾ ਜਾਣਾ ਬਹੁਤ ਜ਼ਰੂਰੀ ਸੀ। ਕੁਝ ਦੇਰ ਮਗਰੋਂ ਇੱਕ ਸਟਾਪ ਤੋਂ ਦੋ ਔਰਤਾਂ ਬੱਸ ਵਿੱਚ ਚੜ੍ਹੀਆਂ। ਇਨ੍ਹਾਂ ਵਿੱਚੋਂ ਇੱਕ 70 ਸਾਲ ਤੋਂ ਵੀ ਵੱਡੀ ਲਗਦੀ ਸੀ ਤੇ ਦੂਜੀ ਦੀ ਉਮਰ 60 ਸਾਲ ਦੇ ਨੇੜੇ-ਤੇੜੇ ਸੀ। ਉਨ੍ਹਾਂ ਬੱਸ ਵਿੱਚ ਇੱਕ ਨਜ਼ਰ ਘੁਮਾਈ ਤੇ ਤਿੰਨ ਸਵਾਰੀਆਂ ਵਾਲੀ ਮੇਰੀ ਸੀਟ ’ਤੇ ਖਾਲੀ ਥਾਂ ਵੇਖ ਮੇਰੇ ਕੋਲ ਆ ਬੈਠੀਆਂ।

ਮੈਨੂੰ ਸਕੂਲ ਤੋਂ ਵਾਰ ਵਾਰ ਫੋਨ ਆ ਰਹੇ ਸਨ। ਮੇਰੇ ਨਾਲ ਬੈਠੀਆਂ ਦੋਵੇਂ ਔਰਤਾਂ ਵਿੱਚੋਂ ਬਜ਼ੁਰਗ ਔਰਤ ਹਰ ਵਾਰ ਕਾਲ ਕੱਟਣ ’ਤੇ ਮੇਰੇ ਵੱਲ ਮੁਸਕੁਰਾ ਕੇ ਵੇਖਦੀ, ਮੈਂ ਵੀ ਉਸ ਵੱਲ ਮੁਸਕੁਰਾ ਛੱਡਦੀ।

ਇਸ ਵਾਰ ਉਨ੍ਹਾਂ ਮੈਨੂੰ ਪੁੱਛ ਹੀ ਲਿਆ, “ਭਾਈ ਤੂੰ ਟੀਚਰ ਲੱਗੀ ਏਂ?” ਮੈਂ ਮੁਸਕਰਾਉਂਦੇ ਹੋਏ ਕਿਹਾ, “ਹਾਂ ਜੀ।” ਮੈਂ ਸਮਝ ਗਈ ਸੀ ਕਿ ਉਹ ਮੇਰੀ ਗੱਲਬਾਤ ਸੁਣ ਕੇ ਸਮਝ ਗਏ ਸਨ। ਉਹ ਆਪਣੇ ਨਾਲ ਬੈਠੀ ਔਰਤ ਵੱਲ ਇਸ਼ਾਰਾ ਕਰਦੇ ਹੋਏ ਆਖਣ ਲੱਗੇ, “ਆਹ ਮੇਰੀ ਨੂੰਹ ਵੀ ਟੀਚਰ ਸੀ ਤੇ ਇਹਦੀ ਨੂੰਹ ਵੀ ਸਕੂਲ ’ਚ ਪੜ੍ਹਾਉਂਦੀ ਐ।” ਬਿਰਧ ਔਰਤ ਦੀ ਨੂੰਹ ਬੋਲੀ, “ਮੇਰਾ ਨਾਂਅ ਸਿਮਰਜੀਤ ਕੌਰ ਹੈ ਤੇ ਮੈਂ ਸਰਕਾਰੀ ਸਕੂਲ ਤੋਂ ਬਤੌਰ ਅਧਿਆਪਕਾ ਰਿਟਾਇਰ ਹੋਈ ਹਾਂ।” ਕਿੱਤਾ ਇੱਕੋ ਹੋਣ ਕਰਕੇ ਸਾਡੀਆਂ ਗੱਲਾਂ ਤੁਰ ਪਈਆਂ। ਕੰਮ-ਕਾਰ ਦੇ ਬੋਝ ਦੀਆਂ, ਸਿਲੇਬਸ ਦੇ ਫ਼ਿਕਰ ਦੀਆਂ ਤੇ ਦਾਖ਼ਲਿਆਂ ਵੇਲੇ ਵਧਣ ਵਾਲੀ ਜ਼ਿੰਮੇਵਾਰੀ ਦੀਆਂ।

ਸਾਡੀਆਂ ਗੱਲਾਂ ਸੁਣ ਬੇਬੇ ਨੇ ਕਿਹਾ, “ਭਾਈ ਧੰਨ ਨੇ ਅੱਜਕੱਲ੍ਹ ਦੀਆਂ ਬੀਬੀਆਂ, ਘਰ ਵੀ ਸਾਂਭਦੀਆਂ ਨੇ ਤੇ ਨੌਕਰੀ ਦੀ ਵੀ ਸਾਰੀ ਜ਼ਿੰਮੇਵਾਰੀ ਨਿਭਾਉਂਦੀਆਂ ਨੇ।” ਮੈਂ ਆਖਿਆ, “ਬੇਬੇ ਜੀ, ਤੁਸੀਂ ਵੀ ਤਾਂ ਘਰ ਦਾ, ਖੇਤਾਂ ਦਾ ਸਾਰਾ ਕੰਮ ਕਰਿਆ ਕਰਦੇ ਸੀ।” ਉਨ੍ਹਾਂ ਮੁਸਕੁਰਾ ਕੇ ਕਿਹਾ, “ਪੁੱਤਰ, ਸਮੇਂ-ਸਮੇਂ ਦੀ ਗੱਲ ਹੈ। ਅਸੀਂ ਵੀ ਆਪਣੇ ਵੇਲੇ ਉਹੀ ਕੰਮ ਕਰਦੇ ਸੀ, ਜੋ ਸਾਰੀ ਦੁਨੀਆ ਕਰਦੀ ਸੀ ਪਰ ਸਾਨੂੰ ਨਾ ਬਹੁਤਾ ਬੱਚਿਆਂ ਨੂੰ ਪੜ੍ਹਾਉਣ ਦਾ ਫ਼ਿਕਰ ਹੁੰਦਾ ਸੀ ਤੇ ਨਾ ਹੀ ਬੱਚਿਆਂ ਸਿਰ ਪੜ੍ਹਾਈ ਤੋਂ ਬਾਹਰੇ ਕੰਮ ਸਹੇੜੇ ਜਾਂਦੇ ਸਨ। ਉਦੋਂ ਮਾਵਾਂ ਸਿਰ ਰੋਟੀ-ਟੁੱਕ ਦੀ ਜ਼ਿੰਮੇਵਾਰੀ ਤਾਂ ਸੀ, ਪਰ ਆਹ ਸਕੂਲ ਦੇ ਹਿਸਾਬ ਨਾਲ ਰੋਜ਼ ਨਵੀਂ ਤਰ੍ਹਾਂ ਦੇ ਪਕਵਾਨ ਨਹੀਂ ਸੀ ਬਣਾਉਣੇ ਪੈਂਦੇ। ਅੱਜਕੱਲ੍ਹ ਦੀਆਂ ਨੌਕਰੀਪੇਸ਼ਾ ਮਾਵਾਂ ਪਹਿਲਾਂ ਸਵੇਰੇ ਉੱਠ ਕੇ ਸਾਰੇ ਘਰ ਦਾ ਕੰਮ ਕਰਦੀਆਂ ਨੇ, ਫਿਰ ਨਾਸ਼ਤਾ, ਤਿਆਰੀ, ਬੱਚਿਆਂ ਨੂੰ ਸਕੂਲ ਭੇਜਣਾ, ਘਰ ਵਾਲੇ ਨੂੰ ਦਫ਼ਤਰ ਤੋਰਨਾ, ਦੁਪਹਿਰ ਦਾ ਖਾਣਾ, ਸਭ ਕਰ ਕੇ ਜਾਂਦੀਆਂ ਨੇ। ਫਿਰ ਮੁੜ ਕੇ ਘਰੇ ਆਈਆਂ ਨੂੰ ਵੀ ਕੰਮ ਤੋਂ ਵਿਹਲ ਨ੍ਹੀਂ।”

ਮੈਂ ਬੇਬੇ ਦੀ ਗੱਲ ਸੁਣ ਕੇ ਹੈਰਾਨ ਵੀ ਹੋਈ ਤੇ ਖ਼ੁਸ਼ ਵੀ। ਪਿਛਲੀਆਂ ਬੀਬੀਆਂ ਅਕਸਰ ਹੀ ਸਾਨੂੰ ਨੌਕਰੀਪੇਸ਼ਾ ਔਰਤਾਂ ਨੂੰ ਕੰਮਚੋਰ ਗਰਦਾਨਦੀਆਂ ਹਨ, ਪਰ ਇਸ ਬੇਬੇ ਦੀਆਂ ਗੱਲਾਂ ਸੁਣ ਕੇ ਕਿਤੇ ਨਾ ਕਿਤੇ ਮਨ ਨੂੰ ਸਕੂਨ ਮਿਲ ਰਿਹਾ ਸੀ। ਸੱਚ ਹੀ ਅੱਜ ਦੇ ਇਸ ਮਹਿੰਗਾਈ ਦੇ ਦੌਰ ਵਿੱਚ ਮਾਂ-ਪਿਓ, ਖ਼ਾਸਕਰ ਮਾਵਾਂ ਲਈ ਘਰ ਅਤੇ ਬਾਹਰ ਦੀ ਸਾਰੀ ਜ਼ਿੰਮੇਵਾਰੀ ਨਿਭਾਉਣਾ ਨਿੱਤ ਦਿਨ ਜੰਗ ਲੜਨ ਦੇ ਬਰਾਬਰ ਹੋ ਗਈ ਹੈ।

ਬੱਸ ਆਪਣੀ ਤੋਰ ਤੁਰਦੀ ਮਲੋਟ ਚੌਂਕ ਅਬੋਹਰ ਪਹੁੰਚ ਗਈ ਸੀ। ਦੋਵੇਂ ਬੀਬੀਆਂ ਆਪਣਾ ਸਾਮਾਨ ਸਮੇਟ ਕੇ ਉਤਰਨ ਦੀ ਤਿਆਰੀ ਕਰਨ ਲੱਗੀਆਂ। ਮੈਂ ਵੀ ਇੱਥੇ ਹੀ ਉਤਰਨਾ ਸੀ। ਉਨ੍ਹਾਂ ਕੋਲ ਸਾਮਾਨ ਜ਼ਿਆਦਾ ਹੋਣ ਕਰਕੇ ਕੁਝ ਸਾਮਾਨ ਮੈਂ ਫੜ ਲਿਆ। ਸਟਾਪ ’ਤੇ ਇੱਕ ਨੌਜਵਾਨ ਗੱਡੀ ਲੈ ਕੇ ਖੜ੍ਹਾ ਸੀ। ਬੇਬੇ ਨੇ ਮੈਨੂੰ ਕਿਹਾ, “ਪੁੱਤ, ਸਾਡੀ ਕਾਰ ਰਾਹ ਵਿੱਚ ਖਰਾਬ ਹੋ ਗਈ ਸੀ, ਜਿਸ ਕਰਕੇ ਸਾਨੂੰ ਬੱਸ ਚੜ੍ਹਾ ਕੇ ਆਹ ਮੇਰਾ ਪੋਤਾ ਆਪ ਗੱਡੀ ਠੀਕ ਕਰਾਉਣ ਚਲਾ ਗਿਆ ਸੀ। ਆ ਜਾ ਤੂੰ ਵੀ ਬਹਿ ਜਾ, ਤੈਨੂੰ ਤੇਰੇ ਪਿੰਡ ਲਾਹ ਆਉਂਦੇ ਹਾਂ।” ਮੈਂ ਕਿਹਾ, “ਜੀ ਨਹੀਂ, ਕੋਈ ਗੱਲ ਨਹੀਂ, ਮੇਰਾ ਵੀਰ ਮੈਨੂੰ ਲੈਣ ਆ ਰਿਹੈ।” ਇੰਨੇ ਨੂੰ ਮੇਰਾ ਭਰਾ ਮੈਨੂੰ ਆਉਂਦਾ ਦਿਸ ਪਿਆ। ਦੋਵੇਂ ਬੀਬੀਆਂ ਗੱਡੀ ਵਿੱਚ ਬੈਠ ਕੇ ਆਪਣੇ ਰਾਹ ਚਲੀਆਂ ਗਈਆਂ। ਮੈਂ ਵੀ ਆਪਣੇ ਭਰਾ ਨਾਲ ਘਰ ਵੱਲ ਤੁਰ ਪਈ।

# ਕਾਵਿ ਸੰਸਾਰ

## ਕਬੀਲਦਾਰੀ...!

ਲਖਵੀਰ ਸਿੰਘ



ਇੱਕ ਦਿਨ ਮੈਂ ਬਾਪੂ ਨਾਲ
ਵੱਟਾਂ ਪੁਆ ਰਿਹਾ ਸੀ
ਹੱਥਾਂ ਵਾਲੇ ਜਿੰਦਰੇ ਨਾਲ,
ਮੈਂ ਜਿੰਦਰਾ ਖਿੱਚ ਰਿਹਾ ਸੀ
ਤੇ ਬਾਪੂ ਦੱਬ ਰਿਹਾ ਸੀ।
ਸੂਰਜ ਦੀਆਂ ਤਿੱਖੀਆਂ ਕਿਰਨਾਂ
ਧਰਤੀ ਉੱਤੇ ਅੱਗ ਵਾਂਗ ਵਰ੍ਹਦੀਆਂ ਸਨ,
ਮੇਰੇ ਮੂੰਹ ਉੱਤੇ ਲਾਲੀ
ਪੱਕੇ ਅੰਬ ਵਾਂਗ ਭਬਕ ਰਹੀ ਸੀ।
ਪਸੀਨੇ ਦੇ ਕਤਰੇ
ਮੋਤੀਆਂ ਵਾਂਗ ਮੱਥੇ ਤੋਂ ਡਿੱਗਦੇ ਸਨ।
ਜਦੋਂ ਥੱਲੇ ਡਿੱਗਦੇ ਸਨ
ਤਾਂ ਕੱਕੇ ਰੇਤੇ 'ਚੋਂ ਧੂੜ
ਉੱਡਦੀ ਦਿਖਾਈ ਦਿੰਦੀ ਸੀ,
ਬਾਪੂ ਲਾਲੀ ਨੂੰ ਦੇਖ ਕੇ ਕਹਿੰਦਾ-
ਪੁੱਤਰਾ! ਜਿੰਦਰੇ ਦੀ ਤਰ੍ਹਾਂ
ਹੈ ਕਬੀਲਦਾਰੀ,
ਇਸਦੇ ਤਰ੍ਹਾਂ ਹੀ ਭਾਰੀ ਹੋਵੇਗੀ
ਤੈਨੂੰ ਹਰ ਮੋੜ 'ਤੇ ਦੱਬੇਗੀ,
ਪਿਛਾਂਹ ਵੀ ਸੁੱਟੇਗੀ,
ਪਰ ਤੂੰ ਬਲਦਾਂ ਵਾਂਗ ਅੜੀ ਰੱਖੀਂ,
ਦਰਿਆ ਵਾਂਗ ਵਗਦਾ ਰਹੀਂ।
ਤੂੰ ਏਸੇ ਤਰ੍ਹਾਂ ਹੀ
ਖਿੱਚਦੇ ਰਹਿਣਾ ਹੈ ਬੇਰੋਕ ਹੋ ਕੇ,
ਨਿਡਰ ਹੋ ਕੇ,
ਜਿਵੇਂ ਹਨੇਰੇ ਨੂੰ ਚੀਰ ਕੇ
ਸਵੇਰ ਦਾ ਸੂਰਜ ਚੜ੍ਹਦਾ ਹੈ।

## ਗ਼ਜ਼ਲ

ਬਲਬੀਰ ਕੌਰ ਬੱਬੂ

ਨਾ ਮੰਜ਼ਿਲ ਨੂੰ ਖ਼ਬਰ ਕੋਈ ਸਫ਼ਰ ਕਿੱਦਾਂ ਮੁਕਾਇਆ ਹੈ,
ਪਿਆ ਝੋਲੀ 'ਚ ਕੀ ਕੀ ਹੈ ਤੇ ਹੱਥੋਂ ਕੀ ਗਵਾਇਆ ਹੈ।
ਲੁਟਾ ਦਿੱਤੀ ਜਮ੍ਹਾਂ ਪੂੰਜੀ ਜਿਨ੍ਹਾਂ ਦੀ ਹਰ ਖ਼ੁਸ਼ੀ ਖ਼ਾਤਰ,
ਤੇ ਅੱਜ ਉਹ ਬਾਲ ਪੁੱਛਦੇ ਨੇ ਅਸਾਂ ਲਈ ਕੀ ਬਚਾਇਆ ਹੈ।
ਕਈ ਵਾਰੀ ਗਿਰੇ ਅਰਸ਼ੋਂ ਤੇ ਗਿਰ ਕੇ ਫਿਰ ਸੰਭਲੇ ਸਾਂ,
ਕਿਤਾਬਾਂ 'ਚੋਂ ਨਾ ਉਹ ਮਿਲਿਆ ਸਮੇਂ ਨੇ ਜੋ ਸਿਖਾਇਆ ਹੈ।
ਸਬਕ ਸਿੱਖਦੇ ਨਾ ਫਿਰ ਸ਼ਾਇਦ ਅਗਰ ਸਭ ਬਾਵਫ਼ਾ ਹੁੰਦੇ,
ਦਿਲੋਂ ਧੰਨਵਾਦ ਉਨ੍ਹਾਂ ਦਾ ਜਿਨ੍ਹਾਂ ਧੋਖਾ ਕਮਾਇਆ ਹੈ।
ਰਹੀ ਕੋਸ਼ਿਸ਼ ਤੁਫ਼ਾਨਾਂ ਦੀ ਸਫ਼ੀਨਾ ਡੋਬ ਦੇਵਣ ਦੀ,
ਮਗਰ ਰਹਿਮਤ ਰਹੀ ਰੱਬ ਦੀ ਉਸੇ ਨੇ ਪਾਰ ਲਾਇਆ ਹੈ।
ਪਰਾਈ ਪੇਕਿਆਂ ਘਰ ਸੀ ਤੇ ਸਹੁਰੇ ਵੀ ਬਿਗਾਨੀ ਹਾਂ,
ਹੈ ਮੇਰਾ ਅਸਲ ਘਰ ਕਿਹੜਾ ਨਾ ਹੁਣ ਤੱਕ ਸਮਝ ਆਇਆ ਹੈ।
ਜੋ ਅੱਜ ਹੈ ਹੀਰਿਆਂ ਦੇ ਤੁੱਲ ਉਹ ਕੱਲ੍ਹ ਨੂੰ ਖ਼ਾਕ ਹੋ ਸਕਦੈ,
ਸਮੇਂ ਦੇ ਗਰਭ ਵਿੱਚ ਜਾਣੇ ਨਾ ਕੋਈ ਕੀ ਸਮਾਇਆ ਹੈ।
ਉਨ੍ਹਾਂ ਆਉਣਾ ਜਾਂ ਆਉਣਾ ਨਾ ਇਹ ਮਰਜ਼ੀ ਹੈ ਉਨ੍ਹਾਂ ਦੀ ਪਰ,
ਅਸਾਂ ਤਾਂ ਆਸ ਦਾ ਦੀਵਾ ਬਰੂਹਾਂ 'ਤੇ ਜਗਾਇਆ ਹੈ।

## ਤਕਦੀਰਾਂ ਦੇ ਹਰਫ਼

ਅਮਰਜੀਤ ਦਸੂਹਾ

ਸਾਡੇ ਸੀਨੇ ਜ਼ਾਲਮਾਂ ਦੇ ਦਿੱਤੇ ਜ਼ਖ਼ਮ ਗਹਿਰੇ,
ਇਤਿਹਾਸ ਦੀਆਂ ਪੈੜਾਂ ਨੇ, ਨਿਸ਼ਾਨ ਨਹੀਂ।
ਵਕਤ ਦੇ ਪੰਨਿਆਂ 'ਤੇ ਲਿਖੇ ਖ਼ੂਨੀ ਹਰਫ਼,
ਤੱਤੇ ਲਹੂ ਦੇ ਐਲਾਨ ਨੇ, ਬਿਆਨ ਨਹੀਂ।
ਸਿਵਿਆਂ ਵਿੱਚ ਮੱਚੀਆਂ ਜ਼ਿੰਦਾ ਮਸ਼ਾਲਾਂ,
ਸੰਗਰਾਮੀ ਅਮਾਨਤ ਨੇ, ਮਸਾਣਾਂ ਨਹੀਂ।
ਝੁਰੜੀਆਂ ਤਿਉੜੀਆਂ ਵਿੱਚ ਪਲਦੇ ਨੇ ਸੁਪਨੇ,
ਖ਼ੁਸ਼ੀਆਂ ਉਮੰਗਾਂ ਵਿੱਚ ਨੇ, ਕੁਰਲਾਉਣ ਨਹੀਂ।
ਸਿਰਾਂ ਤੇ ਮੁੜ੍ਹਕਿਆਂ ਨਾਲ ਪਾਲੇ ਇਹ ਸ਼ਬਦ,
ਸਿਰੜਾਂ ਦੇ ਸਿਰ ਤਾਜ ਨੇ, ਲਗਾਮ ਨਹੀਂ।
ਗੱਲੀਂ ਜਜ਼ਬਾਤ ਦੇ ਉੱਧੜੇ ਪਏ ਜ਼ਖ਼ਮ,
ਹਨੇਰੀਆਂ ਵਜ੍ਹਾ ਨੇ, ਇਹ ਪੌਣ ਨਹੀਂ।
ਸੁੰਨੀਆਂ ਅੱਖੀਂ ਵਗਦਾ ਦਰਦਾਂ ਦਾ ਨੀਰ,
ਜਿੰਦਦਾ ਖ਼ੁਸ਼ਕ ਪੈੜਾਂ ਨੇ, ਸ਼ਮਸ਼ਾਨ ਨਹੀਂ।
'ਅਮਰ' ਸੁੱਕਾ ਕਾਨਾ ਬਣ ਤਿੱਖੀ ਕਲਮ,
ਲਿਖਣੀਆਂ ਤਕਦੀਰਾਂ ਨੇ, ਅਹਿਸਾਨ ਨਹੀਂ।

## ਜੰਗ ਜਦੋਂ ਕਿਤੇ ਵੀ ਲੱਗਦੀ ਏ

ਜਗਦੀਸ਼ ਬਹਾਦਰਪੁਰੀ




ਜੰਗ ਜਦੋਂ ਕਿਤੇ ਵੀ ਲੱਗਦੀ ਏ,
ਧਰਤੀ ਦਾ ਸੀਨਾ ਸੱਲਦੀ ਏ।
ਮਾਨਵਤਾ ਥਰ ਥਰ ਕੰਬਦੀ ਏ,
ਇਹ ਅਗਨ ਜਦੋਂ ਬਣ ਬਲਦੀ ਏ।
ਜੰਗ ਜਦੋਂ ਕਿਤੇ ਵੀ ਲੱਗਦੀ ਏ...
ਇਹ ਸੁੱਖ, ਸ਼ਾਂਤੀ ਖੋਹ ਲੈਂਦੀ,
ਕੋਈ ਬਲਾ ਜਿਉਂ ਵਰ੍ਹ ਪੈਂਦੀ।
ਇਹ ਵੱਸਦੇ ਸ਼ਹਿਰ ਉਜਾੜ ਦਿੰਦੀ
ਇਹ ਡੈਣ ਜਿਉਂਦੇ ਜੀਅ ਮਾਰ ਦਿੰਦੀ।
ਇਹ ਦੂਰ ਵਤਨ ਦੀਆਂ ਹੱਦਾਂ ਤੋਂ
ਘਰੀਂ ਸ਼ੋਕ ਸੁਨੇਹੇ ਘੱਲਦੀ ਏ।
ਜੰਗ ਜਦੋਂ ਕਿਤੇ ਵੀ ਲੱਗਦੀ ਏ...
ਇਹ ਗਰਜ ਤੋਪਾਂ, ਬੰਬਾਂ ਦੀ,
ਬੰਦੂਕਾਂ ਅਤੇ ਜਹਾਜ਼ਾਂ ਦੀ।
ਇਹ ਗੰਧ ਬਾਰੂਦ ਤੇ ਲਾਸ਼ਾਂ ਦੀ,
ਦੁਰਗੰਧ ਸੜੇ ਜੰਗਬਾਜ਼ਾਂ ਦੀ।
ਇਹ ਅਜਗਰ-ਕੁੰਡਲੀ ਹਵਸਾਂ ਦੀ
ਸਭ ਦੇਸ਼-ਦੇਸ਼ਾਂਤਰ ਵਲਦੀ ਏ।
ਜੰਗ ਜਦੋਂ ਕਿਤੇ ਵੀ ਲੱਗਦੀ ਏ...
ਬਾਲਾਂ ਤੋਂ ਬਾਪ ਦੀ ਛਾਂ ਖੋਂਹਦੀ,
ਹਰ ਥਾਂ ਕਹਿਰ ਖਿਲਾਰ ਦਿੰਦੀ।
ਮਾਪਿਆਂ ਤੋਂ ਖੋਂਹਦੀ ਪੁੱਤਰਾਂ ਨੂੰ,
ਨਾਰਾਂ ਦੇ ਸੰਧੂਰ ਉਜਾੜ ਦਿੰਦੀ।
ਰੂਹਾਂ 'ਚ ਵਸਾਉਂਦੀ ਬੇਵੱਸੀਆਂ,
ਹਰ ਕੋਨਾ ਘਰਾਂ ਦਾ ਮੱਲਦੀ ਏ।
ਜੰਗ ਜਦੋਂ ਕਿਤੇ ਵੀ ਲੱਗਦੀ ਏ...
ਇਸ ਜੰਗ ਦੀ ਤਪਦੀ ਭੱਠੀ ਵਿੱਚ,
ਸਭ ਕੁਝ ਹੀ ਸੜ ਕੇ ਸੁਆਹ ਹੁੰਦਾ।
ਯਮਰਾਜ ਕੋਈ ਪਰ ਘਰ ਆਪਣੇ
ਸਭ ਦੇਖ ਕੇ ਖ਼ੁਸ਼ ਬੜਾ ਹੁੰਦਾ।
ਇਹ ਰਾਖ ਯਾਰੋ ਸ਼ਮਸ਼ਾਨਾਂ ਦੀ,
ਕਈਆਂ ਨੂੰ ਬੜਾ ਹੀ ਫਲਦੀ ਏ।
ਜੰਗ ਜਦੋਂ ਕਿਤੇ ਵੀ ਲੱਗਦੀ ਏ...
'ਜਗਦੀਸ਼' ਸਿਆਸਤਦਾਨਾਂ ਨੇ,
ਠੱਗ, ਚੋਰਾਂ ਅਤੇ ਸ਼ੈਤਾਨਾਂ ਨੇ।
ਸਭ ਕੁਝ ਨਰਕ ਬਣਾ ਧਰਿਆ,
ਇਹ ਆਦਮਖੋਰ ਹੈਵਾਨਾਂ ਨੇ।
ਇਹ ਕੌਮ ਸਿਆਸਤਦਾਨਾਂ ਦੀ,
ਸਾਡੇ ਹੀ ਖ਼ੂਨ 'ਤੇ ਪਲਦੀ ਏ।
ਜੰਗ ਜਦੋਂ ਕਿਤੇ ਵੀ ਲੱਗਦੀ ਏ...

## ਸੱਜਣਾ

ਐਡਵੋਕੇਟ ਗੁਰਤੇਜ ਸਿੰਘ ਖੁਡਾਲ

ਸੱਜਣਾ ਯਾਦ ਤੂੰ ਆਉਣਾ ਛੱਡ ਦੇ,
ਸਾਨੂੰ ਤੂੰ ਸਤਾਉਣਾ ਛੱਡ ਦੇ।
ਆਪਣਾ ਆਪਣਾ ਕਹਿਣਾ ਛੱਡ ਦੇ,
ਝੂਠੇ ਦੇਣੇ ਦਿਲਾਸੇ ਛੱਡ ਦੇ।
ਜੇਕਰ ਸਾਨੂੰ ਚਾਹੁੰਦਾ ਨਹੀਂ ਤੂੰ,
ਸਾਨੂੰ ਫਿਰ ਅਜ਼ਮਾਉਣਾ ਛੱਡ ਦੇ।
ਖ਼ੁਆਬਾਂ ਵਿੱਚ ਤੂੰ ਕਿਉਂ ਆਉਂਦਾ ਏਂ,
ਸਾਡੀ ਨੀਂਦ ਉਡਾਉਣਾ ਛੱਡ ਦੇ।
ਜੇਕਰ ਦਿਲੋਂ ਪਿਆਰ ਨਹੀਂ ਕਰਦਾ,
ਸਾਡੇ ਰਾਹਾਂ ਵਿੱਚ ਆਉਣਾ ਛੱਡ ਦੇ।
ਇਸ਼ਕ ਸਮੁੰਦਰ ਜੇ ਤਰ ਨਹੀਂ ਹੁੰਦਾ,
ਇਸ਼ਕ ਮੁਹੱਬਤ ਕਰਨਾ ਛੱਡ ਦੇ।
ਅਸੀਂ ਤਾਂ ਤੈਨੂੰ ਮੰਨ ਲਿਆ ਆਪਣਾ,
ਤੂੰ ਪਾਰ ਲੰਘਾ ਜਾਂ ਵਿਚਕਾਰ ਹੀ ਛੱਡ ਦੇ।
'ਖੁਡਾਲ' ਜੇ ਤੈਥੋਂ ਨਿਭ ਨਹੀਂ ਹੁੰਦਾ,
ਆਪਣਾ ਹੱਕ ਜਤਾਉਣਾ ਛੱਡ ਦੇ।

## ਪੇਕੇ ਜਾਣੇ ਨੂੰ ਜੀਅ ਨ੍ਹੀਂ ਕਰਦਾ

ਜਸਮੇਰ ਮੀਆਂਪੁਰੀ

ਸੁਖੀ ਵੱਸਣ ਮੇਰੇ ਭਾਈ-ਭਤੀਜੇ, ਭਤੀਜੀਆਂ ਤੇ ਭਰਜਾਈਆਂ
ਅਸੀਂ ਵੀ ਮਾਣੀਆਂ ਇਸ ਘਰ ਮੌਜਾਂ ਜਦ-ਕਦ ਹਿੱਸੇ ਆਈਆਂ
ਪਰ ਹੁਣ ਦਿਲ ਦਰਿਆ ਦੇ ਕੰਢੇ ਨਾਲ ਤਕਰਾਰਾਂ ਭੁਰ ਗਏ ਨੇ
ਹੁਣ ਪੇਕੇ ਜਾਣੇ ਨੂੰ ਜੀਅ ਨ੍ਹੀਂ ਕਰਦਾ ਜਦੋਂ ਦੇ ਮਾਂ-ਪਿਓ ਤੁਰ ਗਏ ਨੇ।
ਮੋਹ ਭੰਗੇ ਜੇ ਹੋਗੇ ਰਿਸ਼ਤੇ ਪਰਾਇਆਂ ਵਾਂਗ ਕਰਨ ਵਰਤਾਰੇ
ਨਾ ਮੰਗ ਲੈਣ ਕਿਧਰੇ ਕੁੱਝ ਭੈਣਾਂ ਲਗਦੈ ਤਾਹੀਓਂ ਕਰਨ ਕਿਨਾਰੇ
ਲੱਗਦੇ ਸੀ ਜੋ ਥੰਮ੍ਹਾਂ ਵਰਗੇ ਵਾਂਗੂੰ ਬਰਫ਼ ਦੇ ਖੁਰ ਗਏ ਨੇ
ਹੁਣ ਪੇਕੇ ਜਾਣੇ ਨੂੰ ਜੀਅ ਨ੍ਹੀਂ ਕਰਦਾ ਜਦੋਂ ਦੇ ਮਾਂ-ਪਿਓ ਤੁਰ ਗਏ ਨੇ।
'ਮੀਆਂਪੁਰੀ' ਜਸਮੇਰ ਭਰਾ ਹੁਣ ਮਿਲਣੋਂ ਵੀ ਕਤਰਾਉਂਦੇ ਨੇ
ਦੇ ਕੇ ਸੁਨੇਹੇ ਪੈਂਦੇ ਬੁਲਾਉਣੇ ਆਪ ਮਿਲਣ ਕਿੱਥੇ ਆਉਂਦੇ ਨੇ
ਸਾਡੇ ਲਾਡ ਮੁਹੱਬਤ ਸਭ ਝੋਰਿਆਂ ਵਿੱਚ ਭੁਰ ਗਏ ਨੇ
ਹੁਣ ਪੇਕੇ ਜਾਣੇ ਨੂੰ ਜੀਅ ਨ੍ਹੀਂ ਕਰਦਾ ਜਦੋਂ ਦੇ ਮਾਂ-ਪਿਓ ਤੁਰ ਗਏ ਨੇ।

## ਪੰਜ-ਆਬ ਦੀ ਰਾਣੀ

ਹਰਪ੍ਰੀਤ ਪੱਤੋ

ਮੇਰੀ ਮਾਂ ਪੰਜਾਬੀ ਬੋਲੀ,
ਪੰਜ-ਆਬ ਦੀ ਰਾਣੀ।
ਸ਼ਰਬਤ ਵਰਗੀ, ਮਾਖਿਓਂ ਮਿੱਠੀ,
ਇਸ ਦੀ ਅਜਬ ਕਹਾਣੀ।
ਗੁਰੂਆਂ ਪੀਰਾਂ ਮਾਣ ਬਖ਼ਸ਼ਿਆ,
ਉਚਾਰੀ ਵਿੱਚ ਗੁਰਬਾਣੀ।
ਵਾਰਸ, ਪੀਲੂ, ਸ਼ਾਹ ਹੁਸੈਨ ਜਿਹੇ,
ਬਣੇ ਸਮੇਂ ਦੇ ਹਾਣੀ।
ਸਾਰੀਆਂ ਰਾਣੀਆਂ ਬੋਲੀਆਂ ਦੀ ਹੈ,
ਇਹ ਬੋਲੀ ਪਟਰਾਣੀ।
ਸਭ ਨੂੰ ਸਮਝੇ ਇੱਕ ਬਰਾਬਰ,
ਊਚ-ਨੀਚ ਨਹੀਂ ਜਾਣੀ।
ਧਰਮਾਂ ਵਿੱਚ ਮਨੁੱਖਤਾ ਵੰਡਦੀ,
ਸਭ ਨੇ ਰਮਜ਼ ਪਛਾਣੀ।
ਨਹੀਂ ਭੁੱਲਦੀ ਮੈਨੂੰ ਲੱਖ ਭੁਲਾਵਾਂ,
ਮੌਜ ਬੁੱਕਲ ਦੀ ਮਾਣੀ।
ਚਸ਼ਮੇ ਫੁੱਟਦੇ, ਝਰਨੇ ਡਿੱਗਦੇ,
ਵਗਦੇ ਮਿੱਠੇ ਪਾਣੀ।
ਇੱਕ ਇੱਕ ਸ਼ਬਦ ਬੜਾ ਕੀਮਤੀ,
ਜਿਉਂ ਰਤਨਾਂ ਦੀ ਖਾਣੀ।
'ਪੱਤੋ' ਨੂੰ ਵਰ ਮਿਲਿਆ, ਨਹੀਂ ਤਾਂ
ਉਸ ਨੂੰ ਸਮਝ ਕੀ ਆਣੀ।

## ਗ਼ਜ਼ਲ

ਅਮਨ ਦਾਤੇਵਾਸੀਆ

ਜੀਰੀ ਲਾਵੇ ਬਾਲੜੀ ਹੋ ਕੇ ਆਵਾਜ਼ਾਰ,
ਦੇਖੋ ਭੁੱਖ ਤੇ ਰਿਜਕ ਦਾ ਕੈਸਾ ਹੈ ਵਿਉਪਾਰ।
ਸਹੁਰੇ ਘਰ ਨੂੰ ਤੋਰਨੀ, ਛਿੰਦੋ ਆਉਂਦੇ ਚੇਤ,
ਮਾਪੇ ਆਖਣ ਜੋੜ ਲੈ, ਧੀਏ ਛਿੱਲੜ ਚਾਰ।
ਚੱਪਣੀ ਟੁੱਟ ਗਈ ਵੀਰ ਦੀ ਬੈਠਾ ਮੰਜਾ ਮੱਲ,
ਤੇਰੇ ਮੋਢੇ ਐਤਕੀਂ, ਪੈ ਗਿਆ ਸਾਰਾ ਭਾਰ।
ਘਰ ਦੀ ਚੈਂ-ਪੈਂ ਮਾਰਦੀ, ਮਾਰੇ ਘੋਰ-ਕਲੇਸ਼,
ਏਦੂੰ ਚੰਗਾ ਖੇਤ ਹੀ, ਸੱਚ ਆਖੇ ਕਰਤਾਰ।
ਮੰਨਤ ਖ਼ਵਾਜਾ ਪੀਰ ਦੀ, ਰਿੰਨ੍ਹਾਂ ਮਿੱਠੇ ਚੌਲ,
ਵਾਹਣ ਮਿਲਜੇ ਹੋਰ ਵੀ ਮੰਨੀਂ ਅਰਜ਼ ਗੁਹਾਰ।
ਛੋਟੀ-ਛੋਟੀ ਜਿੰਦੂਆ, ਘਰ ਦਾ ਕੰਮ ਨਿਬੇੜ,
ਅੱਜ ਵੀ ਹੋ ਗਏ ਲੇਟ ਤਾਂ ਝਿੜਕੂ ਠੇਕੇਦਾਰ।
ਦੋ ਏਕੜ ਦੀ ਓਟਣੀ, ਦੱਸੋ ਕਿਸਨੇ ਪਾਂਤ?
ਸ਼ਰਤਾਂ ਲਾ-ਲਾ ਪਾਂਤ ਨੂੰ, ਕਰਦੇ ਗੋਡੇ ਭਾਰ।
ਸਖੀਏ ਲਾਈਏ ਮਹਿਫ਼ਿਲਾਂ ਛੱਡ ਕੇ ਰੋਂਦੂ ਹਾਲ,
ਵਾਰੋ ਵਾਰੀ ਆਪਣਾ, ਛੱਡ ਜਾਣਾ ਘਰ ਬਾਰ।
ਕਾਰ ਕਮਾਓ ਸੱਚ ਦੀ, ਨਾਨਕ ਦੀ ਜੋ ਰੀਤ,
ਕਿਰਤੀ ਓੜ ਨਿਭਾਂਵਦੇ, ਬਣ ਕੇ ਪਹਿਰੇਦਾਰ।
ਨੀਵੀਂ ਪਾ ਕੇ ਚੱਲਣਾ ਜਾਂ ਉੱਚੀ ਕਰਕੇ ਧੌਣ,
ਇਹ ਗੱਲ ਤਾਂ 'ਦਾਤੇਵਾਸੀਆ' ਤੇਰੇ ਹੀ ਇਖ਼ਤਿਆਰ।

## ਗ਼ਜ਼ਲ

ਬਲਜਿੰਦਰ ਸਿੰਘ 'ਬਾਲੀ ਰੇਤਗੜ੍ਹ'

ਸਤਲੁਜ ਵੀ ਕੀ ਕੀ ਰਾਜ਼ ਛੁਪਾਈ ਬੈਠਾ ਹੈ,
ਲਾਸ਼ਾਂ 'ਤੇ ਰੋ ਰੋ ਨੈਣ ਸੁਜਾਈ ਬੈਠਾ ਹੈ।
ਜੋਬਨ ਰੁੱਤੇ ਕਰਕੇ ਕਤਲ ਵਹਾ ਦਿੱਤੇ ਜੋ,
ਏਹ ਕਿਉਂ ਜ਼ਾਲਮ ਦੇ ਰਾਜ਼ ਦਬਾਈ ਬੈਠਾ ਹੈ।
ਸੂਹਾ ਰੱਤ ਕਿਵੇਂ ਲੈ ਪਾਣੀ ਵਿੱਚ ਮੌਨ ਰਿਹਾ,
ਕਿਉਂ ਮਾਵਾਂ ਦੀ ਔਲਾਦ ਲੁਕਾਈ ਬੈਠਾ ਹੈ।
ਕੋਹ ਕੋਹ ਮਾਰੇ ਚੋਬਰ, ਦਰਿਆਵੀਂ ਰੋੜ੍ਹ ਗਏ,
ਨਾਮ ਜੱਲਾਦਾਂ ਦੇ ਇਹ, ਖੁਣਵਾਈ ਬੈਠਾ ਹੈ।
ਕਫ਼ਨ ਬਿਨਾਂ ਹੀ ਤੁਰ ਗਏ, ਜੋ ਸਾਈਂ ਧੀਆਂ ਦੇ,
ਪਿੰਜਰ ਹੀ ਦੇ ਦੇ, ਜੋ ਵਹਿਣ ਰੁੜ੍ਹਾਈ ਬੈਠਾ ਹੈ।
ਆਖ ਲਾਵਾਰਿਸ ਸਾੜ ਗਏ ਸਨ, ਕਿਉਂ ਆਪਣੇ ਹੀ,
ਖ਼ਾਕ 'ਤੇ ਕਿਉਂ ਖ਼ਾਕੀ, ਦਾਗ਼ ਲਵਾਈ ਬੈਠੀ ਹੈ।
ਕੌਣ ਜਵਾਬ ਦਵੇ, ਪੰਜਾਬੀਆਂ ਦੀ ਨਸਲਕੁਸ਼ੀ ਦਾ,
'ਬਾਲੀ' ਚੁੱਪ ਹਕੂਮਤ, ਘਬਰਾਈ ਬੈਠੀ ਹੈ।
ਬੋਲ ਜ਼ੁਬਾਨੋਂ ਦੇ ਦੇ ਇੱਕ ਗਵਾਹੀ ਸਤਲੁਜ,
ਕਿਉਂ ਬਖਤਾਵਰ ਦੀ ਬਣ ਭਰਜਾਈ ਬੈਠੀ ਹੈ।
ਪੰਜਾਬ ਕਰੇ ਮਾਣ ਜੋ, 'ਬਾਲੀ' ਦਰਿਆਵਾਂ 'ਤੇ,
ਜੀਅ ਸਾਡੇ ਹੀ ਏਹ ਆਫ਼ਤ ਖਾਈ ਬੈਠੀ ਹੈ।

## ਦਿਲ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਦਿਲ ਦੀਆਂ ਦਿਲ ਵਿੱਚ ਰਹਿ ਗਈਆਂ ਨੇ
ਅੱਖੀਆਂ ਸਭ ਕੁਝ ਕਹਿ ਗਈਆਂ ਨੇ।
ਚੋਰੀ ਚੋਰੀ ਤੱਕਦੀਆਂ ਤੱਕਦੀਆਂ
ਚੰਚਲ ਨਜ਼ਰਾਂ ਖਹਿ ਗਈਆਂ ਨੇ।
ਉਸ ਸੋਹਣੀ ਦੀਆਂ ਮਿੱਠੀਆਂ ਗੱਲਾਂ
ਧੁਰ ਅੰਦਰ ਤੱਕ ਲਹਿ ਗਈਆਂ ਨੇ।
ਸਬਰ ਸ਼ੁਕਰ ਦੀਆਂ ਸਾਰੀਆਂ ਕੰਧਾਂ
ਇੱਕ ਇੱਕ ਕਰ ਕੇ, ਢਹਿ ਗਈਆਂ ਨੇ।
ਦਿਲ ਮਿਲਣੇ ਦੀਆਂ ਸੱਧਰਾਂ ਹੁਣ ਤਾਂ
ਅਰਸ਼ੋਂ ਫ਼ਰਸ਼ੀਂ ਬਹਿ ਗਈਆਂ ਨੇ।
ਚੱਲ ਦਿਲਾ ਹੁਣ ਤੂੰ ਵੀ ਵਗ ਜਾ
ਜਿਧਰ ਲਹਿਰਾਂ ਵਹਿ ਗਈਆਂ ਨੇ।

# ਵਿਸ਼ਵ ਹਾਕੀ ਕੱਪ 'ਚ ਜਰਮਨੀ ਬਣਿਆ ਚੌਥੀ ਵਾਰ ਚੈਂਪੀਅਨ

## ਤਿੰਨ ਵਾਰ ਫ਼ਾਈਨਲ ਵਿੱਚ ਪਹੁੰਚ ਕੇ ਵੀ ਅਧੂਰਾ ਰਹਿ ਗਿਆ ਸਪੇਨ ਦਾ ਖ਼ਿਤਾਬ ਜਿੱਤਣ ਦਾ ਸੁਪਨਾ





ਵਾਵਰੇ/ਏ.ਟੀ.ਨਿਊਜ਼: ਬੈਲਜੀਅਮ ਵਿੱਚ ਐਫ਼. ਆਈ. ਐਚ. ਪੁਰਸ਼ ਹਾਕੀ ਵਿਸ਼ਵ ਕੱਪ ਦਾ ਖਿਤਾਬ ਜਰਮਨੀ ਨੇ ਜਿੱਤ ਲਿਆ ਹੈ। ਫ਼ਾਈਨਲ ਮੁਕਾਬਲੇ ਵਿੱਚ ਪਿਛਲੀ ਚੈਂਪੀਅਨ ਜਰਮਨੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਪੇਨ ਨੂੰ 1-0 ਨਾਲ ਹਰਾ ਦਿੱਤਾ। ਮੈਚ ਦਾ ਫ਼ੈਸਲਾਕੁਨ ਗੋਲ 44ਵੇਂ ਮਿੰਟ ਵਿੱਚ ਜਰਮਨੀ ਦੇ ਮਾਈਕਲ ਸਟਰਟਫ਼ ਨੇ ਕੀਤਾ। ਇਸ ਜਿੱਤ ਨਾਲ ਜਰਮਨੀ ਨੇ ਚੌਥੀ ਵਾਰ ਐੱਫ਼ ਆਈ ਐੱਚ ਪੁਰਸ਼ ਹਾਕੀ ਵਿਸ਼ਵ ਕੱਪ ਦਾ ਖ਼ਿਤਾਬ ਆਪਣੇ ਨਾਮ ਕਰ ਲਿਆ ਹੈ ਅਤੇ ਪਾਕਿਸਤਾਨ ਦੇ ਚਾਰ ਖ਼ਿਤਾਬਾਂ ਦੇ ਰਿਕਾਰਡ ਦੀ ਬਰਾਬਰੀ ਕਰ ਲਈ ਹੈ।

ਇਸ ਤੋਂ ਪਹਿਲਾਂ ਜਰਮਨੀ 2002, 2006 ਅਤੇ 2023 ਵਿੱਚ ਵੀ ਵਿਸ਼ਵ ਕੱਪ ਜਿੱਤ ਚੁੱਕਾ ਹੈ। ਜਦੋਂ ਕਿ ਸਪੇਨ 1998 ਤੋਂ ਬਾਅਦ ਪਹਿਲੀ ਵਾਰ ਅਤੇ ਕੁੱਲ ਤੀਜੀ ਵਾਰ ਫ਼ਾਈਨਲ ਵਿੱਚ ਪਹੁੰਚਿਆ ਸੀ ਪਰ ਖ਼ਿਤਾਬ ਜਿੱਤਣ ਦਾ ਉਸ ਦਾ ਸੁਪਨਾ ਅਧੂਰਾ ਰਹਿ ਗਿਆ। ਮੈਚ ਦੌਰਾਨ ਸਪੇਨ ਨੇ ਬਰਾਬਰੀ ਕਰਨ ਲਈ ਪੂਰੀ ਕੋਸ਼ਿਸ਼ ਕੀਤੀ ਅਤੇ ਕੋਚ ਨੇ ਆਖਰੀ ਮਿੰਟਾਂ ਵਿੱਚ ਗੋਲਕੀਪਰ ਨੂੰ ਵੀ ਹਟਾ ਦਿੱਤਾ ਪਰ ਜਰਮਨ ਡਿਫ਼ੈਂਸ ਨੇ ਕੋਈ ਮੌਕਾ ਨਹੀਂ ਦਿੱਤਾ।

ਇਸ ਟੂਰਨਾਮੈਂਟ ਦੇ ਹੋਰਨਾਂ ਮੁਕਾਬਲਿਆਂ ਖਾਸ ਕਰ ਕਾਂਸੀ ਦੇ ਤਮਗੇ ਲਈ ਹੋਏ ਰੋਮਾਂਚਕ ਮੁਕਾਬਲੇ ਵਿੱਚ ਅਰਜਨਟੀਨਾ ਨੇ ਸਹਿ-ਮੇਜ਼ਬਾਨ ਨੀਦਰਲੈਂਡ ਨੂੰ 2-1 ਨਾਲ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ। ਅਰਜਨਟੀਨਾ ਲਈ ਕਪਤਾਨ ਮਥਿਆਸ ਰੇਅ ਨੇ 59ਵੇਂ ਮਿੰਟ ਵਿੱਚ ਗੋਲ ਦਾਗਿਆ।

ਸੈਮੀਫ਼ਾਈਨਲ ਮੈਚ: ਸਪੇਨ ਨੇ ਸੈਮੀਫ਼ਾਈਨਲ ਵਿੱਚ ਨੀਦਰਲੈਂਡਜ਼ ਨੂੰ 4-3 ਨਾਲ ਹਰਾਇਆ ਸੀ, ਜਦੋਂ ਕਿ ਜਰਮਨੀ ਨੇ ਅਰਜਨਟੀਨਾ ਨੂੰ 2-1 ਨਾਲ ਮਾਤ ਦਿੱਤੀ ਸੀ।

# ਅਰਜਨਟੀਨਾ ਨੇ ਨੀਦਰਲੈਂਡਜ਼ ਨੂੰ ਹਰਾ ਕੇ ਮਹਿਲਾ ਵਿਸ਼ਵ ਕੱਪ ਜਿੱਤਿਆ

## 9 ਵਾਰ ਦੀ ਚੈਂਪੀਅਨ ਨੀਦਰਲੈਂਡਜ਼ 10ਵੀਂ ਵਾਰ ਚੈਂਪੀਅਨ ਬਣਨ ਤੋਂ ਖੁੰਝ ਗਈ



ਐਮਸਟਲਵੀਨ/ਏ.ਟੀ.ਨਿਊਜ਼: ਅਰਜਨਟੀਨਾ ਨੇ ਨੀਦਰਲੈਂਡਜ਼ ਦਾ ਲਗਾਤਾਰ ਚੌਥਾ ਮਹਿਲਾ ਵਿਸ਼ਵ ਕੱਪ ਜਿੱਤਣ ਦਾ ਸੁਪਨਾ ਤੋੜਦਿਆਂ ਸ਼ਨਿਚਰਵਾਰ ਨੂੰ ਪੈਨਲਟੀ ਸ਼ੂਟਆਊਟ ਵਿੱਚ 3-1 ਨਾਲ ਹਰਾ ਦਿੱਤਾ। ਇਸ ਜਿੱਤ ਨਾਲ ਅਰਜਨਟੀਨਾ ਨੇ ਪਿਛਲੀ ਵਾਰ ਦੀ ਹਾਰ ਦਾ ਬਦਲਾ ਲੈਂਦਿਆਂ ਆਪਣਾ ਤੀਜਾ ਵਿਸ਼ਵ ਕੱਪ ਖਿਤਾਬ ਆਪਣੇ ਨਾਂਅ ਕਰ ਲਿਆ ਹੈ।

ਪਿਛਲੀ ਵਾਰ ਵਿਸ਼ਵ ਕੱਪ ਵਿੱਚ ਅਰਜਨਟੀਨਾ ਨੂੰ ਨੀਦਰਲੈਂਡਜ਼ ਨੇ 3-1 ਨਾਲ ਹੀ ਹਰਾਇਆ ਸੀ। ਇਸ ਤੋਂ ਪਹਿਲਾਂ ਅਰਜਨਟੀਨਾ ਨੇ 2002 ਅਤੇ 2010 ਵਿੱਚ ਵੀ ਨੀਦਰਲੈਂਡਜ਼ ਨੂੰ ਹਰਾ ਕੇ ਹੀ ਖਿਤਾਬ ਜਿੱਤੇ ਸਨ, ਜਦਕਿ ਨੌਂ ਵਾਰ ਦੀ ਚੈਂਪੀਅਨ ਨੀਦਰਲੈਂਡਜ਼ 10ਵੀਂ ਵਾਰ ਚੈਂਪੀਅਨ ਬਣਨ ਤੋਂ ਖੁੰਝ ਗਈ। ਪੈਨਲਟੀ ਸ਼ੂਟਆਊਟ ਵਿੱਚ ਅਰਜਨਟੀਨਾ ਲਈ ਵਿਕਟੋਰੀਆ ਗਰਾਨਾਟੋ, ਬ੍ਰਿਸਾ ਬ੍ਰਗੇਸਰ ਅਤੇ ਸੋਫੀਆ ਕਾਈਰੋ ਨੇ ਗੋਲ ਕੀਤੇ, ਜਦਕਿ ਡਿਆਜ਼ ਜੋ ਦਾ ਗੋਲ ਰੱਦ ਹੋ ਗਿਆ। ਦੂਜੇ ਪਾਸੇ ਨੀਦਰਲੈਂਡਜ਼ ਲਈ ਸਿਰਫ਼ ਮਾਰਿਨ ਨੇ ਗੋਲ ਕੀਤਾ, ਜਦਕਿ ਪੀਏਨ ਸੈਂਡਰਸ, ਫੇਲਿਸ ਅਲਬਰਸ ਅਤੇ ਮੋਏਸ ਫ੍ਰੀਕੇ ਦੇ ਨਿਸ਼ਾਨੇ ਖੁੰਝ ਗਏ। ਇਸ ਆਖਰੀ ਮੈਚ ਵਿੱਚ ਨੀਦਰਲੈਂਡਜ਼ ਲਈ ਪਹਿਲਾ ਗੋਲ 30ਵੇਂ ਮਿੰਟ ਵਿੱਚ ਡਰੈਗ ਫਲਿੱਕਰ ਮੰਨੀ ਜਾਣ ਵਾਲੀ ਯਿਬਬੀ ਯਾਨਸੇਨ ਨੇ ਕੀਤਾ। ਮੈਚ ਦੌਰਾਨ ਅਰਜਨਟੀਨਾ ਨੂੰ ਅੱਠ ਪੈਨਲਟੀ ਕਾਰਨਰ ਮਿਲੇ, ਜਿਨ੍ਹਾਂ ਵਿੱਚੋਂ ਅੱਠਵੇਂ ਪੈਨਲਟੀ ਕਾਰਨਰ 'ਤੇ ਕਪਤਾਨ ਮਾਰੀਆ ਗ੍ਰਾਨਾਟੋ ਨੇ 54ਵੇਂ ਮਿੰਟ ਵਿੱਚ ਰੀਬਾਉਂਡ 'ਤੇ ਬਰਾਬਰੀ ਦਾ ਗੋਲ ਕਰਕੇ ਮੈਚ ਨੂੰ ਪੈਨਲਟੀ ਸ਼ੂਟਆਊਟ ਵਿੱਚ ਪਹੁੰਚਾ ਦਿੱਤਾ।

ਪਹਿਲੇ ਪੰਦਰਾਂ ਮਿੰਟਾਂ ਵਿੱਚ ਮੁਕਾਬਲਾ ਬਰਾਬਰੀ ਦਾ ਰਿਹਾ ਅਤੇ ਦੋਵੇਂ ਟੀਮਾਂ ਇੱਕ-ਦੂਜੇ ਨੂੰ ਪਰਖਦੀਆਂ ਨਜ਼ਰ ਆਈਆਂ। ਨੀਦਰਲੈਂਡਜ਼ ਨੇ ਪਹਿਲਾ ਹਮਲਾ ਮੈਚ ਦੇ ਅੱਠਵੇਂ ਮਿੰਟ ਵਿੱਚ ਕੀਤਾ, ਪਰ ਮਾਰਲਿਨ ਜੋਕੇਮਸ ਵੱਲੋਂ ਸਰਕਲ ਵਿੱਚ ਪਹੁੰਚਾਈ ਗਈ ਗੇਂਦ ਨੂੰ ਟਰੈਪ ਕਰਨ ਲਈ ਉੱਥੇ ਕੋਈ ਮੌਜੂਦ ਨਹੀਂ ਸੀ। ਦੋ ਮਿੰਟ ਬਾਅਦ ਪੀਏਨ ਸੈਂਡਰਸ ਨੇ ਫਿਰ ਸਰਕਲ ਵਿੱਚ ਪ੍ਰਵੇਸ਼ ਕੀਤਾ, ਪਰ ਅਰਜਨਟੀਨਾ ਦੇ ਡਿਫੈਂਡਰਾਂ ਨੇ ਗੇਂਦ ਨੂੰ ਸੁਰੱਖਿਅਤ ਬਾਹਰ ਕੱਢ ਦਿੱਤਾ।

ਦੂਜੇ ਕੁਆਰਟਰ ਦੇ ਚੌਥੇ ਮਿੰਟ ਵਿੱਚ ਨੀਦਰਲੈਂਡਜ਼ ਦੀ ਤਜਰਬੇਕਾਰ ਖਿਡਾਰੀ ਅਤੇ ਆਪਣਾ 252ਵਾਂ ਮੈਚ ਖੇਡ ਰਹੀ ਜਾਨ ਡਿ ਵਾਰਡ ਗੇਂਦ ਲੈ ਕੇ ਅੱਗੇ ਵਧੀ ਅਤੇ ਮਾਰਿਨ ਨੂੰ ਵਧੀਆ ਪਾਸ ਦਿੱਤਾ, ਪਰ ਉਹ ਗੇਂਦ 'ਤੇ ਕਾਬੂ ਨਹੀਂ ਰੱਖ ਸਕੀ। ਬਰੇਕ ਤੋਂ ਠੀਕ ਪਹਿਲਾਂ ਆਖਰੀ ਮਿੰਟ ਵਿੱਚ ਮਿਲੇ ਪਹਿਲੇ ਪੈਨਲਟੀ ਕਾਰਨਰ 'ਤੇ ਯਾਨਸੇਨ ਨੇ ਡਰੈਗ ਫਲਿਕ ਨਾਲ ਟੂਰਨਾਮੈਂਟ ਵਿੱਚ ਆਪਣਾ ਅੱਠਵਾਂ ਗੋਲ ਕੀਤਾ। ਬਰੇਕ ਤੋਂ ਬਾਅਦ ਅਰਜਨਟੀਨਾ ਨੂੰ 33ਵੇਂ ਮਿੰਟ ਵਿੱਚ ਪਹਿਲਾ ਪੈਨਲਟੀ ਕਾਰਨਰ ਮਿਲਿਆ ਪਰ ਗੋਲ ਨਾ ਹੋਇਆ। ਅਰਜਨਟੀਨਾ ਨੇ ਹਮਲੇ ਜਾਰੀ ਰੱਖੇ ਅਤੇ ਦੋ ਮਿੰਟ ਬਾਅਦ ਕਪਤਾਨ ਮਾਰੀਆ ਗ੍ਰਾਨਾਟੋ ਨੂੰ ਸਰਕਲ ਵਿੱਚ ਰੁਕਾਵਟ ਪਹੁੰਚਾਉਣ ਕਾਰਨ ਦੂਜਾ ਪੈਨਲਟੀ ਕਾਰਨਰ ਮਿਲਿਆ, ਜਿਸ ਨੂੰ ਡੱਚ ਗੋਲਕੀਪਰ ਐਨੇ ਵੀਨੇਨਡਾਲ ਨੇ ਬਚਾ ਲਿਆ। ਤੀਜੇ ਕੁਆਰਟਰ ਦੇ ਆਖਰੀ ਦੋ ਮਿੰਟਾਂ ਵਿੱਚ ਅਰਜਨਟੀਨਾ ਨੂੰ ਲਗਾਤਾਰ ਦੋ ਪੈਨਲਟੀ ਕਾਰਨਰ ਮਿਲੇ ਪਰ ਆਗਸਟੀਨਾ ਗੋਰਜੇਲਾਨੀ ਦੀ ਟਰੈਪਿੰਗ ਅਤੇ ਸ਼ਾਟ ਕਮਜ਼ੋਰ ਰਹੇ।

# ਭਾਰਤੀ ਮਹਿਲਾ ਹਾਕੀ ਟੀਮ ਨੂੰ ਇਤਿਹਾਸਕ ਪ੍ਰਦਰਸ਼ਨ ਲਈ 50 ਲੱਖ ਰੁਪਏ ਦਾ ਇਨਾਮ



ਨਵੀਂ ਦਿੱਲੀ/ਏ.ਟੀ.ਨਿਊਜ਼: ਹਾਕੀ ਇੰਡੀਆ ਨੇ ਮਹਿਲਾ ਟੀਮ ਦੇ ਵਿਸ਼ਵ ਕੱਪ ਵਿੱਚ ਇਤਿਹਾਸਕ ਪ੍ਰਦਰਸ਼ਨ ਲਈ 50 ਲੱਖ ਦੇ ਨਕਦ ਇਨਾਮ ਦਾ ਐਲਾਨ ਕੀਤਾ ਹੈ। ਬੈਲਜੀਅਮ ਅਤੇ ਨੀਦਰਲੈਂਡਜ਼ ਵਿੱਚ ਹੋਏ 2026 ਦੇ ਹਾਕੀ ਵਿਸ਼ਵ ਕੱਪ ਵਿੱਚ, ਭਾਰਤੀ ਮਹਿਲਾ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਪੁਰਸ਼ ਟੀਮ ਨੂੰ ਪਛਾੜ ਦਿੱਤਾ। ਉਨ੍ਹਾਂ ਨੇ ਟੂਰਨਾਮੈਂਟ ਵਿੱਚ ਪੰਜਵਾਂ ਸਥਾਨ ਪ੍ਰਾਪਤ ਕੀਤਾ - 1974 ਤੋਂ ਬਾਅਦ ਉਨ੍ਹਾਂ ਦਾ ਸਭ ਤੋਂ ਵਧੀਆ ਪ੍ਰਦਰਸ਼ਨ, ਜਦੋਂ ਉਨ੍ਹਾਂ ਨੇ ਪਹਿਲੇ ਵਿਸ਼ਵ ਕੱਪ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ ਸੀ। ਹਾਕੀ ਇੰਡੀਆ ਨੇ 52 ਸਾਲਾਂ ਬਾਅਦ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਟੀਮ ਦੀ ਸ਼ਲਾਘਾ ਕੀਤੀ ਅਤੇ ?50 ਲੱਖ ਦੇ ਨਕਦ ਇਨਾਮ ਦਾ ਐਲਾਨ ਕੀਤਾ।

ਇਸ ਸ਼ਾਨਦਾਰ ਪ੍ਰਾਪਤੀ 'ਤੇ ਟੀਮ ਨੂੰ ਵਧਾਈ ਦਿੰਦੇ ਹੋਏ, ਹਾਕੀ ਇੰਡੀਆ ਦੇ ਪ੍ਰਧਾਨ ਦਿਲੀਪ ਟਿਰਕੀ ਨੇ ਕਿਹਾ, 'ਇਹ ਭਾਰਤੀ ਮਹਿਲਾ ਹਾਕੀ ਲਈ ਇੱਕ ਇਤਿਹਾਸਕ ਨਤੀਜਾ ਹੈ। 52 ਸਾਲਾਂ ਬਾਅਦ ਵਿਸ਼ਵ ਕੱਪ ਵਿੱਚ ਪੰਜਵਾਂ ਸਥਾਨ ਪ੍ਰਾਪਤ ਕਰਨਾ ਟੀਮ ਦੀ ਸਖ਼ਤ ਮਿਹਨਤ, ਲਚਕੀਲੇਪਣ ਅਤੇ ਪੂਰੇ ਟੂਰਨਾਮੈਂਟ ਦੌਰਾਨ ਦਿਖਾਈ ਗਈ ਭਾਵਨਾ ਦਾ ਪ੍ਰਮਾਣ ਹੈ।'

ਉਨ੍ਹਾਂ ਅੱਗੇ ਕਿਹਾ, 'ਹਾਕੀ ਇੰਡੀਆ ਵੱਲੋਂ, ਮੈਨੂੰ ਟੀਮ ਲਈ ?50 ਲੱਖ ਦੇ ਨਕਦ ਇਨਾਮ ਦਾ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ। ਇਹ ਸਾਡੇ ਵੱਲੋਂ ਪ੍ਰਸ਼ੰਸਾ ਦਾ ਇੱਕ ਛੋਟਾ ਜਿਹਾ ਪ੍ਰਤੀਕ ਹੈ, ਅਤੇ ਮੈਨੂੰ ਉਮੀਦ ਹੈ ਕਿ ਇਹ ਖਿਡਾਰੀਆਂ ਨੂੰ ਹੋਰ ਵੀ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕਰੇਗਾ।'

ਦੇਸ਼ ਦਾ ਮਾਣ ਵਧਾਉਂਦੀ ਹੈ ਮਹਿਲਾ ਟੀਮ

ਰਾਸ਼ਟਰਪਤੀ ਦੀਆਂ ਭਾਵਨਾਵਾਂ ਨੂੰ ਦੁਹਰਾਉਂਦੇ ਹੋਏ, ਹਾਕੀ ਇੰਡੀਆ ਦੇ ਸਕੱਤਰ ਜਨਰਲ ਭੋਲਾ ਨਾਥ ਸਿੰਘ ਨੇ ਕਿਹਾ,' ਸਲੀਮਾ ਅਤੇ ਉਨ੍ਹਾਂ ਦੀ ਟੀਮ ਨੇ ਦੇਸ਼ ਦਾ ਮਾਣ ਵਧਾਇਆ ਹੈ। ਉਨ੍ਹਾਂ ਨੇ ਦੁਨੀਆ ਦੀਆਂ ਕੁਝ ਸਭ ਤੋਂ ਵਧੀਆ ਟੀਮਾਂ ਨਾਲ ਮੁਕਾਬਲਾ ਕੀਤਾ ਅਤੇ ਬਹੁਤ ਦ੍ਰਿੜਤਾ ਨਾਲ ਖੇਡਿਆ। ਇਹ ਐਲਾਨ ਉਨ੍ਹਾਂ ਦੇ ਸਮਰਪਣ ਅਤੇ ਸਖ਼ਤ ਮਿਹਨਤ ਦਾ ਸਨਮਾਨ ਕਰਨ ਦਾ ਸਾਡਾ ਤਰੀਕਾ ਹੈ। ਸਾਨੂੰ ਉਮੀਦ ਹੈ ਕਿ ਇਹ ਟੀਮ ਲਈ ਹੋਰ ਪ੍ਰੇਰਣਾ ਵਜੋਂ ਕੰਮ ਕਰੇਗਾ ਕਿਉਂਕਿ ਉਹ ਹੁਣ ਆਪਣਾ ਧਿਆਨ ਏਸ਼ੀਆਈ ਖੇਡਾਂ ਵੱਲ ਕੇਂਦਰਿਤ ਕਰ ਰਹੀਆਂ ਹਨ।'

ਭਾਰਤੀ ਮਹਿਲਾ ਟੀਮ ਦਾ ਪ੍ਰਦਰਸ਼ਨ

ਭਾਰਤੀ ਮਹਿਲਾ ਟੀਮ ਨੇ 2026 ਹਾਕੀ ਵਿਸ਼ਵ ਕੱਪ ਵਿੱਚ ਇਤਿਹਾਸਕ ਪ੍ਰਦਰਸ਼ਨ ਕੀਤਾ। ਉਨ੍ਹਾਂ ਨੂੰ ਪੂਰੇ ਟੂਰਨਾਮੈਂਟ ਦੌਰਾਨ ਸਿਰਫ਼ ਇੱਕ ਹਾਰ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੇ ਚੀਨ, ਇੰਗਲੈਂਡ ਅਤੇ ਆਸਟ੍ਰੇਲੀਆ ਵਰਗੀਆਂ ਉੱਚ ਦਰਜਾ ਪ੍ਰਾਪਤ ਟੀਮਾਂ ਵਿਰੁੱਧ ਡਰਾਅ ਖੇਡੇ ਅਤੇ ਦੱਖਣੀ ਅਫਰੀਕਾ ਨੂੰ 6-1 ਨਾਲ ਹਰਾਇਆ; ਹਾਲਾਂਕਿ, ਉਨ੍ਹਾਂ ਨੂੰ ਨੀਦਰਲੈਂਡਜ਼ ਵਿਰੁੱਧ 2-0 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ।

ਕਪਤਾਨ ਸਲੀਮਾ ਟੇਟੇ ਦੀ ਅਗਵਾਈ ਵਿੱਚ, ਭਾਰਤੀ ਟੀਮ ਨੇ ਪਿਛਲੇ ਦਿਨੀਂ ਐਮਸਟਲਵੀਨ ਵਿੱਚ ਆਪਣੀ ਟੂਰਨਾਮੈਂਟ ਮੁਹਿੰਮ ਦਾ ਅੰਤ ਵਿਸ਼ਵ ਦੀ ਪੰਜਵੀਂ ਦਰਜਾ ਪ੍ਰਾਪਤ ਟੀਮ, ਜਰਮਨੀ ਨੂੰ ਪਲੇ-ਆਫ ਮੈਚ ਵਿੱਚ 3-1 ਨਾਲ ਹਰਾ ਕੇ ਪੰਜਵਾਂ ਸਥਾਨ ਪ੍ਰਾਪਤ ਕਰਕੇ ਕੀਤਾ। ਜਰਮਨੀ ਉੱਤੇ ਇਸ ਜਿੱਤ ਦੇ ਨਾਲ, ਭਾਰਤ ਨੇ ਮੁੱਖ ਕੋਚ ਸਜੋਰਡ ਮਾਰਿਜਨੇ ਦੇ ਕਾਰਜਕਾਲ ਨੂੰ ਵੀ ਜਿੱਤ ਦੇ ਨੇੜੇ ਪਹੁੰਚਾਇਆ।

# ਦਿਲਜੀਤ ਦੋਸਾਂਝ ਨੇ ਪੈਰਿਸ 'ਚ ਫੈਲਾਇਆ ਪੰਜਾਬੀਅਤ ਦਾ ਜਾਦੂ



ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਇਸ ਸਮੇਂ ਆਪਣੇ 'ਔਰਾ ਵਰਲਡ ਟੂਰ 2026' ਦੇ ਯੂ. ਕੇ. ਅਤੇ ਯੂਰੋਪੀਅਨ ਪੜਾਅ ਲਈ ਖ਼ਬਰਾਂ 'ਚ ਹਨ। ਇਸ ਦੌਰੇ ਦੇ ਹਿੱਸੇ ਵਜੋਂ, ਉਸਨੇ ਹਾਲ ਹੀ 'ਚ ਫਰਾਂਸ ਦੀ ਰਾਜਧਾਨੀ ਪੈਰਿਸ 'ਚ ਪ੍ਰਦਰਸ਼ਨ ਕੀਤਾ ਅਤੇ ਸ਼ਹਿਰ 'ਚ ਬਿਤਾਏ ਆਪਣੇ ਖਾਸ ਪਲਾਂ ਦੀਆਂ ਝਲਕੀਆਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ।


ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਫੋਟੋਆਂ ਸਾਂਝੀਆਂ ਕਰਦੇ ਹੋਏ, ਦਿਲਜੀਤ ਦੋਸਾਂਝ ਨੇ ਕੈਪਸ਼ਨ 'ਚ ਲਿਖਿਆ, 'ਪੈਰਿਸ ਪਿਓਰ ਰੋਮਾਂਸ ਸੀ, ਟੁਮਾਰੋ ਵਿਏਨਾ।' ਉਸਨੇ ਆਪਣੇ ਅਗਲੇ ਪੜਾਅ, ਵਿਆਨਾ ਦਾ ਵੀ ਸੰਕੇਤ ਦਿੱਤਾ। ਆਪਣੇ ਵਿਲੱਖਣ ਪੰਜਾਬੀ ਅੰਦਾਜ਼ ਲਈ ਜਾਣੇ ਜਾਂਦੇ, ਦਿਲਜੀਤ ਨੇ ਪੈਰਿਸ ਦੇ ਸੁੰਦਰ ਪਿਛੋਕੜ 'ਚ ਭਾਰਤੀ ਜੋਸ਼ ਦਾ ਅਹਿਸਾਸ ਜੋੜਿਆ। ਸਾਂਝੀਆਂ ਕੀਤੀਆਂ ਗਈਆਂ ਫੋਟੋਆਂ 'ਚ, 'ਉੜਤਾ ਪੰਜਾਬ' ਫੇਮ ਅਦਾਕਾਰ ਆਈਫਲ ਟਾਵਰ ਦੇ ਸਾਹਮਣੇ ਵੱਖ-ਵੱਖ ਪੋਜ਼ ਦਿੰਦੇ ਹੋਏ ਦਿਖਾਈ ਦੇ ਰਹੇ ਹਨ।

ਉਸਨੇ ਆਪਣੇ ਪੈਰਿਸ ਕੰਸਰਟ ਦੀਆਂ ਝਲਕੀਆਂ ਵੀ ਸਾਂਝੀਆਂ ਕੀਤੀਆਂ, ਜੋ ਕਿ ਸਥਾਨ ਦੇ ਅੰਦਰ ਜੀਵੰਤ ਮਾਹੌਲ ਨੂੰ ਸਪਸ਼ਟ ਤੌਰ 'ਤੇ ਦਰਸਾਉਂਦੀਆਂ ਹਨ। ਤਸਵੀਰਾਂ 'ਚ ਪ੍ਰਸ਼ੰਸਕ ਦਿਲਜੀਤ ਲਈ ਤਾੜੀਆਂ ਵਜਾਉਂਦੇ ਦਿਖਾਈ ਦੇ ਰਹੇ ਹਨ, ਜਦੋਂ ਕਿ ਇਕ ਭਾਵੁਕ ਪਲ 'ਚ, ਗਾਇਕ ਆਪਣੇ ਇਕ ਪ੍ਰਸ਼ੰਸਕ ਦੇ ਹੱਥ ਨੂੰ ਚੁੰਮਦਾ ਦਿਖਾਈ ਦੇ ਰਿਹਾ ਹੈ।

ਕੁਝ ਦਿਨ ਪਹਿਲਾਂ, ਦਿਲਜੀਤ ਨੇ ਪ੍ਰਾਗ ਤੋਂ ਫੋਟੋਆਂ ਅਤੇ ਵੀਡੀਓ ਸਾਂਝੇ ਕੀਤੇ, ਜਿੱਥੇ ਉਸ ਨੇ ਸੰਗੀਤ ਸਮਾਰੋਹਾਂ ਦੌਰਾਨ ਸ਼ਹਿਰ ਦੇ ਆਰਕੀਟੈਕਚਰ, ਭੋਜਨ, ਜਲ ਮਾਰਗਾਂ ਅਤੇ ਸਥਾਨਕ ਸੱਭਿਆਚਾਰ ਦਾ ਆਨੰਦ ਮਾਣਿਆ। ਇੱਕ ਵੀਡੀਓ 'ਚ, ਉਹ ਪ੍ਰਾਗ ਦੇ ਜਲ ਮਾਰਗਾਂ 'ਤੇ ਕਿਸ਼ਤੀ ਦੀ ਸਵਾਰੀ ਦਾ ਆਨੰਦ ਮਾਣਦੇ ਹੋਏ ਅਤੇ ਕਿਸ਼ਤੀ ਦੇ ਅਮਲੇ ਅਤੇ ਸਥਾਨਕ ਲੋਕਾਂ ਨੂੰ ਭੰਗੜਾ ਸਿਖਾਉਂਦੇ ਹੋਏ ਦਿਖਾਈ ਦਿੱਤੇ।

ਇਹ ਧਿਆਨ ਦੇਣ ਯੋਗ ਹੈ ਕਿ ਦਿਲਜੀਤ ਦੇ 'ਔਰਾ ਵਰਲਡ ਟੂਰ 2026' ਦੇ ਯੂ.ਕੇ. ਅਤੇ ਯੂਰੋਪ ਪੜਾਅ ਦੀ ਸ਼ੁਰੂਆਤ ਬਰਲਿਨ ਦੇ ਇਕ ਸੰਗੀਤ ਸਮਾਰੋਹ ਨਾਲ ਹੋਈ ਸੀ। ਇਸ ਦੌਰੇ ਦੇ ਹਿੱਸੇ ਵਜੋਂ, ਉਹ ਨੌਂ ਸ਼ਹਿਰਾਂ 'ਚ ਪ੍ਰਦਰਸ਼ਨ ਕਰ ਰਿਹਾ ਹੈ। ਆਉਣ ਵਾਲੇ ਦਿਨਾਂ 'ਚ, ਉਹ ਵਿਯੇਨਾ, ਡਬਲਿਨ, ਮਿਲਾਨ ਅਤੇ ਐਮਸਟਰਡਮ ਵਰਗੇ ਸ਼ਹਿਰਾਂ 'ਚ ਆਪਣਾ ਸੰਗੀਤਕ ਜਾਦੂ ਫੈਲਾਏਗਾ। ਇਸ ਦੌਰੇ ਦੀ ਮੁੱਖ ਗੱਲ ਲੰਡਨ ਦੇ ਮਸ਼ਹੂਰ ਵੈਂਬਲੇ ਸਟੇਡੀਅਮ 'ਚ ਉਸਦਾ ਬਹੁਤ-ਉਡੀਕਿਆ ਪ੍ਰਦਰਸ਼ਨ ਹੋਵੇਗਾ।

# ਹੋਲੋਗ੍ਰਾਮ ਰਾਹੀਂ ਸਟੇਜ 'ਤੇ ਪੇਸ਼ਕਾਰੀ ਦਿੰਦੇ ਨਜ਼ਰ ਆਉਣਗੇ ਸਿੱਧੂ ਮੂਸੇਵਾਲਾ




ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਇੱਕ ਵਾਰ ਫਿਰ ਇਤਿਹਾਸ ਰਚਣ ਜਾ ਰਹੇ ਹਨ। ਦਰਅਸਲ ਸਿੱਧੂ ਹੁਣ 'ਹੋਲੋਗ੍ਰਾਮ ਤਕਨੀਕ' ਰਾਹੀਂ ਆਪਣੇ ਚਾਹੁਣ ਵਾਲਿਆਂ ਦੇ ਸਾਹਮਣੇ ਸਟੇਜ 'ਤੇ ਮੁੜ ਨਜ਼ਰ ਆਉਣਗੇ। ਇਸ ਦੇ ਨਾਲ ਹੀ ਉਹ ਅਜਿਹਾ ਕਰਨ ਵਾਲੇ ਪਹਿਲੇ ਭਾਰਤੀ ਕਲਾਕਾਰ ਬਣ ਜਾਣਗੇ।

**ਕੀ ਹੈ ਹੋਲੋਗ੍ਰਾਮ ਵਰਲਡ ਟੂਰ ?**

ਹੋਲੋਗ੍ਰਾਮ ਇੱਕ ਅਜਿਹੀ ਆਧੁਨਿਕ ਤਕਨੀਕ ਹੈ ਜਿਸ ਰਾਹੀਂ ਕਿਸੇ ਵਿਅਕਤੀ ਦਾ 34 (ਥ੍ਰੀ-ਡੀ) ਅਕਸ ਸਟੇਜ 'ਤੇ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਉਹ ਬਿਲਕੁਲ ਅਸਲੀ ਜਾਪਦਾ ਹੈ। ਆਉਣ ਵਾਲੀ 8 ਅਕਤੂਬਰ ਨੂੰ ਕੈਨੇਡਾ ਦੇ ਟੋਰਾਂਟੋ ਵਿੱਚ ਹੋਣ ਵਾਲੇ ਇੱਕ ਲਾਈਵ ਕੰਸਰਟ ਦੌਰਾਨ ਸਿੱਧੂ ਮੂਸੇਵਾਲਾ ਹੋਲੋਗ੍ਰਾਮ ਰਾਹੀਂ ਸਟੇਜ 'ਤੇ ਪੇਸ਼ਕਾਰੀ ਦਿੰਦੇ ਨਜ਼ਰ ਆਉਣਗੇ, ਜਿਸ ਨਾਲ ਪ੍ਰਸ਼ੰਸਕ ਇੱਕ ਵਾਰ ਫਿਰ ਆਪਣੇ ਮਨਪਸੰਦ ਗਾਇਕ ਨੂੰ ਲਾਈਵ ਪਰਫਾਰਮ ਕਰਦੇ ਦੇਖ ਸਕਣਗੇ।

**8 ਦੇਸ਼ਾਂ ਵਿੱਚ ਹੋਣਗੇ ਸ਼ਾਨਦਾਰ ਸ਼ੋਅ**

ਇਸ ਵਰਲਡ ਟੂਰ ਦਾ ਘੇਰਾ ਕਾਫੀ ਵੱਡਾ ਰੱਖਿਆ ਗਿਆ ਹੈ। ਜਾਣਕਾਰੀ ਮੁਤਾਬਕ ਇਹ ਟੂਰ ਦੁਨੀਆ ਦੇ 8 ਪ੍ਰਮੁੱਖ ਦੇਸ਼ਾਂ ਨੂੰ ਕਵਰ ਕਰੇਗਾ, ਜਿਨ੍ਹਾਂ ਵਿੱਚ ਕੈਨੇਡਾ ਤੋਂ ਇਲਾਵਾ ਭਾਰਤ, ਪਾਕਿਸਤਾਨ, ਅਮਰੀਕਾ, ਕੈਨੇਡਾ, ਯੂ.ਕੇ., ਯੂ.ਏ.ਈ., ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਇਹ ਪਹਿਲੀ ਵਾਰ ਹੋਵੇਗਾ ਕਿ ਕਿਸੇ ਭਾਰਤੀ ਕਲਾਕਾਰ ਦਾ ਇੰਨੇ ਵੱਡੇ ਪੱਧਰ 'ਤੇ ਹੋਲੋਗ੍ਰਾਮ ਟੂਰ ਆਯੋਜਿਤ ਕੀਤਾ ਜਾ ਰਿਹਾ ਹੈ।

ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵਿਸ਼ਵ ਪੱਧਰ 'ਤੇ ਏ.ਬੀ.ਬੀ.ਏ., ਮਾਈਕਲ ਜੈਕਸਨ ਅਤੇ ਟੂਪੈਕ ਵਰਗੇ ਦਿੱਗਜ ਕਲਾਕਾਰਾਂ ਦੇ ਹੋਲੋਗ੍ਰਾਮ ਸ਼ੋਅ ਹੋ ਚੁੱਕੇ ਹਨ, ਪਰ ਭਾਰਤ ਵਿੱਚ ਇਹ ਪਹਿਲੀ ਵਾਰ ਹੋਵੇਗਾ ਜਦੋਂ ਕਿਸੇ ਕਲਾਕਾਰ ਦਾ ਇੰਨੇ ਵੱਡੇ ਪੱਧਰ 'ਤੇ ਹੋਲੋਗ੍ਰਾਮ ਵਰਲਡ ਟੂਰ ਹੋਣ ਜਾ ਰਿਹਾ ਹੈ।

# ਕਾਰ ਵੇਚਣ ਬਹਾਨੇ ਪੰਜਾਬੀ ਗਾਇਕ ਰਵਿੰਦਰ ਗਰੇਵਾਲ ਨਾਲ 92 ਲੱਖ ਦੀ ਠੱਗੀ ਮਾਰੀ



ਪੰਜਾਬ ਦੇ ਮਸ਼ਹੂਰ ਗਾਇਕ ਰਵਿੰਦਰ ਗਰੇਵਾਲ ਨਾਲ 92 ਲੱਖ ਰੁਪਏ ਦੀ ਲੈਂਡ ਕਰੂਜ਼ਰ ਕਾਰ ਦੇ ਨਾਂ 'ਤੇ ਧੋਖਾਧੜੀ ਦੇ ਮਾਮਲੇ ਵਿੱਚ ਮੋਹਾਲੀ ਅਤੇ ਦਿੱਲੀ ਦੇ 5 ਕਾਰ ਡੀਲਰਾਂ ਖਿਲਾਫ ਲੁਧਿਆਣਾ ਦੇ ਦੁਗਰੀ ਥਾਣੇ ਵਿੱਚ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਗਾਇਕ ਦਾ ਦੋਸ਼ ਹੈ ਕਿ ਅਜੇ ਨਿਵਾਸੀ ਮੋਹਾਲੀ, ਅਨਮੋਲ ਸਹਿਗਲ ਨਿਵਾਸੀ ਨਵੀਂ ਦਿੱਲੀ, ਮਨਦੀਪ ਉਰਫ ਮੋਨੂੰ ਅਤੇ ਪ੍ਰਵੀਨ ਨਿਵਾਸੀ ਨਾਲੂਮਲ ਨੇ ਉਨ੍ਹਾਂ ਨਾਲ ਕਾਰ ਦੀ ਖਰੀਦੋ ਫਰੋਖਤ ਦੇ ਸਬੰਧ ਵਿੱਚ ਧੋਖਾਧੜੀ ਕੀਤੀ ਹੈ।

ਪੁਲਿਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਰਵਿੰਦਰ ਗਰੇਵਾਲ ਨੇ ਦੱਸਿਆ ਕਿ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇੱਕ ਕਾਰ ਦੀ ਐਡ ਦੇਖਣ ਮਗਰੋਂ ਮੋਹਾਲੀ ਨਿਵਾਸੀ ਦੋਸ਼ੀ ਅਜੇ ਨਾਲ ਸੰਪਰਕ ਕੀਤਾ ਸੀ। ਇਸ ਤੋਂ ਬਾਅਦ ਦੋਸ਼ੀ ਦਿੱਲੀ ਤੋਂ ਕਾਰ ਲੈ ਕੇ ਖੁਦ ਉਨ੍ਹਾਂ ਦੇ ਘਰ ਪਹੁੰਚ ਗਿਆ ਅਤੇ ਦਾਅਵਾ ਕੀਤਾ ਕਿ ਕਾਰ ਫਰਸਟ ਆਨਰ (ਪਹਿਲਾ ਮਾਲਕ) ਹੈ ਅਤੇ ਗੱਡੀ ਦੀ ਕੰਡੀਸ਼ਨ ਦੀ ਪੂਰੀ ਗਾਰੰਟੀ ਦਿੱਤੀ।

ਗਾਇਕ ਨੇ ਅੱਗੇ ਦੱਸਿਆ ਕਿ ਕਾਰ ਖਰੀਦਣ ਦੇ ਬਾਅਦ ਦੋਸ਼ੀ ਕਰੀਬ 6 ਮਹੀਨੇ ਤੱਕ ਕਾਰ ਦੀ ਆਰ.ਸੀ. ਦੇਣ ਵਿੱਚ ਟਾਲ-ਮਟੋਲ ਕਰਦੇ ਰਹੇ। ਜਦੋਂ ਜੁਲਾਈ ਵਿੱਚ ਆਰ.ਸੀ. ਆਈ ਤਾਂ ਉਸ 'ਤੇ ਥਰਡ ਆਨਰ (ਤੀਜਾ ਮਾਲਕ) ਲਿਖਿਆ ਹੋਇਆ ਸੀ। ਸ਼ੱਕ ਹੋਣ 'ਤੇ ਜਦੋਂ ਉਨ੍ਹਾਂ ਨੇ ਖੁਦ ਆਰ.ਟੀ.ਓ. ਦਫਤਰ ਜਾ ਕੇ ਜਾਂਚ ਕਰਵਾਈ ਤਾਂ ਸਿਸਟਮ ਵਿੱਚ ਕਾਰ ਫੋਰਥ ਆਨਰ (ਚੌਥੇ ਮਾਲਕ) ਵਜੋਂ ਰਜਿਸਟਰਡ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਆਪਣੇ ਨਾਲ ਠੱਗੀ ਦਾ ਅਹਿਸਾਸ ਹੋਇਆ। ਗਾਇਕ ਦੀ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਕੀ ਅਮਰੀਸ਼ ਪੁਰੀ ਨੇ ਗੋਵਿੰਦਾ ਦੇ ਸੱਚਮੁੱਚ ਮਾਰਿਆ ਸੀ ਥੱਪੜ ?

ਸਿਨੇਮਾ ਜਗਤ ਵਿੱਚ ਕਈ ਅਜਿਹੇ ਕਿੱਸੇ ਮੌਜੂਦ ਹਨ, ਜਿਨ੍ਹਾਂ ਬਾਰੇ ਲੰਬੇ ਸਮੇਂ ਤੋਂ ਚਰਚਾ ਹੁੰਦੀ ਆ ਰਹੀ ਹੈ। ਉਨ੍ਹਾਂ ਵਿੱਚੋਂ ਇੱਕ ਵਾਕਿਆ ਗੋਵਿੰਦਾ ਅਤੇ ਅਮਰੀਸ਼ ਪੁਰੀ ਨੂੰ ਲੈ ਕੇ ਵੀ ਸ਼ਾਮਲ ਹੈ।

ਕਿਹਾ ਜਾਂਦਾ ਹੈ ਕਿ ਇੱਕ ਫ਼ਿਲਮ ਦੇ ਸੈੱਟ 'ਤੇ ਗੋਵਿੰਦਾ ਦੇ ਦੇਰ ਨਾਲ ਆਉਣ ਤੋਂ ਅਮਰੀਸ਼ ਪੁਰੀ ਭੜਕ ਗਏ ਸਨ ਅਤੇ ਉਨ੍ਹਾਂ ਨੇ ਇਸ ਕਲਾਕਾਰ ਨੂੰ ਥੱਪੜ ਮਾਰ ਦਿੱਤਾ ਸੀ। ਇਸ ਮਾਮਲੇ ਦੀ ਅਸਲ ਸੱਚਾਈ ਹੁਣ ਅਮਰੀਸ਼ ਪੁਰੀ ਦੇ ਪੁੱਤਰ ਰਾਜੀਵ ਪੁਰੀ ਨੇ ਦੱਸੀ ਹੈ।

ਹਿੰਦੀ ਸਿਨੇਮਾ ਦੇ ਸਭ ਤੋਂ ਯਾਦਗਾਰ ਖਲਨਾਇਕਾਂ ਵਜੋਂ ਪ੍ਰਸਿੱਧ ਰਹੇ ਅਦਾਕਾਰ ਅਮਰੀਸ਼ ਪੁਰੀ ਨੇ ਸਾਲ 1989 ਵਿੱਚ ਪ੍ਰਦਰਸ਼ਿਤ ਫ਼ਿਲਮ 'ਦੋ ਕੈਦੀ' ਵਿੱਚ ਅਦਾਕਾਰ ਗੋਵਿੰਦਾ ਨਾਲ ਕੰਮ ਕੀਤਾ ਸੀ। ਉਸ ਤੋਂ ਬਾਅਦ ਦੋਵਾਂ ਨੇ ਕਦੇ ਵੀ ਇੱਕੱਠੇ ਕੰਮ ਨਹੀਂ ਕੀਤਾ। ਇਸ ਦੇ ਕਾਰਨਾਂ ਵਿੱਚ ਇੱਕ ਕਹਾਣੀ ਇਹ ਵੀ ਸਾਹਮਣੇ ਆਈ ਸੀ ਕਿ ਗੋਵਿੰਦਾ ਦੇ ਲੇਟ ਆਉਣ ਤੋਂ ਪ੍ਰੇਸ਼ਾਨ ਹੋ ਕੇ ਅਮਰੀਸ਼ ਪੁਰੀ ਨੇ ਇੱਕ ਦਿਨ ਗੋਵਿੰਦਾ ਨੂੰ ਥੱਪੜ ਮਾਰ ਦਿੱਤਾ ਸੀ।ਹਾਲਾਂਕਿ, ਇਹ ਕਹਾਣੀ ਕਿੰਨੀ ਸੱਚ ਹੈ ਅਤੇ ਕਿੰਨੀ ਝੂਠ ? ਇਸ ਬਾਰੇ ਅਮਰੀਸ਼ ਪੁਰੀ ਜਾਂ ਗੋਵਿੰਦਾ ਵੱਲੋਂ ਕਦੇ ਕੋਈ ਬਿਆਨ ਨਹੀਂ ਆਇਆ। ਹੁਣ ਅਮਰੀਸ਼ ਪੁਰੀ ਦੇ ਪੁੱਤਰ ਅਤੇ ਨਿਰਮਾਤਾ ਰਾਜੀਵ ਪੁਰੀ ਨੇ ਇਸ ਕਹਾਣੀ ਦੇ ਪਿੱਛੇ ਦਾ ਸੱਚ ਦੱਸਦੇ ਹੋਏ ਇਸ ਨੂੰ ਪੂਰੀ ਤਰ੍ਹਾਂ ਅਫ਼ਵਾਹ ਦੱਸਿਆ ਹੈ। ਗੋਵਿੰਦਾ ਨੂੰ ਥੱਪੜ ਮਾਰਨ ਦੀ ਘਟਨਾ 'ਤੇ ਗੱਲ ਕਰਦਿਆਂ ਰਾਜੀਵ ਨੇ ਹਾਲ ਹੀ ਵਿੱਚ ਇੱਕ ਇੰਟਰਵਿਊ ਵਿੱਚ ਕਿਹਾ- ਮੈਨੂੰ ਨਹੀਂ ਲੱਗਦਾ ਕਿ ਉਹ (ਅਮਰੀਸ਼ ਪੁਰੀ) ਇਸ ਤਰ੍ਹਾਂ ਗੁੱਸਾ ਕਰਨ ਵਾਲੇ ਵਿਅਕਤੀ ਸਨ। ਉਹ ਤਾਂ ਹੀ ਆਵਾਜ਼ ਉਠਾਉਂਦੇ ਸਨ, ਜਦੋਂ ਕੋਈ ਉਨ੍ਹਾਂ ਨੂੰ ਬਿਨਾਂ ਕਿਸੇ ਕਾਰਨ ਦੇ ਦੋ ਜਾਂ ਤਿੰਨ ਵਾਰ ਗੁੱਸਾ ਦਿਵਾਉਂਦਾ ਸੀ।



ਹਾਲਾਂਕਿ, ਮੈਨੂੰ ਨਹੀਂ ਲੱਗਦਾ ਕਿ ਉਨ੍ਹਾਂ ਨੇ ਕਦੇ ਕਿਸੇ ਨੂੰ ਥੱਪੜ ਮਾਰਿਆ ਹੋਵੇਗਾ। ਇਹ ਸੱਚ ਨਹੀਂ ਹੈ। ਮੈਂ ਵੀ ਇਸ ਬਾਰੇ ਸੁਣਿਆ ਅਤੇ ਪੜ੍ਹਿਆ ਹੈ ਪਰ ਇਹ ਮੇਰੇ ਲਈ ਇੰਨਾ ਜ਼ਰੂਰੀ ਨਹੀਂ ਹੈ ਕਿ ਮੈਂ ਇਸ ਬਾਰੇ ਸੋਚਾਂ ਵੀ। ਮੈਨੂੰ ਪਤਾ ਹੈ ਕਿ ਡੈਡੀ ਅਜਿਹਾ ਕਦੇ ਨਹੀਂ ਕਰਨਗੇ।ਗੋਵਿੰਦਾ ਅਤੇ ਅਮਰੀਸ਼ ਪੁਰੀ ਸਟਾਰਰ 'ਦੋ ਕੈਦੀ' 37 ਸਾਲ ਪਹਿਲਾਂ ਆਈ ਸੀ ਅਤੇ ਬਾਕਸ ਆਫਿਸ 'ਤੇ ਹਿੱਟ ਵੀ ਰਹੀ ਸੀ ਪਰ ਹੈਰਾਨੀ ਦੀ ਗੱਲ ਇਹ ਰਹੀ ਹੈ ਕਿ ਸਫ਼ਲ ਫ਼ਿਲਮ ਦੇਣ ਤੋਂ ਬਾਅਦ ਇਨ੍ਹਾਂ ਦੋਵਾਂ ਕਲਾਕਾਰਾਂ ਨੇ ਭਵਿੱਖ ਵਿੱਚ ਫਿਰ ਕਦੇ ਇੱਕ-ਦੂਜੇ ਨਾਲ ਕੰਮ ਨਹੀਂ ਕੀਤਾ।

## ਪੰਜਾਬ ਚੋਣਾਂ: ਬਾਹਰੋਂ 'ਇਕੱਲੇ ਲੜਨ' ਦਾ ਦਾਅਵਾ

ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਕਿਸੇ ਵੀ ਕੀਮਤ 'ਤੇ 40-45 ਤੋਂ ਵੱਧ ਸੀਟਾਂ ਭਾਜਪਾ ਨੂੰ ਦੇਣ ਲਈ ਤਿਆਰ ਨਹੀਂ ਹੈ, ਕਿਉਂਕਿ ਅਜਿਹਾ ਕਰਨ ਨਾਲ ਉਸ ਦੀ ਪੰਜਾਬ ਦੇ ਪੇਂਡੂ ਅਤੇ ਸਿੱਖ ਵੋਟਰਾਂ ਵਿੱਚ ਪੰਥਕ ਸਰਦਾਰੀ ਨੂੰ ਵੱਡੀ ਸੱਟ ਵੱਜੇਗੀ।

ਪਹਿਲਾਂ ਭਾਜਪਾ ਸਿਰਫ਼ ਸ਼ਹਿਰੀ ਸੀਟਾਂ ਲੜਦੀ ਸੀ, ਪਰ ਹੁਣ ਬਦਲੇ ਹੋਏ ਹਾਲਾਤਾਂ ਵਿੱਚ ਉਹ ਅਰਧ-ਸ਼ਹਿਰੀ ਅਤੇ ਦਿਹਾਤੀ ਹਲਕਿਆਂ ਵਿੱਚ ਵੀ ਆਪਣੇ ਉਮੀਦਵਾਰ ਉਤਾਰਨਾ ਚਾਹੁੰਦੀ ਹੈ, ਜਿੱਥੇ ਪਹਿਲਾਂ ਅਕਾਲੀ ਦਲ ਦਾ ਪੱਕਾ ਆਧਾਰ ਹੁੰਦਾ ਸੀ।

ਅਕਾਲੀ ਦਲ ਸੁਖਬੀਰ ਸਿੰਘ ਬਾਦਲ ਨੂੰ ਬਿਨਾਂ ਸ਼ਰਤ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨ ਕੇ ਮੈਦਾਨ ਵਿੱਚ ਉਤਰਨਾ ਚਾਹੁੰਦਾ ਹੈ। ਦੂਜੇ ਬੰਨੇ, ਭਾਜਪਾ ਚੋਣਾਂ ਤੋਂ ਪਹਿਲਾਂ ਕਿਸੇ ਵੀ ਚਿਹਰੇ ਨੂੰ ਅੱਗੇ ਰੱਖਣ ਦੇ ਹੱਕ ਵਿੱਚ ਨਹੀਂ ਹੈ ਅਤੇ ਸਰਕਾਰ ਬਣਨ ਦੀ ਸੂਰਤ ਵਿੱਚ ਉਪ ਮੁੱਖ ਮੰਤਰੀ ਸਮੇਤ ਬਰਾਬਰ ਦੇ ਅਧਿਕਾਰਾਂ ਦੀ ਮੰਗ ਕਰ ਰਹੀ ਹੈ।

ਇਸ ਸਾਰੇ ਗਣਿਤ ਦੇ ਨਾਲ-ਨਾਲ ਵਿਚਾਰਧਾਰਕ ਟਕਰਾਅ ਵੀ ਇੱਕ ਵੱਡੀ ਚੁਣੌਤੀ ਹੈ।2020 ਦੇ ਕਿਸਾਨ ਅੰਦੋਲਨ ਦੌਰਾਨ ਅਕਾਲੀ ਦਲ ਨੇ ਕਿਸਾਨੀ ਰੋਹ ਤੋਂ ਬਚਣ ਲਈ ਕੇਂਦਰੀ ਵਜ਼ਾਰਤ ਅਤੇ ਭਾਜਪਾ ਨਾਲੋਂ ਦਹਾਕਿਆਂ ਪੁਰਾਣਾ ਨਾਤਾ ਤੋੜਿਆ ਸੀ। ਅੱਜ ਵੀ ਬੰਦੀ ਸਿੰਘਾਂ ਦੀ ਰਿਹਾਈ, ਪੰਜਾਬ ਦੇ ਪਾਣੀਆਂ ਦੇ ਮਸਲੇ, ਸੰਘੀ ਢਾਂਚੇ ਦੀ ਰਾਖੀ ਅਤੇ ਕੇਂਦਰ ਸਰਕਾਰ ਵੱਲੋਂ ਡੇਰਾ ਸਿਰਸਾ ਮੁਖੀ ਨੂੰ ਵਾਰ-ਵਾਰ ਦਿੱਤੀਆਂ ਜਾ ਰਹੀਆਂ ਪੈਰੋਲਾਂ ਅਜਿਹੇ ਮੁੱਦੇ ਹਨ ਜੋ ਅਕਾਲੀ ਦਲ ਦੇ ਰਵਾਇਤੀ ਵੋਟਰ ਨੂੰ ਭਾਜਪਾ ਨਾਲ ਗੱਠਜੋੜ ਕਰਨ 'ਤੇ ਨਾਰਾਜ਼ ਕਰ ਸਕਦੇ ਹਨ। ਭਾਜਪਾ 'ਵੰਨ ਨੇਸ਼ਨ, ਇੱਕ ਕਾਨੂੰਨ' ਦੀ ਗੱਲ ਕਰਦੀ ਹੈ, ਜਦਕਿ ਅਕਾਲੀ ਦਲ ਖ਼ੁਦ ਨੂੰ ਸੂਬਾਈ ਹੱਕਾਂ ਦਾ ਰਾਖਾ ਦੱਸਦਾ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਸਵਾਲ ਸਿਰਫ਼ ਸੀਟਾਂ ਦੀ ਗਿਣਤੀ ਦਾ ਨਹੀਂ ਸਗੋਂ ਪੰਜਾਬ ਦੀ ਖੇਤਰੀ ਰਾਜਨੀਤੀ ਦੀ ਹੋਂਦ ਦਾ ਹੈ। ਕੀ ਸ਼੍ਰੋਮਣੀ ਅਕਾਲੀ ਦਲ ਸੱਤਾ ਦੀ ਖ਼ਾਤਰ ਭਾਜਪਾ ਦੇ ਕੌਮੀ ਦਬਾਅ ਅੱਗੇ ਗੋਡੇ ਟੇਕ ਕੇ 'ਵੱਡੇ ਭਰਾ' ਦਾ ਰੁਤਬਾ ਗਵਾ ਲਵੇਗਾ, ਜਾਂ ਫਿਰ ਭਾਜਪਾ ਆਪਣੀਆਂ ਜ਼ਿੱਦਾਂ ਛੱਡ ਕੇ ਪੁਰਾਣੇ ਫ਼ਾਰਮੂਲੇ ਦੇ ਨੇੜੇ ਸਮਝੌਤਾ ਕਰੇਗੀ ? ਪੰਜਾਬ ਦੇ ਵੋਟਰ ਇਸ ਬੰਦ ਕਮਰਾ ਸਿਆਸਤ ਨੂੰ ਬੜੀ ਬਾਰੀਕੀ ਨਾਲ ਦੇਖ ਰਹੇ ਹਨ, ਅਤੇ ਆਉਣ ਵਾਲੇ ਦਿਨਾਂ ਵਿੱਚ ਹੀ ਸਪੱਸ਼ਟ ਹੋਵੇਗਾ ਕਿ ਇਹ ਗੱਠਜੋੜ ਪੰਜਾਬ ਦੀ ਸਿਆਸਤ ਵਿੱਚ ਨਵੀਂ ਰੂਹ ਫੂਕਦਾ ਹੈ ਜਾਂ ਦੋਵਾਂ ਪਾਰਟੀਆਂ ਲਈ ਇੱਕ ਹੋਰ ਇਮਤਿਹਾਨ ਸਾਬਤ ਹੁੰਦਾ ਹੈ।

***

## ਯੂ.ਪੀ.ਏ. ਸ਼ਾਸਨਕਾਲ ਦੌਰਾਨ ਸਰਕਾਰ 'ਤੇ ਸੀ

ਲੋਕਤੰਤਰੀ ਢੰਗਾਂ ਰਾਹੀਂ ਦੇਸ਼ ਦੇ ਸੰਵਿਧਾਨਕ ਲੋਕਤੰਤਰ ਨੂੰ ਅੰਦਰੋਂ ਕਮਜ਼ੋਰ ਕਰਨ ਲਈ ਕਰਦਾ ਹੈ। ਅਖ਼ਬਾਰ ਨੇ ਦੋਸ਼ ਲਾਇਆ ਕਿ ਸੋਨੀਆ ਗਾਂਧੀ ਦੀ ਅਗਵਾਈ ਹੇਠਲੀ ਐੱਨ.ਏ.ਸੀ. ਦਰਅਸਲ ਸਰਕਾਰ ਉੱਤੇ ਇਸੇ ਬੌਧਿਕ ਵਰਗ ਦੇ ਦਬਦਬੇ ਦਾ ਪ੍ਰਤੀਕ ਸੀ।

ਇਥੇ ਜ਼ਿਕਰਯੋਗ ਹੈ ਕਿ ਨੈਸ਼ਨਲ ਐਡਵਾਈਜ਼ਰੀ ਕੌਂਸਲ ਦਾ ਗਠਨ ਸਾਲ 2004 ਵਿੱਚ ਯੂ.ਪੀ.ਏ. ਗੱਠਜੋੜ ਦੀ ਸਰਕਾਰ ਦੌਰਾਨ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਕਾਰਜਕਾਲ ਵਿੱਚ ਹੋਇਆ ਸੀ। ਇਸ ਕੌਂਸਲ ਦੀ ਮੁਖੀ ਸੋਨੀਆ ਗਾਂਧੀ ਸਨ ਅਤੇ ਇਸ ਵਿੱਚ ਦੇਸ਼ ਦੇ ਨਾਮਵਰ ਸਮਾਜਿਕ ਕਾਰਕੁਨ, ਅਰਥ ਸ਼ਾਸਤਰੀ, ਸਿੱਖਿਆ ਸ਼ਾਸਤਰੀ ਅਤੇ ਕਾਨੂੰਨੀ ਮਾਹਿਰ ਸ਼ਾਮਲ ਕੀਤੇ ਗਏ ਸਨ। ਇਸ ਕੌਂਸਲ ਦਾ ਮੁੱਖ ਕੰਮ ਸਰਕਾਰ ਨੂੰ ਸਮਾਜ ਭਲਾਈ ਅਤੇ ਨੀਤੀਗਤ ਮਾਮਲਿਆਂ ਵਿੱਚ ਸਲਾਹ ਦੇਣਾ ਸੀ। ਇਸੇ ਕੌਂਸਲ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਦੇਸ਼ ਵਿੱਚ ਇਤਿਹਾਸਕ ਲੋਕ-ਪੱਖੀ ਕਾਨੂੰਨ ਲਾਗੂ ਹੋਏ ਸਨ, ਜਿਨ੍ਹਾਂ ਵਿੱਚ 'ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ' (ਮਨਰੇਗਾ), 'ਸੂਚਨਾ ਦਾ ਅਧਿਕਾਰ', 'ਕੌਮੀ ਪੇਂਡੂ ਸਿਹਤ ਮਿਸ਼ਨ, 'ਮਿਡ-ਡੇ ਮੀਲ' ਯੋਜਨਾ ਅਤੇ 'ਕੌਮੀ ਪੁਨਰਵਾਸ ਨੀਤੀ' ਪ੍ਰਮੁੱਖ ਹਨ। ਸੋਨੀਆ ਗਾਂਧੀ 2004 ਤੋਂ 2006 ਤੱਕ ਇਸ ਦੀ ਮੁਖੀ ਰਹੇ ਅਤੇ ਬਾਅਦ ਵਿੱਚ 2010 ਵਿੱਚ ਮੁੜ ਗਠਿਤ ਕੌਂਸਲ ਦੀ ਅਗਵਾਈ ਵੀ ਉਨ੍ਹਾਂ ਨੇ ਸੰਭਾਲੀ।

***

## ਨਿਊਯਾਰਕ 'ਚ ਭਾਗਵਤ ਦੇ ਸਮਾਗਮ

ਪੰਨੂ ਨੇ ਦੋਸ਼ ਲਾਇਆ ਕਿ ਭਾਰਤੀ ਰਾਜ ਦੀਆਂ ਸੰਸਥਾਵਾਂ ਨੂੰ ਹਮਲਾਵਰ ਢੰਗ ਨਾਲ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ, ਜਿਸ ਕਾਰਨ ਸਿੱਖਾਂ, ਮੁਸਲਮਾਨਾਂ ਅਤੇ ਈਸਾਈਆਂ ਦੀ ਹੋਂਦ ਲਈ ਗੰਭੀਰ ਖ਼ਤਰਾ ਪੈਦਾ ਹੋ ਗਿਆ ਹੈ। ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਆਪਣੇ ਰਾਜਨੀਤਕ ਭਵਿੱਖ ਬਾਰੇ ਖ਼ੁਦ ਫ਼ੈਸਲਾ ਕਰਨ ਦਾ ਹੱਕ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ, "ਪੰਜਾਬ ਦੀ ਆਜ਼ਾਦੀ ਹੀ ਸਾਡੀ ਕੌਮੀ ਹੋਂਦ, ਪਛਾਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਦੀ ਸੁਰੱਖਿਆ ਦਾ ਰਾਹ ਹੈ। ਸਿੱਖ ਕੌਮ ਆਪਣੇ ਸਵੈ-ਨਿਰਣੇ ਅਤੇ ਆਜ਼ਾਦੀ ਦੀ ਆਵਾਜ਼ ਦੁਨੀਆ ਦੇ ਹਰ ਲੋਕਤੰਤਰੀ ਮੰਚ ਉੱਤੇ ਸ਼ਾਂਤਮਈ ਢੰਗ ਨਾਲ ਬੁਲੰਦ ਕਰਦੀ ਰਹੇਗੀ।" ਹਿੰਮਤ ਸਿੰਘ ਨੇ ਦੋਸ਼ ਲਾਇਆ ਕਿ ਭਾਰਤ ਦੀ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸ ਨਾਲ ਜੁੜੇ ਨੈੱਟਵਰਕਾਂ ਨੂੰ ਕਥਿਤ ਤੌਰ 'ਤੇ ਵਿਦੇਸ਼ਾਂ ਵਿੱਚ ਸਿੱਖ ਡਾਇਸਪੋਰਾ ਵਿਰੁੱਧ ਹਿੰਸਕ ਕਾਰਵਾਈਆਂ ਲਈ ਵਰਤਿਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਗੰਭੀਰ ਦੋਸ਼ਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਸੁਤੰਤਰ ਅਤੇ ਪਾਰਦਰਸ਼ੀ ਜਾਂਚ ਕਰਵਾ ਕੇ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਮੀਡੀਆ ਬੁਲਾਰੇ ਹਰਜਿੰਦਰ ਸਿੰਘ ਨੇ ਕਿਹਾ ਕਿ ਸਿੱਖਾਂ ਵਿਰੁੱਧ ਕਥਿਤ 'ਟਰਾਂਸਨੈਸ਼ਨਲ ਰਿਪਰੈਸ਼ਨ' ਦੇ ਮਾਮਲੇ ਸੰਬੰਧਤ ਸਰਕਾਰਾਂ ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਸਥਾਵਾਂ ਸਾਹਮਣੇ ਉਠਾਏ ਜਾਂਦੇ ਰਹਿਣਗੇ। ਇਸ ਮੌਕੇ ਸੁਰਜੀਤ ਸਿੰਘ ਕਲਾਰ, ਡਾ. ਬਖਸ਼ੀਸ਼ ਸਿੰਘ, ਬਲਵਿੰਦਰ ਸਿੰਘ ਚੱਠਾ, ਸੰਤੋਖ ਸਿੰਘ ਇੰਡਿਆਨਾ, ਹਰਮਿੰਦਰ ਸਿੰਘ ਆਲੂਵਾਲੀਆ, ਬਲਾਕਾ ਸਿੰਘ, ਜੱਗਪ੍ਰੀਤ ਸਿੰਘ 'ਜੈਗ ਬਾਬਾ', ਜੋਗਾ ਸਿੰਘ ਨਿਊਜਰਸੀ ਅਤੇ ਰਜਿੰਦਰ ਸਿੰਘ ਸਮੇਤ ਹੋਰ ਬੁਲਾਰਿਆਂ ਨੇ ਵੀ ਸੰਬੋਧਨ ਕੀਤਾ। ਨੌਜਵਾਨ ਸਿੱਖ ਆਗੂ ਜਪਨੀਤ ਸਿੰਘ ਅਤੇ ਗੁਰਪ੍ਰਤਾਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਵੀ ਸ਼ਮੂਲੀਅਤ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ। ਅੰਤ ਵਿੱਚ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਵੱਖ-ਵੱਖ ਸੂਬਿਆਂ ਤੋਂ ਪਹੁੰਚੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ, ਸਿੱਖ ਨੌਜਵਾਨਾਂ, ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਕਮੇਟੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਧਾਰਮਿਕ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਨਾਲ ਸਾਂਝ ਵਧਾ ਕੇ ਘੱਟਗਿਣਤੀਆਂ ਦੇ ਹੱਕਾਂ ਅਤੇ ਧਾਰਮਿਕ ਆਜ਼ਾਦੀ ਸਬੰਧੀ ਮੁਹਿੰਮ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

***

## ਕੈਨੇਡੀਅਨ ਪੁਲਿਸ ਅਫ਼ਸਰ ਸੁਖਵਿੰਦਰ ਸਿੰਘ ਬਣ

ਸਕਾਟਿਸ਼ ਬੈਂਡ ਵਿੱਚ ਪਹਿਲਾ ਸਿੱਖ ਚਿਹਰਾ ਅਤੇ ਪੰਜਾਬੀ ਢੋਲ ਦੀ ਵਿਲੱਖਣ ਪੈੜ

ਸਾਲ 1914 ਵਿੱਚ ਸਥਾਪਿਤ ਹੋਇਆ 'ਵੈਨਕੂਵਰ ਪੁਲਿਸ ਪਾਈਪ ਬੈਂਡ' ਕੈਨੇਡਾ ਦੇ ਇਤਿਹਾਸ ਵਿੱਚ ਲਗਾਤਾਰ ਸੇਵਾ ਨਿਭਾਉਣ ਵਾਲਾ ਸਭ ਤੋਂ ਪੁਰਾਣਾ ਗ਼ੈਰ-ਮਿਲਟਰੀ ਪਾਈਪ ਬੈਂਡ ਹੈ, ਜਿਸ ਨੂੰ ਵੈਨਕੂਵਰ ਸ਼ਹਿਰ ਦੇ ਅਧਿਕਾਰਤ ਬੈਂਡ ਦਾ ਦਰਜਾ ਹਾਸਲ ਹੈ। ਇਸ ਸੌ ਸਾਲ ਤੋਂ ਵੱਧ ਪੁਰਾਣੇ ਇਤਿਹਾਸ ਵਿੱਚ ਸੁਖਵਿੰਦਰ ਸਿੰਘ ਸੰਗਰ ਸਾਲ 2018-19 ਦੌਰਾਨ ਇਸ ਬੈਂਡ ਵਿੱਚ ਸ਼ਾਮਲ ਹੋਣ ਵਾਲੇ ਪਹਿਲੇ ਸਿੱਖ ਅਤੇ ਪਹਿਲੇ ਗ਼ੈਰ-ਗੋਰੇ ਮੈਂਬਰ ਬਣੇ।

ਸ਼ੁਰੂਆਤੀ ਦੌਰ ਵਿੱਚ ਉਨ੍ਹਾਂ ਨੇ ਬੈਂਡ ਦੇ ਮੁੱਖ ਸਾਜ਼ 'ਟੈਨਰ ਡਰੱਮ' ਵਿੱਚ ਮੁਹਾਰਤ ਹਾਸਲ ਕੀਤੀ, ਪਰ ਉਨ੍ਹਾਂ ਨੇ ਇਸ ਸਕਾਟਿਸ਼ ਕਲਾ ਨੂੰ ਸਿਰਫ਼ ਪੱਛਮੀ ਢਾਂਚੇ ਤੱਕ ਸੀਮਤ ਨਹੀਂ ਰਹਿਣ ਦਿੱਤਾ। ਉਨ੍ਹਾਂ ਨੇ ਬੈਂਡ ਦੀਆਂ ਧੁਨਾਂ ਵਿੱਚ ਪੰਜਾਬੀ ਲੋਕ ਸਾਜ਼ 'ਢੋਲ' ਦੀ ਥਾਪ ਨੂੰ ਸ਼ਾਮਲ ਕਰਨ ਦਾ ਇਤਿਹਾਸਕ ਪ੍ਰਯੋਗ ਕੀਤਾ। ਸਾਲ 2019 ਵਿੱਚ, ਜੱਲ੍ਹਿਆਂਵਾਲਾ ਬਾਗ਼ ਸਾਕੇ ਦੀ ਸ਼ਤਾਬਦੀ ਮੌਕੇ ਜਦੋਂ ਬੈਂਡ ਨੇ ਭਾਰਤ ਦਾ ਦੌਰਾ ਕੀਤਾ, ਤਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਮੇਤ ਪੰਜਾਬ ਭਰ ਵਿੱਚ ਹੋਈਆਂ ਪੇਸ਼ਕਾਰੀਆਂ ਦੌਰਾਨ ਸੁਖਵਿੰਦਰ ਸਿੰਘ ਨੇ ਸਕਾਟਿਸ਼ ਡਰੱਮ ਅਤੇ ਪੰਜਾਬੀ ਢੋਲ ਦੇ ਤਾਲਮੇਲ ਨਾਲ 'ਸਾਰੇ ਜਹਾਂ ਸੇ ਅੱਛਾ' ਵਰਗੀਆਂ ਰਚਨਾਵਾਂ ਨੂੰ ਪੇਸ਼ ਕਰਕੇ ਦੋਵਾਂ ਸੱਭਿਆਚਾਰਾਂ ਦਰਮਿਆਨ ਇੱਕ ਨਵਾਂ ਪੁਲ ਉਸਾਰਿਆ। ਉਨ੍ਹਾਂ ਦੇ ਇਸੇ ਸਮਰਪਣ ਅਤੇ ਨਿਪੁੰਨਤਾ ਨੂੰ ਵੇਖਦਿਆਂ, ਦਸੰਬਰ 2025 ਵਿੱਚ ਬੈਂਡ ਦੇ ਸਮੂਹ ਮੈਂਬਰਾਂ ਨੇ ਉਨ੍ਹਾਂ ਨੂੰ ਸਰਬਸੰਮਤੀ ਨਾਲ ਤਿੰਨ ਸਾਲਾਂ ਦੀ ਮਿਆਦ ਲਈ ਆਪਣਾ ਮੁੱਖ 'ਡਰੱਮ ਮੇਜਰ' ਚੁਣਿਆ।

ਰੌਇਲ ਐਡਿਨਬਰਗ ਮਿਲਟਰੀ ਟੈਟੂ 2026: ਵਿਸ਼ਵ ਮੰਚ 'ਤੇ ਦਸਤਾਰ ਦੀ ਗੂੰਜ

'ਰੌਇਲ ਐਡਿਨਬਰਗ ਮਿਲਟਰੀ ਟੈਟੂ' ਦੁਨੀਆ ਦਾ ਸਭ ਤੋਂ ਉੱਚ ਦਰਜੇ ਦਾ ਮਿਲਟਰੀ ਸੰਗੀਤ ਅਤੇ ਡਰਿੱਲ ਪ੍ਰਦਰਸ਼ਨ ਸਮਾਗਮ ਮੰਨਿਆ ਜਾਂਦਾ ਹੈ, ਜਿੱਥੇ ਵੱਖ-ਵੱਖ ਮੁਲਕਾਂ ਦੀਆਂ ਸਰਵੋਤਮ ਫ਼ੌਜੀ ਤੇ ਪੁਲਿਸ ਟੁਕੜੀਆਂ ਹਿੱਸਾ ਲੈਂਦੀਆਂ ਹਨ। ਸਾਲ 2026 ਦੇ ਇਸ ਸਮਾਗਮ ਦਾ ਮੁੱਖ ਵਿਸ਼ਾ 'ਏ ਕਾਲ ਟੂ ਗੈਦਰ' ਰੱਖਿਆ ਗਿਆ ਸੀ, ਜੋ ਵਿਸ਼ਵ ਭਾਈਚਾਰੇ ਦੀ ਏਕਤਾ ਦਾ ਸੁਨੇਹਾ ਦਿੰਦਾ ਸੀ।

ਇਸ ਮੰਚ ਉੱਤੇ ਚੌਥੀ ਵਾਰ ਹਿੱਸਾ ਲੈ ਰਹੇ ਵੈਨਕੂਵਰ ਪੁਲਿਸ ਪਾਈਪ ਬੈਂਡ ਦਾ ਮਾਰਚ ਉਸ ਵੇਲੇ ਵਿਸ਼ਵ ਭਰ ਦੇ ਮੀਡੀਆ ਦੀਆਂ ਸੁਰਖ਼ੀਆਂ ਬਣ ਗਿਆ ਜਦੋਂ ਇਸ ਦੀ ਅਗਵਾਈ ਸੁਖਵਿੰਦਰ ਸਿੰਘ ਨੇ ਆਪਣੇ ਹੱਥ ਵਿੱਚ 'ਮੇਸ' (ਡਰੱਮ ਮੇਜਰ ਦੀ ਛੜੀ) ਫੜ ਕੇ ਕੀਤੀ। ਪੂਰੀ ਤਰ੍ਹਾਂ ਸਿੱਖ ਸਰੂਪ ਵਿੱਚ ਸਜੀ ਦਸਤਾਰ, ਦਾੜ੍ਹੀ ਅਤੇ ਸਕਾਟਿਸ਼ ਟਾਰਟਨ ਕਿਲਟ ਦੀ ਸੂਖ਼ਮ ਤਾਲਮੇਲ ਨੇ ਲੱਖਾਂ ਦਰਸ਼ਕਾਂ ਨੂੰ ਮੰਤਰ-ਮੁਗਧ ਕਰ ਦਿੱਤਾ। ਇਹ ਪਹਿਲੀ ਵਾਰ ਸੀ ਜਦੋਂ ਐਡਿਨਬਰਗ ਕੈਸਲ ਦੇ ਮੈਦਾਨ ਵਿੱਚ ਕਿਸੇ ਦਸਤਾਰਧਾਰੀ ਸਿੱਖ ਡਰੱਮ ਮੇਜਰ ਨੇ ਮਿਲਟਰੀ ਅਨੁਸ਼ਾਸਨ ਅਤੇ ਲੈਅਬੱਧ ਕਦਮਾਂ ਨਾਲ਼ ਕੌਮਾਂਤਰੀ ਪਰੇਡ ਦੀ ਕਮਾਨ ਸੰਭਾਲੀ।

ਇਸ ਇਤਿਹਾਸਕ ਪ੍ਰਾਪਤੀ ਦੀ ਸਮਾਜਿਕ ਅਤੇ ਸੱਭਿਆਚਾਰਕ ਮਹੱਤਤਾ

ਵਿਰਾਸਤ ਅਤੇ ਪਛਾਣ ਦਾ ਸ਼ਾਨਦਾਰ ਸੁਮੇਲ: ਇਹ ਘਟਨਾ ਸਿੱਧ ਕਰਦੀ ਹੈ ਕਿ ਵਿਅਕਤੀ ਆਪਣੀ ਧਾਰਮਿਕ ਅਤੇ ਸੱਭਿਆਚਾਰਕ ਪਛਾਣ ਨਾਲ਼ ਕੋਈ ਸਮਝੌਤਾ ਕੀਤੇ ਬਗ਼ੈਰ ਕਿਸੇ ਹੋਰ ਦੇਸ਼ ਜਾਂ ਸੱਭਿਆਚਾਰ ਦੀਆਂ ਸਦੀਆਂ ਪੁਰਾਣੀਆਂ ਪਰੰਪਰਾਵਾਂ ਵਿੱਚ ਸਰਵਉੱਚ ਅਹੁਦਾ ਹਾਸਲ ਕਰ ਸਕਦਾ ਹੈ।

ਜਿਸ ਦੌਰ ਵਿੱਚ ਪੱਛਮੀ ਦੇਸ਼ਾਂ ਵਿੱਚ ਕਈ ਵਾਰ ਪਛਾਣ ਦੇ ਸੰਕਟ ਜਾਂ ਨਸਲੀ ਭੁਲੇਖਿਆਂ ਦੀਆਂ ਖ਼ਬਰਾਂ ਆਉਂਦੀਆਂ ਹਨ, ਅਜਿਹੇ ਸਮੇਂ ਵਿੱਚ ਦੁਨੀਆ ਦੇ ਸਭ ਤੋਂ ਵੱਕਾਰੀ ਮੰਚ 'ਤੇ ਦਸਤਾਰ ਦੀ ਮਾਣਮੱਤੀ ਨੁਮਾਇੰਦਗੀ ਸਿੱਖ ਕੌਮ ਦੇ ਗੌਰਵ ਅਤੇ ਸਤਿਕਾਰ ਵਿੱਚ ਵਾਧਾ ਕਰਦੀ ਹੈ।

ਸੁਖਵਿੰਦਰ ਸਿੰਘ ਦਾ ਸਫ਼ਰ ਪੰਜਾਬੀ ਯੂਥ ਲਈ ਪ੍ਰੇਰਨਾ ਦਾ ਸੋਮਾ

ਕੈਨੇਡਾ ਵਰਗੇ ਬਹੁ-ਸੱਭਿਆਚਾਰਕ ਮੁਲਕ ਦੇ ਅਦਾਰਿਆਂ ਵਿੱਚ ਘੱਟ-ਗਿਣਤੀਆਂ ਦੀ ਬਰਾਬਰੀ ਅਤੇ ਯੋਗਤਾ ਅਧਾਰਿਤ ਤਰੱਕੀ ਦੀ ਇਹ ਇੱਕ ਉੱਤਮ ਮਿਸਾਲ ਹੈ। ਇਹ ਸਾਬਤ ਕਰਦਾ ਹੈ ਕਿ ਸੰਸਥਾਵਾਂ ਤਾਂ ਹੀ ਮਜ਼ਬੂਤ ਹੁੰਦੀਆਂ ਹਨ ਜੇਕਰ ਉਹ ਹਰ ਵਰਗ ਦੇ ਹੁਨਰ ਦਾ ਸਤਿਕਾਰ ਕਰਨ।

ਡਾਇਸਪੋਰਾ ਵਿੱਚ ਵੱਡੀ ਹੋ ਰਹੀ ਨੌਜਵਾਨ ਪੀੜ੍ਹੀ ਲਈ ਸੁਖਵਿੰਦਰ ਸਿੰਘ ਦਾ ਇਹ ਸਫ਼ਰ ਪ੍ਰੇਰਨਾ ਦਾ ਵੱਡਾ ਸੋਮਾ ਹੈ ਕਿ ਸਖ਼ਤ ਮਿਹਨਤ, ਲਗਨ ਅਤੇ ਕਲਾ ਪ੍ਰਤੀ ਸਮਰਪਣ ਨਾਲ਼ ਦੁਨੀਆ ਦੇ ਕਿਸੇ ਵੀ ਖੇਤਰ ਵਿੱਚ ਆਪਣੀ ਵਿਲੱਖਣ ਛਾਪ ਛੱਡੀ ਜਾ ਸਕਦੀ ਹੈ।

ਕਾਂਸਟੇਬਲ ਸੁਖਵਿੰਦਰ 'ਸੂਕੀ' ਸਿੰਘ ਸੰਗਰ ਦੀ ਇਹ ਕਾਮਯਾਬੀ ਸਿਰਫ਼ ਇੱਕ ਵਿਅਕਤੀਗਤ ਮੀਲ-ਪੱਥਰ ਨਹੀਂ ਹੈ, ਬਲਕਿ ਇਹ ਪੰਜਾਬੀ ਅਤੇ ਸਿੱਖ ਭਾਈਚਾਰੇ ਦੇ ਉਸ ਵਸੀਹ ਦ੍ਰਿਸ਼ਟੀਕੋਣ ਦੀ ਜਿੱਤ ਹੈ ਜੋ 'ਸਰਬੱਤ ਦੇ ਭਲੇ' ਅਤੇ ਸੱਭਿਆਚਾਰਕ ਸਾਂਝੀਵਾਲਤਾ ਦੇ ਸੰਕਲਪ ਨੂੰ ਵਿਸ਼ਵ ਪੱਧਰ 'ਤੇ ਅਮਲੀ ਰੂਪ ਵਿੱਚ ਸਾਕਾਰ ਕਰਦਾ ਹੈ।

***

## ਡਾਕ ਵੋਟਿੰਗ ਬਾਰੇ ਟਰੰਪ ਦੇ ਆਦੇਸ਼ 'ਤੇ

ਇਹ ਦੂਸਰੀ ਵਾਰ ਹੈ ਕਿ ਜੱਜ ਨੇ ਟਰੰਪ ਦੇ ਆਦੇਸ਼ ਨੂੰ ਰੋਕਿਆ ਹੈ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਬਹੁਮਤ ਨਾਲ ਤਲਵਾਨੀ ਦੇ ਪਿਛਲੇ ਫ਼ੈਸਲੇ ਨੂੰ ਪ੍ਰਕਿਰਿਆਤਮਕ ਆਧਾਰ 'ਤੇ ਉਲਟਾ ਦਿੱਤਾ ਸੀ। ਡੈਮੋਕਰੈਟਸ ਸਮੂੰਹਾਂ ਦੁਆਰਾ ਦਾਇਰ ਦੁਬਾਰਾ ਪਟੀਸ਼ਨ 'ਤੇ ਫ਼ੈਸਲਾ ਸੁਣਾਉਂਦਿਆਂਆਪਣੇ ਤਾਜ਼ਾ ਫ਼ੈਸਲੇ ਵਿੱਚ ਜੱਜ ਤਲਵਾਨੀ ਨੇ ਸਿੱਧੇ ਤੌਰ 'ਤੇ ਡਾਕ ਸੇਵਾ ਦੀ ਮੰਗ ਨੂੰ ਮੁਖ ਰਖਦਿਆਂ ਕਿਹਾ ਕਿ ਰਾਜਾਂ ਕੋਲ ਵੋਟਰ ਸੂਚੀਆਂ ਪ੍ਰਦਾਨ ਕਰਨ ਅਤੇ ਬੈਲਟ ਲਿਫ਼ਾਫ਼ਿਆਂ ਨੂੰ ਮੁੜ ਫ਼ਾਰਮੈਟ ਕਰਨ ਲਈ ਸਮੇ ਦੀ ਘਾਟ ਹੈ। ਉਸ ਨੇ ਲਿਖਿਆ ਕਿ ਮੁੱਦਈ ਰਾਜਾਂ ਕੋਲ ਨਵੇਂ ਡਾਕ ਬੈਲਟ ਡਿਜ਼ਾਈਨ ਕਰਨ, ਉਨ੍ਹਾਂ ਡਿਜ਼ਾਈਨਾਂ ਦੀ ਪ੍ਰਵਾਨਗੀ ਲੈਣ, ਉਤਪਾਦਨ ਦਾ ਆਦੇਸ਼ ਦੇਣ, ਆਪਣੇ ਚੋਣ ਪ੍ਰਬੰਧਨ ਪ੍ਰਣਾਲੀਆਂ ਨੂੰ ਅਪਡੇਟ ਕਰਨ, ਅਧਿਕਾਰੀਆਂ ਨੂੰ ਯੂ ਐਸ ਪੀ ਸੀ ਪੋਰਟਲ ਦੀ ਵਰਤੋਂ ਕਰਨ ਲਈ ਸਿਖਲਾਈ ਦੇਣ ਅਤੇ ਮੱਧਕਾਲੀ ਚੋਣਾਂ ਤੋਂ ਪਹਿਲਾਂ ਨਾਗਰਿਕ ਡੇਟਾ ਅਪਲੋਡ ਕਰਨ ਲਈ ਨਾ ਤਾਂ ਸਮਾਂ ਹੈ ਅਤੇ ਨਾ ਹੀ ਫ਼ੰਡ ਹਨ। ਅਗਲੀ ਸੁਣਵਾਈ 3 ਸਤੰਬਰ ਨੂੰ ਹੋਣੀ ਹੈ ਜਦ ਕਿ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਦੀ ਪੂਰੀ ਸੰਭਾਵਨਾ ਹੈ।

***

## ਅਸਟ੍ਰੇਲੀਆ ਦੇ ਸਿੱਖ ਸਮਾਗਮ ਵਿੱਚ ਪੱਗ ਬੰਨ੍ਹਣਾ

ਖੱਬੇ-ਪੱਖੀ ਉਦਾਰਵਾਦੀ ਕਿਹਾ ਅਤੇ ਵਨ ਨੇਸ਼ਨ ਨੂੰ ਫਾਰਲੇ ਨੂੰ ਤੁਰੰਤ ਪਾਰਟੀ ਵਿੱਚੋਂ ਬਰਖ਼ਾਸਤ ਕਰਨ ਦੀ ਮੰਗ ਕੀਤੀ।

ਡੇਵਿਡ ਫਾਰਲੇ ਦੇਸ਼ ਦੇ ਵੱਡੇ ਕਾਰਪੋਰੇਟ ਖੇਤੀਬਾੜੀ ਕਾਰੋਬਾਰ ਨਾਲ ਜੁੜੇ ਰਹੇ ਹਨ ਅਤੇ ਸੰਸਦ ਦੇ ਸਭ ਤੋਂ ਅਮੀਰ ਨੇਤਾਵਾਂ ਵਿੱਚ ਸ਼ੁਮਾਰ ਹਨ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਆਸਟ੍ਰੇਲੀਆ ਦੇ ਪੇਂਡੂ ਅਤੇ ਖੇਤਰੀ ਇਲਾਕਿਆਂ ਦੀ ਆਰਥਿਕਤਾ, ਫ਼ਸਲਾਂ ਦੀ ਕਟਾਈ ਅਤੇ ਬੁੱਚੜਖ਼ਾਨੇ ਪ੍ਰਵਾਸੀ ਕਾਮਿਆਂ ਤੋਂ ਬਿਨਾਂ ਇੱਕ ਦਿਨ ਵੀ ਨਹੀਂ ਚੱਲ ਸਕਦੇ। ਇਸੇ ਜ਼ਮੀਨੀ ਮਜਬੂਰੀ ਨੂੰ ਸਮਝਦਿਆਂ ਪਾਰਟੀ ਮੁਖੀ ਪੌਲਿਨ ਹੈਨਸਨ ਨੂੰ ਵੀ ਬਚਾਅ ਦੀ ਮੁਦਰਾ ਵਿੱਚ ਆਉਣਾ ਪਿਆ। ਹੈਨਸਨ ਨੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ 1,30,000 ਦਾ ਅੰਕੜਾ ਪੈਸੀਫਿਕ ਟਾਪੂਆਂ ਤੋਂ ਆਉਣ ਵਾਲੇ ਖੇਤੀ ਕਾਮਿਆਂ 'ਤੇ ਲਾਗੂ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਬਿਨਾਂ ਪੇਂਡੂ ਆਸਟ੍ਰੇਲੀਆ ਤਬਾਹ ਹੋ ਜਾਵੇਗਾ। ਪਰ ਹੈਨਸਨ ਦਾ ਇਹ ਯੂ-ਟਰਨ ਕੱਟੜਪੰਥੀ ਸਮਰਥਕਾਂ ਦੇ ਗਲੇ ਨਹੀਂ ਉਤਰ ਰਿਹਾ, ਜੋ ਇਸ ਨੂੰ ਕਾਰਪੋਰੇਟ ਹਿੱਤਾਂ ਅੱਗੇ ਸਿਆਸੀ ਸਮਰਪਣ ਵਜੋਂ ਦੇਖ ਰਹੇ ਹਨ।

ਪਾਰਟੀ ਦੇ ਸਾਬਕਾ ਸੰਸਦ ਮੈਂਬਰ ਜਾਰਜ ਕ੍ਰਿਸਟਨਸਨ ਅਤੇ ਬਾਰਨਬੀ ਜੋਇਸ ਵਰਗੇ ਨੇਤਾਵਾਂ ਨੇ ਫਾਰਲੇ ਦੇ ਬਿਆਨ ਨੂੰ ਭਾਵੇਂ ਨਵੇਂ ਚੁਣੇ ਆਗੂ ਦੀ 'ਸ਼ੁਰੂਆਤੀ ਭੁੱਲ' ਕਹਿ ਕੇ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਅੰਦਰੂਨੀ ਦਰਾਰਾਂ ਸਾਫ਼ ਨਜ਼ਰ ਆ ਰਹੀਆਂ ਹਨ। ਕ੍ਰਿਸਟਨਸਨ ਨੇ ਆਪਣੇ ਬਿਆਨ ਵਿੱਚ ਖੁਲਾਸਾ ਕੀਤਾ ਕਿ ਚੋਣ ਪ੍ਰਚਾਰ ਦੌਰਾਨ ਫਾਰਲੇ ਨੂੰ ਪਰਵਾਸ ਦੇ ਸੰਵੇਦਨਸ਼ੀਲ ਮੁੱਦੇ 'ਤੇ ਚੁੱਪ ਰਹਿਣ ਦੀ ਸਖ਼ਤ ਹਦਾਇਤ ਦਿੱਤੀ ਗਈ ਸੀ। ਇਸ ਦੇ ਬਾਵਜੂਦ ਫਾਰਲੇ ਵੱਲੋਂ 'ਸਿਡਨੀ ਮਾਰਨਿੰਗ ਹੈਰਲਡ' ਨੂੰ ਦਿੱਤਾ ਇਹ ਬਿਆਨ ਕਿ ਉਹ ਆਪਣੇ ਹਲਕੇ ਦੀਆਂ ਪਰਵਾਸ ਲੋੜਾਂ ਦੀ ਰਾਖੀ ਕਰਨਗੇ, ਇਹ ਦਰਸਾਉਂਦਾਹੈ ਕਿ ਉਹ ਪਾਰਟੀ ਦੀ ਕੱਟੜਪੰਥੀ ਲਾਈਨ ਅੱਗੇ ਝੁਕਣ ਲਈ ਤਿਆਰ ਨਹੀਂ ਹਨ।

ਇਸ ਵਿਵਾਦ ਨੇ ਆਸਟ੍ਰੇਲੀਆ ਦੇ ਸੱਜੇ-ਪੱਖੀ ਧੜਿਆਂ ਅਤੇ ਨਵ-ਨਾਜ਼ੀ ਪੱਖੀ ਵਿਚਾਰਵਾਨਾਂ ਨੂੰ ਭੜਕਾ ਦਿੱਤਾ ਹੈ। ਹਿਊਗੋ ਲੈਨਿਨ ਵਰਗੇ ਕੱਟੜ ਰਾਸ਼ਟਰਵਾਦੀ ਕਾਰਕੁਨਾਂ ਨੇ ਸੋਸ਼ਲ ਮੀਡੀਆ 'ਤੇ ਸਿੱਧਾ ਪੌਲਿਨ ਹੈਨਸਨ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵਨ ਨੇਸ਼ਨ ਨੇ ਆਪਣੇ ਵੋਟਰਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ ਅਤੇ ਵੱਡੇ ਕਾਰੋਬਾਰੀਆਂ ਦੀਆਂ ਜੇਬਾਂ ਭਰਨ ਲਈ ਦੇਸ਼ ਦੇ ਭਵਿੱਖ ਦਾ ਸੌਦਾ ਕੀਤਾ ਹੈ। ਇਨ੍ਹਾਂ ਕੱਟੜ ਸਮੂਹਾਂ ਦਾ ਮੰਨਣਾ ਹੈ ਕਿ ਪਾਰਟੀ ਨੇ ਚੋਣਾਂ ਜਿੱਤਣ ਲਈ ਜਿਸ ਪ੍ਰਵਾਸੀ-ਵਿਰੋਧੀ ਨਫ਼ਰਤ ਦਾ ਸਹਾਰਾ ਲਿਆ ਸੀ, ਸੱਤਾ ਦੀਆਂ ਬਰੂਹਾਂ 'ਤੇ ਪਹੁੰਚਦਿਆਂ ਹੀ ਉਸ ਤੋਂ ਪਿੱਛੇ ਹਟ ਗਈ ਹੈ।

'ਦ ਨੋਟਿਸਰ' ਸੱਜੇ-ਪੱਖੀ/ਨਵ-ਨਾਜ਼ੀ ਵੈੱਬਸਾਈਟ ਨੇ ਇਸ ਮਾਮਲੇ ਨੂੰ 'ਅਗਸਤ 2026 ਦਾ ਸਭ ਤੋਂ ਵੱਡਾ ਧੋਖਾ' ਕਰਾਰ ਦਿੱਤਾ ਅਤੇ ਪਾਰਟੀ ਦੇ 'ਕੱਟੜ ਦੇਸ਼ਭਗਤ ਅਧਾਰ' ਨੂੰ ਵਨ ਨੇਸ਼ਨ ਖ਼ਿਲਾਫ਼ ਖੁੱਲ੍ਹਾ ਮੋਰਚਾ ਖੋਲ੍ਹਣ ਤੇ ਪਾਰਟੀ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ।

ਇਹ ਸਾਰਾ ਕਲੇਸ਼ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਸਰਵੇਖਣਾਂ ਅਨੁਸਾਰ ਵਿਕਟੋਰੀਆ ਸਮੇਤ ਕਈ ਸੂਬਿਆਂ ਵਿੱਚ ਵਨ ਨੇਸ਼ਨ ਦੀ ਲੋਕਪ੍ਰਿਅਤਾ ਇਤਿਹਾਸਕ ਸਿਖਰਾਂ ਨੂੰ ਛੋਹ ਰਹੀ ਸੀ ਅਤੇ ਪਾਰਟੀ 25 ਫ਼ੀਸਦੀ ਵੋਟ ਹਿੱਸੇਦਾਰੀ ਵੱਲ ਵਧ ਰਹੀ ਸੀ। ਮਹਿੰਗਾਈ, ਰਿਹਾਇਸ਼ੀ ਸੰਕਟ ਅਤੇ ਮੁੱਖ ਧਾਰਾ ਦੀਆਂ ਪਾਰਟੀਆਂ ਤੋਂ ਲੋਕਾਂ ਦੀ ਨਿਰਾਸ਼ਾ ਨੇ ਵਨ ਨੇਸ਼ਨ ਲਈ ਰਾਹ ਪੱਧਰਾ ਕੀਤਾ ਸੀ। ਪਰ ਸਿਆਸੀ ਵਿਸ਼ਲੇਸ਼ਕ ਲਗਾਤਾਰ ਸਵਾਲ ਉਠਾ ਰਹੇ ਹਨ ਕਿ ਕੀ ਇਹ ਪਾਰਟੀ ਆਪਣੇ ਆਪਸੀ ਵਿਰੋਧਾਂ ਅਤੇ ਵਿਵਾਦਤ ਉਮੀਦਵਾਰਾਂ ਦੇ ਬੋਝ ਹੇਠ ਟਿਕ ਸਕੇਗੀ ? ਪਾਰਟੀ ਦਾ ਪਿਛੋਕੜ ਵਿਵਾਦਤ ਅਤੇ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਆਗੂਆਂ ਨੂੰ ਅੱਗੇ ਲਿਆਉਣ ਦਾ ਰਿਹਾ ਹੈ, ਜਿਸ ਕਾਰਨ ਇਸ ਦੀ ਭਰੋਸੇਯੋਗਤਾ ਹਮੇਸ਼ਾ ਸ਼ੱਕ ਦੇ ਘੇਰੇ ਵਿੱਚ ਰਹੀ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਘਟਨਾਕ੍ਰਮ ਲੋਕ-ਲੁਭਾਊ ਸਿਆਸਤ ਦੀ ਡੂੰਘੀ ਕਮਜ਼ੋਰੀ ਨੂੰ ਬੇਪਰਦ ਕਰਦਾ ਹੈ। ਜਨਤਾ ਵਿੱਚ ਨਫ਼ਰਤ ਅਤੇ ਡਰ ਪੈਦਾ ਕਰਕੇ ਵੋਟਾਂ ਬਟੋਰਨੀਆਂ ਸੌਖੀਆਂ ਹਨ, ਪਰ ਆਧੁਨਿਕ ਅਰਥਚਾਰੇ ਨੂੰ ਕੱਟੜਪੰਥੀ ਨਾਅਰਿਆਂ ਨਾਲ ਨਹੀਂ ਚਲਾਇਆ ਜਾ ਸਕਦਾ। ਡੇਵਿਡ ਫਾਰਲੇ ਦਾ ਮਾਮਲਾ ਇਹ ਸਿੱਧ ਕਰਦਾ ਹੈ ਕਿ ਆਸਟ੍ਰੇਲੀਆ ਵਰਗੇ ਵਿਕਸਤ ਦੇਸ਼ਾਂ ਵਿੱਚ ਖੇਤੀ, ਸਿਹਤ ਸੰਭਾਲ ਅਤੇ ਬੁਨਿਆਦੀ ਢਾਂਚੇ ਲਈ ਪਰਵਾਸੀ ਮਜ਼ਦੂਰਾਂ ਦੀ ਅਹਿਮੀਅਤ ਨੂੰ ਨਕਾਰਿਆ ਨਹੀਂ ਜਾ ਸਕਦਾ।

ਵਨ ਨੇਸ਼ਨ ਅੱਜ ਆਪਣੇ ਹੀ ਬਣਾਏ ਨਫ਼ਰਤ ਅਤੇ ਵਿਰੋਧਾਭਾਸ ਦੇ ਜਾਲ ਵਿੱਚ ਬੁਰੀ ਤਰ੍ਹਾਂ ਫਸ ਚੁੱਕੀ ਹੈ। ਜੇਕਰ ਪਾਰਟੀ ਖੇਤਰੀ ਆਰਥਿਕ ਹਕੀਕਤਾਂ ਨੂੰ ਅਪਣਾਉਂਦੀਹੈ ਤਾਂ ਆਪਣਾ ਕੱਟੜ ਵੋਟ ਬੈਂਕ ਗੁਆ ਬੈਠਦੀ ਹੈ, ਅਤੇ ਜੇਕਰ ਉਹ ਕੱਟੜਪੰਥੀਆਂ ਨੂੰ ਖ਼ੁਸ਼ ਰੱਖਣ ਦੀ ਕੋਸ਼ਿਸ਼ ਕਰਦੀ ਹੈ ਤਾਂ ਕੌਮੀ ਪੱਧਰ 'ਤੇ ਇੱਕ ਜ਼ਿੰਮੇਵਾਰ ਸਿਆਸੀ ਧਿਰ ਬਣਨ ਦਾ ਸੁਨਹਿਰੀ ਮੌਕਾ ਗੁਆ ਲੈਂਦੀ ਹੈ।

ਅਜਿਹੀ ਸਥਿਤੀ ਵਿੱਚ ਪਾਰਟੀ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਉਹ ਕੀ ਕਰੇ ? ਮਾਹਿਰਾਂ ਦਾ ਮੰਨਣਾ ਹੈ ਕਿ ਵਨ ਨੇਸ਼ਨ ਨੂੰ ਸਿਰਫ਼ ਨਾਅਰੇਬਾਜ਼ੀ ਛੱਡ ਕੇ ਇੱਕ ਵਿਹਾਰਕ ਅਤੇ ਸਪਸ਼ਟ ਨੀਤੀ ਅਪਣਾਉਣੀ ਪਵੇਗੀ, ਜਿੱਥੇ ਉਹ ਆਪਣੇ ਵੋਟਰਾਂ ਨੂੰ ਇਹ ਸਮਝਾ ਸਕੇ ਕਿ ਖੇਤੀਬਾੜੀ ਅਤੇ ਸਥਾਨਕ ਕਾਰੋਬਾਰਾਂ ਨੂੰ ਬਚਾਉਣ ਲਈ ਪ੍ਰਵਾਸੀ ਕਾਮੇ ਕਿਉਂ ਜ਼ਰੂਰੀ ਹਨ ? ਸਿਆਸੀ ਵਿਸ਼ਲੇਸ਼ਕਾਂ ਅਨੁਸਾਰ ਜੇਕਰ ਪਾਰਟੀ ਖ਼ੁਦ ਨੂੰ ਮੁੱਖ ਧਾਰਾ ਦੀ ਭਰੋਸੇਯੋਗ ਧਿਰ ਵਜੋਂ ਸਥਾਪਿਤ ਕਰਨਾ ਚਾਹੁੰਦੀ ਹੈ, ਤਾਂ ਉਸ ਨੂੰ ਆਪਣੇ ਅੰਦਰੂਨੀ ਅਨੁਸ਼ਾਸਨ ਨੂੰ ਮਜ਼ਬੂਤ ਕਰਨਾ ਪਵੇਗਾ ਅਤੇ ਕੱਟੜਪੰਥੀ ਦਬਾਅ ਅੱਗੇ ਝੁਕਣ ਦੀ ਬਜਾਏ ਸੰਤੁਲਿਤ ਪਹੁੰਚ ਅਪਣਾਉਣੀ ਪਵੇਗੀ; ਨਹੀਂ ਤਾਂ ਆਪਣੇ ਹੀ ਉਮੀਦਵਾਰਾਂ ਦੇ ਆਪਸੀ ਟਕਰਾਅ ਅਤੇ ਕੱਟੜ ਸਮਰਥਕਾਂ ਦੀ ਨਾਰਾਜ਼ਗੀ ਹੇਠ ਪਾਰਟੀ ਦਾ ਉਭਾਰ ਸਿਖ਼ਰ 'ਤੇ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਸਕਦਾ ਹੈ।

***

## ਪੰਜਾਬ ਦੀ ਸਿਆਸਤ 'ਤੇ ਵੀ ਪ੍ਰਭਾਵ ਪਾਵੇਗਾ

ਪਾਣੀਆਂ ਦੀ ਵੰਡ ਨਾਲ ਸਬੰਧਿਤ ਪੁਰਾਣੇ ਸਮਝੌਤੇ ਰੱਦ ਕੀਤੇ ਜਾਣ ਅਤੇ ਮੰਗ ਕੀਤੀ ਗਈ ਹੈ ਕਿ ਪੰਜਾਬ ਵਿਧਾਨ ਸਭਾ ਇਸ ਮੁੱਦੇ 'ਤੇ ਵਿਸ਼ੇਸ਼ ਇਜਲਾਸ ਬੁਲਾਏ।

ਕਿਸਾਨ ਅਤੇ ਖੇਤੀ-ਮਜ਼ਦੂਰ ਕਰਜ਼ਾ ਮੁਆਫੀ:

ਐਸ.ਕੇ.ਐਮ. ਕਿਸਾਨਾਂ ਅਤੇ ਖੇਤੀਬਾੜੀ ਮਜ਼ਦੂਰਾਂ ਦੋਵਾਂ ਦੇ ਕਰਜ਼ਿਆਂ ਨੂੰ ਪੂਰੀ ਤਰ੍ਹਾਂ ਮੁਆਫ਼ ਕਰਨ ਦੀ ਮੰਗ ਕਰ ਰਿਹਾ ਹੈ।

ਪ੍ਰਸਤਾਵਿਤ ਮੁਕਤ-ਵਪਾਰ ਸਮਝੌਤਿਆਂ ਦਾ ਵਿਰੋਧ:

ਕਿਸਾਨ ਅਮਰੀਕਾ ਅਤੇ ਯੂਰੋਪੀਅਨ ਦੇਸ਼ਾਂ ਨਾਲ ਕੀਤੇ ਜਾ ਰਹੇ ਮੁਕਤ-ਵਪਾਰ ਸਮਝੌਤਿਆਂ ਦਾ ਵੀ ਵਿਰੋਧ ਕਰ ਰਹੇ ਹਨ। ਕਿਸਾਨਾਂ ਦੀ ਚਿੰਤਾ ਇਹ ਹੈ ਕਿ ਸਸਤੀਆਂ ਖੇਤੀਬਾੜੀ ਦਰਾਮਦਾਂ ਘਰੇਲੂ ਫਸਲਾਂ ਦੀਆਂ ਕੀਮਤਾਂ 'ਤੇ ਹੇਠਾਂ ਵੱਲ ਦਬਾਅ ਪਾ ਸਕਦੀਆਂ ਹਨ ਅਤੇ ਭਾਰਤੀ ਕਿਸਾਨਾਂ ਨੂੰ ਘੱਟ ਪ੍ਰਤੀਯੋਗੀ ਬਣਾ ਸਕਦੀਆਂ ਹਨ। ਕਿਸਾਨ ਸੰਗਠਨਾਂ ਨੇ ਇਹ ਵੀ ਦਲੀਲ ਦਿੱਤੀ ਹੈ ਕਿ ਵਪਾਰਕ ਸਮਝੌਤੇ ਖੇਤੀਬਾੜੀ ਅਤੇ ਸਹਾਇਕ ਪੇਂਡੂ ਕਾਰੋਬਾਰਾਂ ਨੂੰ ਵੱਡੀ ਦਰਾਮਦ ਪ੍ਰਤੀਯੋਗਤਾ ਦੇ ਸਾਹਮਣੇ ਲਿਆ ਸਕਦੇ ਹਨ।

ਬਿਜਲੀ ਅਤੇ ਬੀਜ ਕਾਨੂੰਨਾਂ ਦਾ ਵਿਰੋਧ:

ਐਸ.ਕੇ.ਐਮ. ਨੇ ਬਿਜਲੀ ਬਿੱਲ 2025 ਅਤੇ ਬੀਜ ਬਿੱਲ 2025 ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ, ਇਹ ਦਲੀਲ ਦਿੰਦੇ ਹੋਏ ਕਿ ਪ੍ਰਸਤਾਵਿਤ ਬਦਲਾਅ ਕਿਸਾਨਾਂ ਦੇ ਖਰਚਿਆਂ, ਖੇਤੀਬਾੜੀ ਇਨਪੁਟਸ ਤੱਕ ਪਹੁੰਚ ਅਤੇ ਖੇਤੀ ਨੀਤੀ ਦੇ ਵਿਆਪਕ ਢਾਂਚੇ ਲਈ ਪ੍ਰਭਾਵ ਪਾ ਸਕਦੇ ਹਨ। ਯੂਨੀਅਨਾਂ ਨੇ ਆਫ਼ਤ ਪ੍ਰਬੰਧਨ ਐਕਟ, 2024 ਨੂੰ ਵਾਪਸ ਲੈਣ ਤੋਂ ਇਲਾਵਾ ਡੈਮ ਸੇਫਟੀ ਐਕਟ ਨੂੰ ਰੱਦ ਕਰਨ ਦੀ ਵੀ ਮੰਗ ਕੀਤੀ ਹੈ।

## ਕੱਢਣਾ ਰੁਮਾਲ ਦੇ ਗਿਓਂ ਵੇ...

ਹੁਣ ਚੰਬਾ ਰੁਮਾਲ ਜ਼ਿਆਦਾਤਰ ਅਜਾਇਬ-ਘਰਾਂ, ਪ੍ਰਦਰਸ਼ਨੀਆਂ ਅਤੇ ਹਸਤ-ਕਲਾ ਕੇਂਦਰਾਂ ਵਿੱਚ ਹੀ ਦੇਖਣ ਨੂੰ ਮਿਲਦਾ ਹੈ।

ਇਸ ਦੇ ਬਾਵਜੂਦ ਉਮੀਦ ਦੀ ਕਿਰਨ ਅਜੇ ਵੀ ਮੌਜੂਦ ਹੈ। ਜੇਕਰ ਸਰਕਾਰਾਂ, ਹਸਤ-ਕਲਾ ਸੰਸਥਾਵਾਂ ਅਤੇ ਸਿੱਖਿਆ ਸੰਸਥਾਵਾਂ ਮਿਲ ਕੇ ਇਸ ਕਲਾ ਨੂੰ ਹੌਸਲਾ ਦੇਣ, ਨੌਜਵਾਨਾਂ ਨੂੰ ਸਿਖਲਾਈ ਦੇਣ ਅਤੇ ਇਸ ਨੂੰ ਵਿਸ਼ਵ ਬਾਜ਼ਾਰ ਨਾਲ ਜੋੜਨ ਤਾਂ ਚੰਬਾ ਰੁਮਾਲ ਅਤੇ ਇਸ ਵਰਗੀਆਂ ਲੋਕ-ਕਲਾਵਾਂ ਮੁੜ ਆਪਣਾ ਪੁਰਾਣਾ ਮਾਣ ਹਾਸਲ ਕਰ ਸਕਦੀਆਂ ਹਨ।

ਨਿੱਜੀ ਸਫ਼ਾਈ ਦੇ ਪੱਖੋਂ ਵੀ ਰੁਮਾਲ ਦੀ ਸਹੀ ਵਰਤੋਂ ਬਹੁਤ ਜ਼ਰੂਰੀ ਹੈ। ਸਾਫ਼ ਰੁਮਾਲ ਸਿਹਤ ਲਈ ਲਾਭਦਾਇਕ ਹੈ, ਜਦਕਿ ਗੰਦਾ ਰੁਮਾਲ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਇਸ ਲਈ ਇਸ ਨੂੰ ਨਿਯਮਿਤ ਧੋਣਾ ਅਤੇ ਕਿਸੇ ਹੋਰ ਨਾਲ ਸਾਂਝਾ ਨਾ ਕਰਨਾ ਇੱਕ ਚੰਗੀ ਆਦਤ ਹੈ। ਇਸ ਤੋਂ ਇਲਾਵਾ ਕੱਪੜੇ ਦਾ ਰੁਮਾਲ ਵਾਤਾਵਰਨ ਪੱਖੋਂ ਵੀ ਲਾਭਦਾਇਕ ਹੈ, ਕਿਉਂਕਿ ਇਸ ਨੂੰ ਵਾਰ-ਵਾਰ ਧੋ ਕੇ ਵਰਤਿਆ ਜਾ ਸਕਦਾ ਹੈ ਅਤੇ ਇਸ ਨਾਲ ਕਾਗਜ਼ੀ ਟਿਸ਼ੂਆਂ ਦਾ ਕੂੜਾ ਘਟਦਾ ਹੈ।

ਰੁਮਾਲ ਦੀ ਮਹੱਤਤਾ ਇਸ ਦੀ ਵਰਤੋਂ ਨਾਲੋਂ ਕਿਤੇ ਵੱਧ ਹੈ। ਇਹ ਸਾਡੇ ਸਮਾਜ ਦੀ ਸਫ਼ਾਈ-ਸੰਸਕ੍ਰਿਤੀ, ਲੋਕ-ਕਲਾ, ਪਰਿਵਾਰਕ ਪਿਆਰ, ਧਾਰਮਿਕ ਵਿਸ਼ਵਾਸ ਅਤੇ ਸੁਚੱਜੇ ਜੀਵਨ ਦਾ ਪ੍ਰਤੀਕ ਹੈ। ਭਾਵੇਂ ਆਧੁਨਿਕ ਜੀਵਨ ਵਿੱਚ ਇਸ ਦਾ ਰੂਪ ਬਦਲ ਗਿਆ ਹੋਵੇ, ਪਰ ਇਸ ਨਾਲ ਜੁੜੀਆਂ ਪਰੰਪਰਾਵਾਂ ਅਤੇ ਕਲਾਤਮਕ ਵਿਰਾਸਤ ਨੂੰ ਸੰਭਾਲਣਾ ਸਾਡੀ ਸੱਭਿਆਚਾਰਕ ਜ਼ਿੰਮੇਵਾਰੀ ਹੈ। ਇੱਕ ਛੋਟਾ ਜਿਹਾ ਰੁਮਾਲ ਸਾਨੂੰ ਇਹ ਸਿਖਾਉਂਦਾਹੈ ਕਿ ਜੀਵਨ ਦੀਆਂ ਸਭ ਤੋਂ ਸਧਾਰਨ ਵਸਤੂਆਂ ਵੀ ਇਤਿਹਾਸ, ਸੱਭਿਆਚਾਰ ਅਤੇ ਮਨੁੱਖੀ ਭਾਵਨਾਵਾਂ ਦਾ ਅਮੁੱਲਾ ਖ਼ਜ਼ਾਨਾ ਆਪਣੇ ਅੰਦਰ ਸਮੇਟ ਸਕਦੀਆਂ ਹਨ।

***

## ਕਿਉਂ ਬਦਲ ਰਹੀ ਹੈ ਭਾਰਤ

ਪਰ ਸੰਸਦ ਦੇ ਪਿਛਲੇ ਸੈਸ਼ਨ ਵਿੱਚ ਜਿਸ ਤਰ੍ਹਾਂ ਵਿਰੋਧੀ ਪਾਰਟੀਆਂ ਅਤੇ ਕਾਂਗਰਸ ਵਲੋਂ ਲੋਕ ਸਭਾ ਅਤੇ ਰਾਜ ਸਭਾ ਵਿੱਚ ਆਪਣੇ ਤਿੱਖੇ ਵਿਰੋਧ ਦਾ ਪ੍ਰਗਟਾਵਾ ਕੀਤਾ ਗਿਆ ਅਤੇ 20 ਜੁਲਾਈ ਨੂੰ ਅੰਦੋਲਨਕਾਰੀ ਵਿਦਿਆਰਥੀਆਂ 'ਤੇ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਵਲੋਂ ਕੀਤੀ ਗਈ ਕਾਰਵਾਈ ਦਾ ਜਿਸ ਤਰ੍ਹਾਂ ਸੰਸਦ ਦੇ ਅੰਦਰ ਤੇ ਬਾਹਰ ਜ਼ੋਰ-ਸ਼ੋਰ ਨਾਲ ਮੁੱਦਾ ਉਠਾਇਆ ਗਿਆ, ਉਸ ਕਾਰਨ ਭਾਜਪਾ ਅਤੇ ਉਸ ਦੀ ਸਰਕਾਰ ਰੱਖਿਆਤਮਕ ਪਹੁੰਚ ਅਪਣਾਉਂਦੀ ਨਜ਼ਰ ਆਈ। ਕਿੰਨੇ ਹੀ ਦਿਨਾਂ ਤੱਕ ਵਿਰੋਧੀ ਧਿਰ ਨੇ ਸੰਸਦ ਨਹੀਂ ਚੱਲਣ ਦਿੱਤੀ। ਜਦੋਂ ਚੱਲੀ ਵੀ ਤਾਂ ਵੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਰਾਜ ਸਭਾ ਜਾਂ ਲੋਕ ਸਭਾ ਵਿਚ ਆ ਕੇ ਵਿਰੋਧੀ ਧਿਰ ਵਲੋਂ ਜੰਤਰ-ਮੰਤਰ ਦੇ ਅੰਦੋਲਨ ਦੌਰਾਨ ਵਿਦਿਆਰਥੀਆਂ 'ਤੇ ਕੀਤੀਆਂ ਗਈਆਂ ਜ਼ਿਆਦਤੀਆਂ ਸੰਬੰਧੀ ਵਿਰੋਧੀ ਧਿਰ ਵਲੋਂ ਉਠਾਏ ਜਾਂਦੇ ਰਹੇ ਸਵਾਲਾਂ ਦੇ ਜਵਾਬ ਨਹੀਂ ਦੇ ਸਕੇ।

ਬਿਨਾਂ ਸ਼ੱਕ ਜੰਤਰ-ਮੰਤਰ 'ਤੇ ਹੋਏ ਵਿਦਿਆਰਥੀ ਅੰਦੋਲਨ ਅਤੇ ਉਸ ਤੋਂ ਬਾਅਦ ਸੰਸਦ ਦੇ ਦੋਹਾਂ ਸਦਨਾਂ ਵਿੱਚ ਵਿਰੋਧੀ ਪਾਰਟੀਆਂ ਦੇ ਤਿੱਖੇ ਤੇਵਰਾਂ ਪਿੱਛੋਂ ਦੇਸ਼ ਭਰ ਵਿੱਚ ਅਜਿਹਾ ਮਾਹੌਲ ਬਣਿਆ ਹੈ ਕਿ ਰਾਜਨੀਤਕ ਬਿਰਤਾਂਤ ਘੜਨ ਵਿੱਚ ਕਾਂਗਰਸ ਅਤੇ ਉਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਪਹਿਲ ਕਰਦੇ ਨਜ਼ਰ ਆ ਰਹੇ ਹਨ। ਦਿੱਲੀ ਵਿੱਚ ਵਿਦਿਆਰਥੀ ਅੰਦੋਲਨਕਾਰੀਆਂ ਦੇ ਖ਼ਿਲਾਫ਼ ਹੋਏ ਲਾਠੀਚਾਰਜ, ਇਲੈਕਟ੍ਰਾਨਿਕ ਰਾਡਾਂ ਦੀ ਵਰਤੋਂ ਅਤੇ ਮੇਖਾਂ ਵਾਲੇ ਡੰਡਿਆਂ ਦੇ ਪ੍ਰਯੋਗ ਅਤੇ ਪੈਲੇਟ ਗੰਨਾਂ ਦੀ ਵਰਤੋਂ ਆਦਿ ਨੂੰ ਉਨ੍ਹਾਂ ਨੇ ਬੇਹੱਦ ਵੱਡਾ ਮੁੱਦਾ ਬਣਾ ਦਿੱਤਾ ਹੈ। ਇਸ ਨੂੰ ਲੈ ਕੇ ਹੀ ਉਨ੍ਹਾਂ ਨੇ ਸੰਸਦ ਮਾਰਗ ਦੇ ਥਾਣੇ ਵਿੱਚ ਜਿਸ ਤਰ੍ਹਾਂ ਕਈ ਘੰਟੇ ਠਹਿਰ ਕੇ ਦ੍ਰਿੜ੍ਹਤਾ ਨਾਲ ਪੁਲਿਸ ਵਾਲਿਆਂ ਵਿਰੁੱਧ ਐਫ਼.ਆਈ.ਆਰ. ਦਰਜ ਕਰਵਾਈ ਹੈ, ਉਸ ਨੇ ਵੀ ਸੱਤਾਧਾਰੀ ਪਾਰਟੀ ਭਾਜਪਾ ਨੂੰ ਇਕ ਵਾਰ ਫਿਰ ਬਚਾਓ ਦੀ ਸਥਿਤੀ ਵੱਲ ਧੱਕਿਆ ਹੈ।

ਆਉਣ ਵਾਲੇ ਸਮੇਂ ਵਿੱਚ ਵੀ ਕਾਕਰੋਚ ਜਨਤਾ ਪਾਰਟੀ ਵੱਲੋਂ ਤੇ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਵਲੋਂ ਸਿੱਖਿਆ ਤੇ ਸਿੱਖਿਆ ਸੁਧਾਰਾਂ ਦੇ ਮੁੱਦੇ ਨੂੰ ਲੈ ਕੇ ਆਪਣਾ ਅੰਦੋਲਨ ਵੱਖ-ਵੱਖ ਰੂਪਾਂ ਵਿੱਚ ਜਾਰੀ ਰੱਖਣ ਦੀਆਂ ਸੰਭਾਵਨਾਵਾਂ ਨਜ਼ਰ ਆ ਰਹੀਆਂ ਹਨ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਅਤੇ ਉਸ ਦੀ ਸਰਕਾਰ ਆਪਣੇ ਵੰਡ-ਪਾਊ ਏਜੰਡੇ ਨੂੰ ਹੀ ਅੱਗੇ ਵਧਾਉਂਦੀ ਨਜ਼ਰ ਆ ਰਹੀ ਹੈ। ਉਸ ਨੇ ਸੰਸਦ ਦੇ ਪਿਛਲੇ ਸੈਸ਼ਨ ਦੌਰਾਨ ਰੌਲੇ-ਰੱਪੇ ਵਿੱਚ ਹੀ 'ਵੰਦੇ ਮਾਤਰਮ' ਰਾਸ਼ਟਰੀ ਗੀਤ ਨੂੰ ਪੂਰਾ ਗਾਉਣ ਅਤੇ ਇਸ ਦਾ ਕਿਸੇ ਵੀ ਢੰਗ ਨਾਲ ਅਪਮਾਨ ਕਰਨ ਵਾਲਿਆਂ ਨੂੰ ਤਿੰਨ ਸਾਲ ਦੀ ਸਜ਼ਾ ਦਿਵਾਉਣ ਸੰਬੰਧੀ ਕਾਨੂੰਨ ਪਾਸ ਕਰਵਾ ਲਿਆ ਸੀ। ਇਸ ਦੇ ਪ੍ਰਤੀਕਰਮ ਵਜੋਂ ਕਾਂਗਰਸ ਵਰਕਿੰਗ ਕਮੇਟੀ ਨੇ ਇਹ ਫ਼ੈਸਲਾ ਕੀਤਾ ਹੈ ਕਿ ਉਹ ਇਸ ਗੀਤ ਦੇ ਸਿਰਫ਼ 2 ਬੰਦ ਹੀ ਗਾਉਣਗੇ, ਜਿਸ ਤਰ੍ਹਾਂ ਕਿ 1937 ਵਿੱਚ ਪੰਡਿਤ ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ, ਸ੍ਰੀ ਰਬਿੰਦਰ ਨਾਥ ਟੈਗੋਰ ਅਤੇ ਕੁਝ ਹੋਰ ਅਹਿਮ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਇਕ ਕਮੇਟੀ 'ਚ ਫ਼ੈਸਲਾ ਕੀਤਾ ਗਿਆ ਸੀ, ਬਾਅਦ ਵਿੱਚ ਦੇਸ਼ ਦਾ ਸੰਵਿਧਾਨ ਬਣਾਉਣ ਵਾਲੀ ਸੰਵਿਧਾਨਕ ਸਭਾ ਨੇ ਵੀ ਇਸ ਗੱਲ 'ਤੇ ਹੀ ਮੋਹਰ ਲਗਾਈ ਸੀ। ਭਾਜਪਾ ਹੁਣ ਕਾਂਗਰਸ ਵੱਲੋਂ ਵੰਦੇ ਮਾਤਰਮ ਦੇ ਸਿਰਫ਼ ਦੋ ਹੀ ਬੰਦ ਗਾਉਣ ਦੇ ਫ਼ੈਸਲੇ ਅਤੇ ਆਜ਼ਾਦੀ ਦਿਵਸ ਵਾਲੇ ਦਿਨ ਦਿੱਲੀ ਕਾਂਗਰਸ ਦਫ਼ਤਰ ਵਿੱਚ ਵੰਦੇ ਮਾਤਰਮ ਦਾ ਕਥਿਤ ਤੌਰ 'ਤੇ ਹੋਏ ਅਪਮਾਨ ਨੂੰ ਲੈ ਕੇ ਉਸ ਨੂੰ ਘੇਰਨ ਦੀ ਕੋਸ਼ਿਸ਼ ਕਰ ਰਹੀ ਹੈ।

ਪਰ ਦੇਸ਼ ਦੀ ਬਦਲੀ ਹੋਈ ਰਾਜਨੀਤਕ ਫ਼ਿਜ਼ਾ ਵਿੱਚ ਇਹ ਕਹਿਣਾ ਔਖਾ ਹੈ ਕਿ ਕੀ ਭਾਜਪਾ ਦੀ ਫ਼ਿਰਕੂ ਧਰੁਵੀਕਰਨ ਦੀ ਰਣਨੀਤੀ ਲੰਮੇ ਸਮੇਂ ਤੱਕ ਪਹਿਲਾਂ ਵਾਂਗ ਹੀ ਚੱਲ ਸਕੇਗੀ ਜਾਂ ਨਹੀਂ ? ਪਰ ਉਸ ਦੀ ਇਸ ਸਮਰੱਥਾ ਨੂੰ ਪੂਰੀ ਤਰ੍ਹਾਂ ਰੱਦ ਵੀ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਕਾਂਗਰਸ ਪਾਰਟੀ, ਜੋ ਇਸ ਸਮੇਂ ਸਿੱਖਿਆ ਸੁਧਾਰ, ਜਮਹੂਰੀਅਤ ਅਤੇ ਧਰਮ ਨਿਰਪੱਖਤਾ ਦੇ ਮੁੱਦੇ ਲੈ ਕੇ ਰਾਜਨੀਤੀ ਕਰ ਰਹੀ ਹੈ, ਕੀ ਉਹ ਆਪਣੇ ਇਸ ਏਜੰਡੇ ਨੂੰ ਆਉਣ ਵਾਲੇ ਲੰਮੇ ਸਮੇਂ ਤੱਕ ਵੀ ਪੂਰੀ ਦ੍ਰਿੜ੍ਹਤਾ ਨਾਲ ਅੱਗੇ ਵਧਾ ਸਕੇਗੀ ਜਾਂ ਨਹੀਂ ? ਅਜੇ ਇਹ ਦੇਖਿਆ ਜਾਣਾ ਵੀ ਬਾਕੀ ਹੈ ਕਿ ਕਾਕਰੋਚ ਜਨਤਾ ਪਾਰਟੀ ਜੋ ਇਕ ਮਜ਼ਾਕ ਵਜੋਂ ਹੋਂਦ ਵਿੱਚ ਆਈ ਸੀ, ਇੱਕ ਗੰਭੀਰ ਰਾਜਨੀਤਕ ਪਾਰਟੀ ਦਾ ਰੂਪ ਲੈਂਦੀ ਹੈ ਜਾਂ ਸੱਤਾ ਤੋਂ ਦੂਰ ਰਹਿੰਦਿਆਂ ਆਪਣੇ-ਆਪ ਨੂੰ ਸਿਰਫ਼ ਸਿੱਖਿਆ ਸੁਧਾਰਾਂ ਤੱਕ ਸੀਮਤ ਰੱਖਦੀ ਹੈ ? ਇਹ ਸਭ ਚੀਜ਼ਾਂ ਭਵਿੱਖ ਦੇ ਗਰਭ ਵਿਚ ਹਨ।

ਪਰ ਇੱਕ ਗੱਲ ਬੜੀ ਸਪੱਸ਼ਟ ਹੈ ਕਿ ਭਾਜਪਾ ਤੇ ਉਸ ਦੀ ਸਰਕਾਰ ਵੱਲੋਂ ਜੋ ਦੇਸ਼ ਵਿੱਚ ਡਰ ਤੇ ਭੈਅ ਦਾ ਮਾਹੌਲ ਬਣਾਇਆ ਗਿਆ ਸੀ, ਉਹ ਇੱਕ ਤਰ੍ਹਾਂ ਨਾਲ ਹੁਣ ਟੁੱਟ ਚੁੱਕਾ ਹੈ। ਇਸ ਤਰ੍ਹਾਂ ਡਰ ਤੇ ਭੈਅ ਦੇ ਮਾਹੌਲ ਦਾ ਟੁੱਟਣਾ ਵੀ ਅਜੋਕੀ ਸਥਿਤੀ ਵਿੱਚ ਕਾਂਗਰਸ, ਕਾਕਰੋਚ ਜਨਤਾ ਪਾਰਟੀ ਅਤੇ ਆਜ਼ਾਦਾਨਾ ਢੰਗ ਨਾਲ ਕੰਮ ਕਰ ਰਹੇ ਮੀਡੀਆ ਦੀ ਇੱਕ ਵੱਡੀ ਪ੍ਰਾਪਤੀ ਹੈ।

***

## ਭਾਰਤ ਦੀ ਜਨਸੰਖਿਆ ਵਿੱਚ ਤਬਦੀਲੀਆਂ:

ਜਿਥੋਂ ਤੱਕ ਦੇਸ਼ ਦੀ ਆਬਾਦੀ ਵਿੱਚ ਜਨਮ ਦਰ ਦਾ ਸਵਾਲ ਹੈ, ਇਸ ਨੂੰ ਘਟਾਉਣ ਵਿੱਚ ਵੀ ਮੁਲਕ ਨੇ ਬਹੁਤ ਸਫਲਤਾ ਹਾਸਲ ਕੀਤੀ ਹੈ ਅਤੇ ਅੱਜ ਕੱਲ੍ਹ ਦੇਸ਼ ਇਸ ਪੱਖੋਂ ਦੁਨੀਆ ਵਿੱਚ ਮਧਿਅਮ ਜਨਮ ਦਰ ਵਾਲੇ ਮੁਲਕਾਂ ਵਿਚ ਸ਼ੁਮਾਰ ਹੋ ਗਿਆ ਹੈ। ਜਿਸ ਤੇਜ਼ੀ ਨਾਲ ਦੇਸ਼ ਵਿੱਚ ਔਰਤਾਂ ਵਿੱਚ ਪ੍ਰਜਣਨ ਦੀ ਦਰ ਘਟ ਰਹੀ ਹੈ ਲਗਦਾ ਹੈ ਜਲਦੀ ਹੀ ਦੇਸ਼ ਬਹੁਤ ਨੀਵੀਂ ਜਨਮ ਦਰ ਵਾਲੇ ਦੇਸ਼ਾਂ ਵਿੱਚ ਸ਼ਾਮਿਲ ਹੋ ਜਾਵੇਗਾ। ਔਰਤਾਂ ਵਿੱਚ ਪ੍ਰਜਣਨ ਦੀ ਦਰ ਅਤੇ ਨਤੀਜੇ ਵਜੋਂ ਜਨਮ ਦਰ ਘਟਣ ਦੇ ਕਾਫ਼ੀ ਕਾਰਨ ਹਨ। ਮੁੱਖ ਤੌਰ 'ਤੇ ਦੇਸ਼ ਵਿੱਚ ਪੜ੍ਹੇ-ਲਿਖੇ ਲੋਕਾਂ, ਖਾਸ ਕਰ ਕੇ ਪੜ੍ਹੀਆਂ-ਲਿਖੀਆਂ ਲੜਕੀਆਂ ਦੀ ਗਿਣਤੀ ਵਿੱਚ ਵਾਧਾ ਹੋਣਾ ਵੀ ਹੈ। ਪੜ੍ਹੇ-ਲਿਖੇ ਪਰਿਵਾਰ ਆਮ ਤੌਰ 'ਤੇ ਇਕਹਿਰੇ ਪਰਿਵਾਰਾਂ ਅਤੇ ਛੋਟੇ ਪਰਿਵਾਰਾਂ ਨੂੰ ਤਰਜੀਹ ਦਿੰਦੇ ਹਨ। ਇਸ ਦੇ ਨਾਲ ਹੀ ਬੇਰੁਜ਼ਗਾਰੀ, ਅਰਧ ਬੇਰੁਜ਼ਗਾਰੀ, ਨਿੱਜੀ ਖੇਤਰ, ਠੇਕਾ ਆਧਾਰਿਤ ਅਤੇ ਸਰਕਾਰੀ ਖੇਤਰ ਦੀਆਂ ਨੌਕਰੀਆਂ ਤੋਂ ਘੱਟ ਤਨਖਾਹਾਂ, ਬੱਚਿਆਂ ਦੇ ਪਾਲਣ-ਪੋਸ਼ਣ, ਸਿਹਤ ਸਹੂਲਤਾਂ ਅਤੇ ਸਿੱਖਿਆ 'ਤੇ ਵਧੇ ਵੱਡੇ ਖਰਚੇ ਆਦਿ ਵੀ ਔਰਤਾਂ ਵਿੱਚ ਪ੍ਰਜਣਨ ਦੀ ਘਟੀ ਤੇ ਘਟ ਰਹੀ ਦਰ ਅਤੇ ਨੀਵੀਂ ਜਨਮ ਦਰ ਲਈ ਜ਼ਿੰਮੇਵਾਰ ਹਨ।

ਉਪਰੋਕਤ ਅਧਿਐਨ ਸਪੱਸ਼ਟ ਕਰਦਾ ਹੈ ਕਿ ਦੁਨੀਆਂ ਭਰ ਅਤੇ ਭਾਰਤ ਵਿੱਚ ਜਨਸੰਖਿਆ ਵਿੱਚ ਆਈਆਂ ਅਤੇ ਆ ਰਹੀਆਂ ਤਬਦੀਲੀਆਂ ਬਹੁਤ ਮਹੱਤਵਪੂਰਨ ਹਨ ਅਤੇ ਭਵਿੱਖ ਵਿੱਚ ਦੇਸ਼ ਦੀ ਆਰਥਿਕਤਾ, ਆਰਥਿਕ ਸੁਰੱਖਿਆ, ਸਮਾਜਿਕ ਸੁਰੱਖਿਆ, ਸੱਭਿਆਚਾਰ, ਰਾਜਨੀਤਕ ਗਤੀਵਿਧੀਆਂ, ਸਿੱਖਿਆ ਅਤੇ ਸਿਹਤ ਸਹੂਲਤਾਂ ਅਤੇ ਹੋਰ ਬਹੁਤ ਸਾਰੇ ਖੇਤਰਾਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ ਅਤੇ ਅੱਗੇ ਹੋਰ ਵੀ ਕਰਨਗੀਆਂ। ਇਸ ਲਈ ਦੇਸ਼ ਦੀਆਂ ਹਾਕਮ ਜਮਾਤਾਂ ਅਤੇ ਸਰਕਾਰਾਂ ਨੂੰ ਆਪਣੀਆਂ ਸਾਰੀਆਂ ਨੀਤੀਆਂ 'ਤੇ ਮੁੜ ਤੋਂ ਜਨਸੰਖਿਆ ਵਿਚ ਤਬਦੀਲੀਆਂ ਦੇ ਸੰਦਰਭ ਵਿੱਚ ਵਿਚਾਰ ਕਰਨਾ ਪਵੇਗਾ।

***

## ਭਾਜਪਾ ਦੀ ਵਿਚਾਰਧਾਰਾ ਸਮਾਜਿਕ ਬਰਾਬਰੀ

ਔਰਤਾਂ ਨੂੰ ਆਜ਼ਾਦੀ ਦੇ ਇੰਨੇ ਸਾਲਾਂ ਬਾਅਦ ਵੀ ਦੇਸ਼ ਵਿੱਚ ਪੂਰੀ ਆਜ਼ਾਦੀ ਨਹੀਂ ਮਿਲੀ ਹੈ। ਔਰਤਾਂ ਨੂੰ ਦਾਜ ਦੇ ਨਾਮ 'ਤੇ ਸਾੜਿਆ ਜਾਂਦਾ ਹੈ, ਕੰਮਕਾਜੀ ਔਰਤਾਂ ਨੂੰ ਗ਼ਲਤ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਉਨ੍ਹਾਂ ਨੂੰ ਆਪਣੀ ਪਸੰਦ ਦੇ ਵਿਅਕਤੀ ਨਾਲ ਵਿਆਹ ਕਰਨ ਦੀ ਇਜਾਜ਼ਤ ਨਹੀਂ ਹੈ। ਆਪਣੀ ਪਸੰਦ ਦਾ ਵਿਆਹ ਕਰਨ ਵਾਲੀਆਂ ਲੜਕੀਆਂ ਨੂੰ ਅਖੌਤੀ ਅਣਖ ਦੇ ਨਾਮ 'ਤੇ ਮਾਰ ਦਿੱਤਾ ਜਾਂਦਾ ਹੈ।

ਔਰਤਾਂ ਦੇ ਘਰੋਂ ਬਾਹਰ ਜਾ ਕੇ ਨੌਕਰੀ ਜਾਂ ਕੋਈ ਹੋਰ ਕੰਮ ਕਰਨ 'ਤੇ ਇਤਰਾਜ਼ ਉਠਾਇਆ ਜਾਂਦਾ ਹੈ, ਨੌਕਰੀ ਕਰਨ ਵਾਲੀਆਂ ਔਰਤਾਂ ਨੂੰ ਕੰਮ ਤੋਂ ਘਰ ਆ ਕੇ ਪਤੀ ਤੇ ਘਰ-ਪਰਿਵਾਰ ਦੀ ਸੇਵਾ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਹੁਣ ਤਾਂ ਔਰਤਾਂ ਨੂੰ ਸਮਾਜ ਨੂੰ ਬਚਾਉਣ ਲਈ 3-4 ਬੱਚੇ ਪੈਦਾ ਕਰਨ ਲਈ ਵੀ ਕਿਹਾ ਜਾ ਰਿਹਾ ਹੈ, ਇਸ ਦਾ ਵਿਰੋਧ ਕਰਨ ਵਾਲਿਆਂ ਨੂੰ ਧਰਮ-ਵਿਰੋਧੀ ਦੱਸਿਆ ਜਾਂਦਾ ਹੈ। ਹਾਲ ਹੀ ਵਿਚ ਧਰਮ ਦੇ ਨਾਮ 'ਤੇ ਰਾਜਨੀਤੀ ਨੇ ਇਸ ਸੋਚ ਨੂੰ ਹੋਰ ਮਜ਼ਬੂਤ ਕੀਤਾ ਹੈ। ਇਸ ਰਾਜਨੀਤੀ ਦੇ ਪ੍ਰਭਾਵ ਹੇਠ ਕਈ ਔਰਤਾਂ ਵੀ ਇਸ ਸੋਚ ਨੂੰ ਜਾਇਜ਼ ਠਹਿਰਾਉਂਦੀਆਂ ਹਨ ਅਤੇ ਪ੍ਰਮੁੱਖ ਪੱਤਰਕਾਰ ਤੇ ਬੁੱਧੀਜੀਵੀ ਵੀ ਇਸ ਨੂੰ ਧਰਮ ਦੀ ਰੱਖਿਆ ਲਈ ਉਚਿਤ ਮੰਨਦੇ ਹਨ।

ਧਰਮ-ਅਧਾਰਿਤ ਰਾਜਨੀਤੀ ਨੇ ਦੇਸ਼ ਦਾ ਬਹੁਤ ਨੁਕਸਾਨ ਕੀਤਾ ਹੈ। ਪਰ ਇਕ ਚੰਗੀ ਗੱਲ ਹੋਈ ਹੈ ਕਿ ਕਈ ਅਜਿਹੇ ਲੋਕਾਂ ਦੇ ਚਿਹਰੇ ਬੇਨਕਾਬ ਹੋ ਗਏ ਹਨ, ਜੋ ਹੁਣ ਤੱਕ ਔਰਤ-ਪੱਖੀ ਤੇ ਦਲਿਤ-ਪੱਖੀ ਹੋਣ ਦਾ ਦਿਖਾਵਾ ਕਰਦੇ ਸਨ। ਜਦੋਂ ਰਾਹੁਲ ਗਾਂਧੀ ਰੂੜੀਵਾਦੀ ਸੋਚ 'ਤੇ ਹਮਲਾ ਕਰਦਿਆਂ ਔਰਤਾਂ ਦੀ ਆਜ਼ਾਦੀ ਤੇ ਦਲਿਤ ਮੁਕਤੀ ਦੀ ਗੱਲ ਕਰਦੇ ਹਨ, ਉਹ ਜਾਤੀ ਜਨਗਣਨਾ ਦੀ ਮੰਗ ਕਰਦਿਆਂ ਰਾਖਵੇਂਕਰਨ ਦਾ ਸਮਰਥਨ ਕਰਦੇ ਹਨ ਤਾਂ ਪ੍ਰਭਾਵਸ਼ਾਲੀ ਤੇ ਸੱਤਾਵਾਦੀ ਵਰਗਾਂ ਨੂੰ ਇਹ ਪਸੰਦ ਨਹੀਂ ਆਵੇਗਾ ਤੇ ਉਹ ਉਸ ਨੂੰ 'ਪੱਪੂ' ਦੱਸਣ ਦੀ ਕੋਸ਼ਿਸ਼ ਕਰਨਗੇ। ਪਰ ਤੇਜ਼ ਰਫ਼ਤਾਰ ਨਾਲ ਭੱਜ ਰਹੇ ਸਮੇਂ 'ਚ ਅਜਿਹੇ ਲੋਕਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਹੈ। ਜੋ ਲੋਕ ਬਦਲਦੀ ਤਕਨਾਲੋਜੀ ਦੇ ਹਿਸਾਬ ਨਾਲ ਨਹੀਂ ਬਦਲਦੇ ਉਨ੍ਹਾਂ ਦਾ ਸਫ਼ਾਇਆ ਹੋਣਾ ਤੈਅ ਹੈ, ਇਹ ਗੱਲ ਯਾਦ ਰੱਖਣੀ ਚਾਹੀਦੀ ਹੈ।

***

## ਬਾਬਾ ਬਕਾਲਾ ਤੋਂ ਭਾਜਪਾ ਦਾ

ਇਸ ਲਈ ਕਾਨਫ਼ਰੰਸ ਤੋਂ ਬਾਅਦ ਸਭ ਤੋਂ ਜ਼ਰੂਰੀ ਕੰਮ ਨਵੇਂ ਬਣੇ ਸੰਪਰਕਾਂ ਨੂੰ ਸੰਗਠਨ ਨਾਲ ਜੋੜਨਾ, ਕਿਸਾਨਾਂ ਤੱਕ ਲਗਾਤਾਰ ਪਹੁੰਚ ਬਣਾਉਣਾ, ਪੰਥਕ ਅਤੇ ਸਮਾਜਿਕ ਵਰਗਾਂ ਨਾਲ ਸੰਵਾਦ ਵਧਾਉਣਾ, ਨੌਜਵਾਨਾਂ ਅਤੇ ਰੋਜ਼ਗਾਰ ਦੇ ਮੁੱਦਿਆਂ ਨੂੰ ਜ਼ਮੀਨੀ ਮੁਹਿੰਮ ਦਾ ਹਿੱਸਾ ਬਣਾਉਣਾ ਅਤੇ ਪੰਜਾਬ ਲਈ ਠੋਸ ਵਿਕਾਸ ਵਿਜ਼ਨ ਨੂੰ ਲੋਕਾਂ ਤੱਕ ਲੈ ਕੇ ਜਾਣਾ ਹੋਵੇਗਾ। 2027 ਦੀਆਂ ਵਿਧਾਨ ਸਭਾ ਚੋਣਾਂ ਦੇ ਸੰਦਰਭ ਵਿੱਚ ਬਾਬਾ ਬਕਾਲਾ ਨੂੰ ਤੁਰੰਤ 'ਟਰਨਿੰਗ ਪੁਆਇੰਟ' ਕਰਾਰ ਦੇਣਾ ਸ਼ਾਇਦ ਜਲਦਬਾਜ਼ੀ ਹੋਵੇ, ਪਰ ਇਸ ਨੂੰ ਪੰਜਾਬ ਭਾਜਪਾ ਦੇ ਨਵੇਂ ਸਿਆਸੀ ਪੜਾਅ ਦੀ ਮਜ਼ਬੂਤ ਸ਼ੁਰੂਆਤ ਜ਼ਰੂਰ ਕਿਹਾ ਜਾ ਸਕਦਾ ਹੈ। ਇਹ ਕਾਨਫ਼ਰੰਸ ਪਾਰਟੀ ਲਈ ਇੱਕ ਸੰਭਾਵਨਾ ਲੈ ਕੇ ਆਈ ਹੈ—ਹੁਣ ਇਸ ਸੰਭਾਵਨਾ ਨੂੰ ਜਨਤਾ ਦੇ ਭਰੋਸੇ ਵਿੱਚ ਬਦਲਣਾ ਹੈ।

ਬਾਬਾ ਬਕਾਲਾ ਦੀ ਧਰਤੀ ਤੋਂ ਭਾਜਪਾ ਨੇ ਆਪਣੀ ਸੁਤੰਤਰ ਆਵਾਜ਼ ਪੰਜਾਬ ਤੱਕ ਪਹੁੰਚਾਈ ਹੈ। ਹੁਣ ਪੰਜਾਬ ਦੀ ਧਰਤੀ 'ਤੇ ਉਸ ਆਵਾਜ਼ ਦੀ ਗੂੰਜ ਕਿੰਨੀ ਦੂਰ ਤੱਕ ਜਾਂਦੀ ਹੈ, ਇਹ ਆਉਣ ਵਾਲਾ ਸਮਾਂ ਤੈਅ ਕਰੇਗਾ। ਜੇਕਰ ਵੱਡੇ ਇਕੱਠ ਤੋਂ ਪੈਦਾ ਹੋਏ ਉਤਸ਼ਾਹ ਨੂੰ ਕਿਸਾਨੀ ਨਾਲ ਭਰੋਸੇਮੰਦ ਰਿਸ਼ਤੇ, ਪੇਂਡੂ ਪੰਜਾਬ ਨਾਲ ਨਿਰੰਤਰ ਸੰਪਰਕ, ਪੰਥਕ ਵਰਗਾਂ ਨਾਲ ਸੰਵੇਦਨਸ਼ੀਲ ਸੰਵਾਦ, ਨੌਜਵਾਨਾਂ ਲਈ ਮੌਕਿਆਂ ਅਤੇ ਪੰਜਾਬ ਲਈ ਸਪਸ਼ਟ ਵਿਕਾਸ ਦ੍ਰਿਸ਼ਟੀ ਨਾਲ ਜੋੜਿਆ ਗਿਆ ਤਾਂ ਬਾਬਾ ਬਕਾਲਾ ਦੀ ਇਹ ਕਾਨਫ਼ਰੰਸ ਸਿਰਫ਼ ਇੱਕ ਦਿਨ ਦੀ ਸਿਆਸੀ ਘਟਨਾ ਨਹੀਂ ਰਹੇਗੀ, ਸਗੋਂ ਪੰਜਾਬ ਦੀ ਸਿਆਸਤ ਵਿੱਚ ਭਾਜਪਾ ਦੇ ਨਵੇਂ ਅਧਿਆਇ ਦੀ ਬੁਨਿਆਦ ਬਣ ਸਕਦੀ ਹੈ।

ਬਾਬਾ ਬਕਾਲਾ ਦਾ ਸਿਆਸੀ ਸੰਦੇਸ਼ ਸਪਸ਼ਟ ਹੈ—ਵੱਡਾ ਇਕੱਠ ਭਾਜਪਾ ਦੀ ਵਧਦੀ ਸਮਰੱਥਾ ਦਾ ਸੰਕੇਤ ਹੈ; ਪਰ ਅਸਲ ਜਿੱਤ ਉਸ ਦਿਨ ਮੰਨੀ ਜਾਵੇਗੀ ਜਦੋਂ ਇਹ ਭੀੜ ਸਥਾਈ ਜਨ-ਭਰੋਸੇ, ਮਜ਼ਬੂਤ ਸੰਗਠਨ ਅਤੇ ਪੰਜਾਬ ਦੇ ਹਰ ਵਰਗ ਨਾਲ ਡੂੰਘੇ ਰਿਸ਼ਤੇ ਵਿੱਚ ਬਦਲੇਗੀ। ਬੇਸ਼ਕ ਵੱਡਾ ਇਕੱਠ ਭਾਜਪਾ ਲਈ ਨਵੀਂ ਸੰਭਾਵਨਾ ਬਣਿਆ ਹੈ, ਪਰ ਉਸ ਸੰਭਾਵਨਾ ਨੂੰ ਸਥਾਈ ਜਨਤਕ ਅਤੇ ਸੰਗਠਨਾਤਮਿਕ ਤਾਕਤ ਵਿੱਚ ਬਦਲਣਾ ਹੁਣ ਸਭ ਤੋਂ ਵੱਡੀ ਕਸੌਟੀ ਹੈ।

## ਜਮਹੂਰੀਅਤ ਦੀ ਰਾਖੀ ਲਈ

ਹੁਣ ਤਾਂ ਉਹ ਗੱਲ ਹੈ ਕਿ ਮੇਲੇ 'ਚ ਚੱਕੀ ਰਾਹੇ ਦੇ ਕੌਣ ਸੁਣਦਾ। ਪਿੰਡ ਦੀ ਸੱਥ 'ਚ ਬੈਠੇ ਬਜ਼ੁਰਗ ਗੱਲਾਂ ਕਰਦੇ ਸੁਣੇ ਜਾ ਸਕਦੇ ਹਨ, 'ਬਲਿਓ, ਨੇਤਾਵਾਂ ਦੀ ਝੀਟਮ-ਝੀਟੀ ਹੋ ਰਹੀ ਹੈ। ਲੜਾਈ ਤਾਂ ਕੁਰਸੀ ਮੱਲਣ ਦੀ ਹੈ। ਲੋਕਾਂ ਦੇ ਮੁੱਦਿਆਂ ਦਾ ਕੋਈ ਫਿਕਰ ਨਹੀਂ। ਹੋਰ ਕੀ ਕਸਰ ਐ। ਇੱਕ ਦੂਜੇ 'ਤੇ ਦੂਸ਼ਣਬਾਜ਼ੀ ਦਾ ਦੌਰ ਹੈ। ਲੰਗੂਰਾਂ ਵਾਂਗ ਇਕ ਟਹਿਣੀ ਤੋਂ ਦੂਜੀ ਟਹਿਣੀ 'ਤੇ ਛਲਾਂਗਾਂ ਵੱਜ ਰਹੀਆਂ। ਏਦਾਂ ਦੀ ਦਲ ਬਦਲੀ ? ਪੈਸਾ ਹੀ ਸਭ ਕੁਝ ਹੋ ਗਿਆ। ਨੇਤਾ ਹੁੰਦੇ ਸੀ ਲੋਕਾਂ ਦੇ ਸੇਵਕ, ਖ਼ੈਰਖਾਹ। ਪੰਜਾਬ ਦਾ ਕੀ ਬਣੂ, ਸ਼ਕਤੇ ਦੀਆਂ ਸੱਤੇ ਵੀਹਾਂ ਸੌ।' ਸਾਡੀ ਸੰਸਕ੍ਰਿਤੀ ਦੀਆਂ ਸਥਾਪਤ ਕੀਤੀਆਂ ਪਰੰਪਰਾਵਾਂ ਮੰਗ ਕਰਦੀਆਂ ਹਨ ਕਿ ਮਨੁੱਖ ਲਈ ਸੁਖਾਵਾਂ ਸਮਾਜ ਸਿਰਜਣ ਲਈ ਸਮੇਂ ਦੇ ਹਾਕਮਾਂ ਨੂੰ ਜਨਤਾ ਦਾ ਹਿਤਕਾਰੀ ਬਣਨਾ ਚਾਹੀਦਾ ਹੈ। ਇਤਿਹਾਸ ਦੇ ਉਸਰਈਏ ਉਹੀ ਬਣਦੇ ਹਨ, ਜਿਨ੍ਹਾਂ ਨੇ ਆਪਾ ਵਾਰ ਕੇ ਲੋਕਾਈ ਲਈ ਪਰਉਪਕਾਰ ਕੀਤੇ ਹੋਣ। ਲੋਕ ਰਾਜ 'ਚ ਸ਼ਕਤੀ ਲੋਕਾਂ ਦੇ ਹੱਥ ਹੁੰਦੀ ਹੈ। ਵੋਟ ਦੇ ਅਧਿਕਾਰ ਨਾਲ ਸਰਕਾਰਾਂ ਬਣਦੀਆਂ ਹਨ ।ਜਦੋਂ ਦੂਸ਼ਣਬਾਜ਼ੀ ਦੀਆਂ ਹੱਦਾਂ ਟੱਪ ਜਾਣ ਤਾਂ ਅਰਾਜਕਤਾ ਫੈਲਣੀ ਸੁਭਾਵਕ ਹੈ। ਭ੍ਰਿਸ਼ਟ ਨੇਤਾ ਆਪਣੀਆਂ ਖ਼ਾਮੀਆਂ ਲੁਕਾਉਣ ਲਈ ਹਰ ਸਾਧਨ ਵਰਤਣ ਦੀ ਕੋਸ਼ਿਸ਼ ਕਰਦਾ ਹੈ। ਅਸੀਂ ਵੇਖ ਰਹੇ ਹਾਂ ਕਿ ਚੋਣ ਕਮਿਸ਼ਨ ਵੱਲੋਂ ਲਾਈਆਂ ਕਾਨੂੰਨੀ ਬੰਦਸ਼ਾਂ ਦੀ ਵੀ ਪ੍ਰਵਾਹ ਨਹੀਂ ਕੀਤੀ ਜਾਂਦੀ। ਅਜਿਹੇ ਬੇਖ਼ੌਫ ਮਾਹੌਲ 'ਚ ਅਮਨ-ਸ਼ਾਂਤੀ ਭੰਗ ਹੋ ਸਕਦੀ ਹੈ। ਆਪਣਾ ਗੁੱਸਾ ਤੇ ਕ੍ਰੋਧ ਕੱਢਣ ਲਈ ਭੱਦੀ ਤੋਂ ਭੱਦੀ ਭਾਸ਼ਾ ਵਰਤੀ ਜਾਂਦੀ ਹੈ। ਇੱਕ ਦੂਜੇ ਨੂੰ ਵੰਗਾਰਨ ਦੇ ਮਨਸੂਬੇ ਘੜੇ ਜਾਂਦੇ ਹਨ। ਅਜਿਹੇ ਪ੍ਰਦੂਸ਼ਿਤ ਮਾਹੌਲ 'ਚ ਨਵਾਂ ਖ਼ੂਨ ਕਿਸੇ ਪਾਸੇ ਨੂੰ ਮਾਰੂ ਰਾਹ ਅਪਣਾ ਸਕਦਾ ਹੈ, ਜਿਸ ਦੇ ਨਤੀਜੇ ਸਮਾਜ ਲਈ ਘਾਤਕ ਹੋ ਸਕਦੇ ਹਨ। ਨੇਤਾ, ਸਮਾਜ ਦਾ ਆਗੂ ਹੁੰਦਾ ਹੈ। ਲੋਕਾਂ ਦਾ ਪ੍ਰਤੀਨਿਧ ਹੁੰਦਾ ਹੈ। ਜਿੱਤ ਪ੍ਰਾਪਤ ਕਰਨ ਪਿੱਛੋਂ ਉਹ ਆਪਣੇ ਸਾਰੇ ਵੋਟਰਾਂ ਦਾ ਸਾਂਝਾ ਹੁੰਦਾ ਹੈ। ਆਪਣੇ ਖੇਤਰ ਦੀ ਭਲਾਈ ਕਰਨਾ ਉਸ ਦਾ ਕਰਤਵ ਹੁੰਦਾ ਹੈ। ਵਿਰੋਧੀ ਧਿਰ ਨੂੰ ਵੀ ਸਹੀ ਕਾਰਜਾਂ ਲਈ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਜੋ ਵਿਕਾਸ ਤੇ ਪ੍ਰਬੰਧਕੀ ਕੰਮਾਂ 'ਚ ਰੋਕ ਨਾ ਪਵੇ। ਵੇਖਣ 'ਚ ਇੰਜ ਨਹੀਂ ਹੁੰਦਾ। ਇਹ ਸਾਡੀ ਰਾਜ-ਪ੍ਰਣਾਲੀ ਦੀ ਵਿਡੰਬਨਾ ਹੈ। ਚੰਗੇ ਦਿਨ ਕਦੋਂ ਆਉਣਗੇ ? ਵਰਤਮਾਨ, ਨੇਤਾਵਾਂ ਨੂੰ ਪ੍ਰਸ਼ਨ ਕਰਦਾ ਹੈ। ਵੋਟਰ ਦੇ ਲਈ ਚਿੰਤਨ ਵੇਲਾ ਹੈ। 2027 ਚੋਣਾਂ 'ਚ ਪੰਜਾਬ ਕਿਸ ਕਰਵਟ 'ਚ ਅੰਗੜਾਈ ਲੈਂਦਾ, ਇਹ ਤਾਂ ਲੋਕ-ਵੋਟ ਹੀ ਫ਼ੈਸਲਾ ਕਰੇਗੀ। ਚੋਣ-ਜ਼ਾਬਤਾ ਲਾਗੂ ਹੋਣ ਤੋਂ ਲੈ ਕੇ ਚੋਣ-ਪ੍ਰਕਿਰਿਆ ਅਤੇ ਚੋਣ ਨਤੀਜਿਆਂ ਦੇ ਐਲਾਨ ਹੋਣ ਤੱਕ ਭਾਰਤੀ ਤੇ ਸੂਬਾਈ ਚੋਣ ਕਮਿਸ਼ਨ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਅਧਿਕਾਰੀਆਂ ਨੂੰ ਲੋਕਤੰਤਰ ਜਮਹੂਰੀਅਤ ਦੀ ਰਾਖੀ ਲਈ ਸੁਹਿਰਦ ਪਹਿਰੇਦਾਰੀ ਕਰਕੇ ਫ਼ਰਜ਼-ਅਦੂਲੀ ਨਿਭਾਉਣੀ ਚਾਹੀਦੀ ਹੈ।

**

## ਬੰਦੀ ਸਿੰਘਾਂ ਦੀ ਰਿਹਾਈ ਕਰੇ ਸਰਕਾਰ

ਅਜਿਹੇ ਉਪਰਾਲੇ ਚੇਤਨਾ ਪੈਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਨਾਲ ਸਬੰਧਿਤ ਮਾਮਲਿਆਂ 'ਤੇ ਸਰਕਾਰ ਦੀ ਨੀਤੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਬੰਦੀ ਸਿੰਘਾਂ ਦੀ ਕਿਸੇ ਨਾਲ ਤੁਲਨਾ ਨਹੀਂ ਕਰਦੀ, ਸਗੋਂ ਇਕਸਾਰ ਇਨਸਾਫ਼ ਦੀ ਮੰਗ ਕਰ ਰਹੀ ਹੈ। ਜੇਕਰ ਕਾਨੂੰਨ ਸਭ ਲਈ ਇਕ ਹੈ, ਤਾਂ ਉਸ ਦੀ ਵਰਤੋਂ ਵੀ ਇੱਕੋ ਜਿਹੀ ਹੋਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਇਸੇ ਦੇਸ਼ ਵਿੱਚ ਘਿਨੌਣੇ ਅਪਰਾਧਾਂ 'ਚ ਸਜ਼ਾ ਕੱਟ ਰਹੇ ਵਿਅਕਤੀ ਨੂੰ ਤਾਂ ਸਾਲ ਵਿੱਚ ਕਈ ਵਾਰ ਪੈਰੋਲ ਦਿੱਤੀ ਜਾਂਦੀ ਹੈ, ਪਰ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਹਮੇਸ਼ਾ ਵਿਤਕਰਾ ਹੀ ਹੋਇਆ ਹੈ। ਜਗਤਾਰ ਸਿੰਘ ਹਵਾਰਾ ਨੂੰ ਉਨ੍ਹਾਂ ਦੀ ਬਿਮਾਰ ਮਾਤਾ ਨਾਲ ਮਿਲਣ ਲਈ ਕੁਝ ਦਿਨ ਵੀ ਨਹੀਂ ਦਿੱਤੇ ਜਾ ਰਹੇ। ਇਸੇ ਤਰ੍ਹਾਂ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਵਿੱਚ ਵੀ ਸਰਕਾਰ ਦੀ ਪਹੁੰਚ ਹਮੇਸ਼ਾ ਵਿਤਕਰੇ ਵਾਲੀ ਹੀ ਰਹੀ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸੁਰਜੀਤ ਸਿੰਘ ਗੜ੍ਹੀ, ਜਰਨੈਲ ਸਿੰਘ ਕਰਤਾਰਪੁਰ, ਜਗਮੀਤ ਸਿੰਘ ਹਰਿਆਊ, ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ, ਪੀ ਏ ਸੀ ਮੈਂਬਰ ਗੁਰਧਿਆਨ ਸਿੰਘ ਭਾਨਰੀ, ਰਣਧੀਰ ਸਿੰਘ ਰੱਖੜਾ, ਕੁਲਦੀਪ ਸਿੰਘ ਹਰਪਾਲਪੁਰ, ਵਧੀਕ ਸਕੱਤਰ ਭਗਵੰਤ ਸਿੰਘ ਧੰਗੇੜਾ, ਮੈਨੇਜਰ ਸੁਰਜੀਤ ਸਿੰਘ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਸਮੇਤ ਵੱਡੀ ਗਿਣਤੀ ਸੰਗਤ ਮੌਜੂਦ ਸੀ।

***

## ਨੇਵਾਡਾ ਵਿੱਚ ਲੱਗੀ ਭਿਆਨਕ

ਰੇਨੋ ਦੀ ਮੇਅਰ ਹਿਲੇਰੀ ਸ਼ੀਵ ਨੇ ਐਕਸ 'ਤੇ ਪੋਸਟ ਕੀਤੇ ਗਏ ਇੱਕ ਸੰਦੇਸ਼ ਵਿੱਚ ਕਿਹਾ ਕਿ ਇਸ ਅੱਗ ਵਿੱਚ ਇਮਾਰਤਾਂ ਪਹਿਲਾਂ ਹੀ ਸੜ ਚੁੱਕੀਆਂ ਹਨ ਪਰੰਤੂ ਤੁਹਾਡੀ ਜ਼ਿੰਦਗੀ ਇੱਕ ਇਮਾਰਤ ਨਾਲੋਂ ਵੱਧ ਮਹੱਤਵਪੂਰਨ ਹੈ। ਨੇਵਾਡਾ ਦੇ ਗਵਰਨਰ ਜੋਅ ਲੋਂਬਾਰਡੋ ਨੇ ਵਾਸ਼ੋ ਕਾਉਂਟੀ ਵਿੱਚ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕਰ ਦਿੱਤਾ ਹੈ। ਕੈਲੀਫ਼ੋਰਨੀਆ ਦੇ ਗਵਰਨਰ ਗੈਵਿਨ ਨਿਊਜ਼ਮ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਸਥਿਤੀ 'ਤੇ ਨਜ਼ਰ ਰੱਖ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਤਾਹੋ ਖੇਤਰ ਅਤੇ ਨੇਵਾਡਾ ਵਿੱਚ ਸਥਿੱਤੀ 'ਤੇ ਨੇੜਿਓਂ ਨਜ਼ਰ ਰੱਖ ਰਹੇ

ਹਾਂ, ਰਾਜ ਅਤੇ ਸਥਾਨਕ ਭਾਈਵਾਲਾਂ ਨੂੰ ਤਾਇਨਾਤ ਕੀਤਾ ਗਿਆ ਹੈ ਅਤੇ ਜ਼ਮੀਨ ਅਤੇ ਹਵਾ ਵਿੱਚ ਤਾਲਮੇਲ ਕੀਤਾ ਜਾ ਰਿਹਾ ਹੈ। ਅਧਿਕਾਰੀਆਂ ਅਨੁਸਾਰ ਲਗਭਗ 800 ਫ਼ਾਇਰਫ਼ਾਈਟਰ ਅੱਗ 'ਤੇ ਕਾਬੂ ਪਾਉਣ ਵਿੱਚ ਲੱਗੇ ਹੋਏ ਹਨ, ਪਰ ਤੇਜ਼ ਹਵਾਵਾਂ ਕਾਰਨ ਅੱਗ ਉਪਰ ਕਾਬੂ ਪਾਉਣ 'ਚ ਮੁਸ਼ਕਿਲਾਂ ਆ ਰਹੀਆਂ ਹਨ।



RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

# ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home